








BRITISH COLUMBIA : Vancouver, Victoria, Surrey, Nanaimo    By: Mangat Media Group

Vol-1    Issue - 11    21 August to 27 August, 2026    Email: bcpunjabinews@gmail.com    Website: www.bcpunjabinews.ca    Phone: +1 604 750 4259

# ਕੈਨੇਡਾ ’ਚ ਮਹਿੰਗਾਈ ਨੇ ਫੜੀ ਰਫ਼ਤਾਰ, ਜੁਲਾਈ ’ਚ ਦਰ ਵਧ ਕੇ 3 ਫੀਸਦੀ

## ਗੈਸ ਦੀਆਂ ਕੀਮਤਾਂ ’ਚ ਵੱਡੇ ਵਾਧੇ ਨੇ ਵਧਾਈ ਮਹਿੰਗਾਈ; ਹਵਾਈ ਯਾਤਰਾ ਤੇ ਟ੍ਰੈਵਲ ਟੂਰ ਵੀ ਹੋਏ ਮਹਿੰਗੇ



**ਸਰੀ:** ਕੈਨੇਡਾ ਦੇ ਅੰਕੜਾ ਵਿਭਾਗ ਸਟੈਟਿਸਟਿਕਸ ਕੈਨੇਡਾ ਅਨੁਸਾਰ ਗੈਸ ਦੀਆਂ ਕੀਮਤਾਂ ਵਿੱਚ ਵਾਧੇ ਕਾਰਨ ਜੁਲਾਈ ਮਹੀਨੇ ਵਿੱਚ ਦੇਸ਼ ਦੀ ਖਪਤਕਾਰ ਮਹਿੰਗਾਈ ਦਰ ਵਧ ਗਈ ਹੈ। ਜੂਨ ਦੇ ਮੁਕਾਬਲੇ ਜੁਲਾਈ ਵਿੱਚ ਮਹਿੰਗਾਈ ਵਿੱਚ ਇਹ ਵਾਧਾ ਕੁਝ ਮਾਹਿਰਾਂ ਦੀਆਂ ਉਮੀਦਾਂ ਤੋਂ ਵੀ ਜ਼ਿਆਦਾ ਰਿਹਾ।
ਅੰਕੜਿਆਂ ਮੁਤਾਬਕ ਪਿਛਲੇ ਸਾਲ ਦੇ ਮੁਕਾਬਲੇ ਜੁਲਾਈ ਵਿੱਚ ਔਸਤ ਮਹਿੰਗਾਈ ਦਰ ਵਧ ਕੇ 3 ਫੀਸਦੀ ਹੋ ਗਈ, ਜਦਕਿ ਜੂਨ ਵਿੱਚ ਇਹ 2.8 ਫੀਸਦੀ ਸੀ। ਜ਼ਿਆਦਾਤਰ ਅਰਥਸ਼ਾਸਤਰੀਆਂ ਨੇ ਜੁਲਾਈ ਵਿੱਚ ਮਹਿੰਗਾਈ ਦਰ 2.9 ਫੀਸਦੀ ਰਹਿਣ ਦਾ ਅਨੁਮਾਨ ਲਗਾਇਆ ਸੀ।
ਸੀਆਈਬੀਸੀ ਦੇ ਸੀਨੀਅਰ ਅਰਥਸ਼ਾਸਤਰੀ ਐਂਡਰਿਊ ਗ੍ਰਾਂਥਮ ਨੇ ਕਿਹਾ ਕਿ ਕੈਨੇਡਾ ਦੀ ਮਹਿੰਗਾਈ ਵਿੱਚ ਇਹ ਮਾਮੂਲੀ ਵਾਧਾ ਮੁੱਖ ਤੌਰ ’ਤੇ ਪੈਟਰੋਲ ਅਤੇ ਹਵਾਈ ਕਿਰਾਏ ਮਹਿੰਗੇ ਹੋਣ ਕਾਰਨ ਹੋਇਆ ਹੈ। ਉਨ੍ਹਾਂ ਮੁਤਾਬਕ ਇਸ ਨੂੰ ਬੈਂਕ ਆਫ ਕੈਨੇਡਾ ਲਈ ਫਿਲਹਾਲ ਕੋਈ ਵੱਡੀ ਚਿੰਤਾ ਨਹੀਂ ਮੰਨਿਆ ਜਾਣਾ ਚਾਹੀਦਾ, ਕਿਉਂਕਿ ਮੁੱਖ ਮਹਿੰਗਾਈ ਦਰ ਅਜੇ ਵੀ ਲਗਭਗ 2 ਫੀਸਦੀ ਦੇ ਆਸ-ਪਾਸ ਹੈ।
ਈਰਾਨ ਯੁੱਧ ਕਾਰਨ ਵਿਸ਼ਵ ਪੱਧਰ ’ਤੇ ਤੇਲ ਦੀਆਂ ਕੀਮਤਾਂ ਵਿੱਚ ਭਾਰੀ ਉਤਰਾਅ-ਚੜ੍ਹਾਅ ਦੇਖਣ ਨੂੰ ਮਿਲ ਰਿਹਾ ਹੈ, ਜਿਸ ਦਾ ਸਿੱਧਾ ਅਸਰ ਕੈਨੇਡਾ ਵਿੱਚ ਗੈਸ ਦੀਆਂ ਕੀਮਤਾਂ ’ਤੇ ਪੈ ਰਿਹਾ ਹੈ। ਜੂਨ ਵਿੱਚ ਅਮਰੀਕਾ ਅਤੇ ਈਰਾਨ ਵਿਚਾਲੇ ਹੋਏ ਆਰਜ਼ੀ ਜੰਗਬੰਦੀ ਸਮਝੌਤੇ ਤੋਂ ਬਾਅਦ ਤੇਲ ਦੀਆਂ ਕੀਮਤਾਂ ਵਿੱਚ ਕੁਝ ਕਮੀ ਆਈ ਸੀ, ਪਰ ਲੜਾਈ ਮੁੜ ਸ਼ੁਰੂ ਹੋਣ ਨਾਲ ਜੁਲਾਈ ਵਿੱਚ ਕੀਮਤਾਂ ਫਿਰ ਵਧ ਗਈਆਂ।
ਅੰਕੜਿਆਂ ਅਨੁਸਾਰ ਪਿਛਲੇ ਸਾਲ ਦੇ ਮੁਕਾਬਲੇ ਜੁਲਾਈ ਵਿੱਚ ਗੈਸ ਦੀਆਂ ਕੀਮਤਾਂ ਵਿੱਚ 25.7 ਫੀਸਦੀ ਦਾ ਵੱਡਾ ਵਾਧਾ ਦਰਜ ਕੀਤਾ ਗਿਆ, ਜਦਕਿ ਜੂਨ ਵਿੱਚ ਇਹ ਵਾਧਾ 20.5 ਫੀਸਦੀ ਸੀ। ਹਵਾਬਾਜ਼ੀ ਬਾਲਣ ਮਹਿੰਗਾ ਹੋਣ ਕਾਰਨ ਹਵਾਈ ਆਵਾਜਾਈ ਦੀਆਂ ਕੀਮਤਾਂ ਵਿੱਚ ਵੀ 12 ਫੀਸਦੀ ਦਾ ਵਾਧਾ ਹੋਇਆ ਹੈ। ਇਸ ਦੇ ਨਾਲ ਹੀ ਫੀਫਾ ਵਿਸ਼ਵ ਕੱਪ ਦੌਰਾਨ ਹੋਟਲਾਂ ਅਤੇ ਉਡਾਣਾਂ ਦੀਆਂ ਕੀਮਤਾਂ ਵਿੱਚ ਵੀ ਕਾਫ਼ੀ ਵਾਧਾ ਦੇਖਿਆ ਗਿਆ। ਟ੍ਰੈਵਲ ਟੂਰ ਦੀਆਂ ਕੀਮਤਾਂ ਵਿੱਚ ਵੀ 15.2 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ। ਦੂਜੇ ਪਾਸੇ, ਕਰਿਆਨੇ ਦੀਆਂ ਦੁਕਾਨਾਂ ’ਤੇ ਵਿਕਣ ਵਾਲੀਆਂ ਖੁਰਾਕੀ ਵਸਤਾਂ ਦੀ ਮਹਿੰਗਾਈ ਵਿੱਚ ਕੁਝ ਰਾਹਤ ਮਿਲੀ ਹੈ। ਜੁਲਾਈ ਵਿੱਚ ਸਟੋਰਾਂ ਤੋਂ ਖਰੀਦੇ ਜਾਣ ਵਾਲੇ ਭੋਜਨ ਦੀਆਂ ਕੀਮਤਾਂ ਵਿੱਚ ਸਾਲਾਨਾ ਵਾਧਾ ਘੱਟ ਕੇ 3.1 ਫੀਸਦੀ ਰਹਿ ਗਿਆ, ਜਦਕਿ ਜੂਨ ਵਿੱਚ ਇਹ ਦਰ 3.9 ਫੀਸਦੀ ਸੀ। ਖਾਸ ਤੌਰ ’ਤੇ ਤਾਜ਼ੀਆਂ ਸਬਜ਼ੀਆਂ ਦੀ ਮਹਿੰਗਾਈ ਦਰ ਘਟ ਕੇ 3.9 ਫੀਸਦੀ ਰਹਿ ਗਈ ਹੈ।
ਤਾਜ਼ੇ ਜਾਂ ਜੰਮੇ ਹੋਏ ਚਿਕਨ ਦੀਆਂ ਕੀਮਤਾਂ ਵਿੱਚ ਸਿਰਫ਼ 0.3 ਫੀਸਦੀ ਵਾਧਾ ਹੋਇਆ। ਇਸੇ ਦੌਰਾਨ ਅਨਾਜ ਨਾਲ ਸਬੰਧਤ ਉਤਪਾਦਾਂ ਦੀਆਂ ਕੀਮਤਾਂ ਵਿੱਚ 1.7 ਫੀਸਦੀ ਦੀ ਕਮੀ ਦਰਜ ਕੀਤੀ ਗਈ। ਹਾਲਾਂਕਿ ਤਾਜ਼ੇ ਫਲਾਂ ਦੀ ਮਹਿੰਗਾਈ ਦਰ ਜੁਲਾਈ ਵਿੱਚ ਵਧ ਕੇ 6.1 ਫੀਸਦੀ ਹੋ ਗਈ। ਇਸ ਵਾਧੇ ਵਿੱਚ ਖਾਸ ਤੌਰ ’ਤੇ ਬੈਰੀਆਂ ਅਤੇ ਖਰਬੂਜ਼ਿਆਂ ਦੀਆਂ ਕੀਮਤਾਂ ਦਾ ਵੱਡਾ ਯੋਗਦਾਨ ਰਿਹਾ।
ਬੈਂਕ ਆਫ ਕੈਨੇਡਾ ਦੀ ਅਗਲੀ ਮੀਟਿੰਗ 2 ਸਤੰਬਰ ਨੂੰ ਹੋਣੀ ਹੈ। ਇਸ ਮੀਟਿੰਗ ਵਿੱਚ ਦੇਸ਼ ਦੀਆਂ ਵਿਆਜ ਦਰਾਂ ਸਬੰਧੀ ਅਗਲਾ ਫੈਸਲਾ ਲਿਆ ਜਾਵੇਗਾ। ਜੁਲਾਈ ਦੀ ਮਹਿੰਗਾਈ ਦਰ ਵਿੱਚ ਵਾਧੇ ਤੋਂ ਬਾਅਦ ਹੁਣ ਬੈਂਕ ਦੇ ਅਗਲੇ ਫੈਸਲੇ ’ਤੇ ਅਰਥਸ਼ਾਸਤਰੀਆਂ ਅਤੇ ਕੈਨੇਡੀਅਨ ਲੋਕਾਂ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ।

## ਪੰਜਾਬ BJP ਆਗੂ RP ਸਿੰਘ ਦੀ ਸੁਖਬੀਰ ਬਾਦਲ ਨਾਲ ਮੁਲਾਕਾਤ, ਗਠਜੋੜ ਦੇ ਸੰਕੇਤ



**ਨਵੀਂ ਦਿੱਲੀ:** ਪੰਜਾਬ ਭਾਜਪਾ ਕੋਰ ਕਮੇਟੀ ਦੇ ਮੈਂਬਰ ਆਰ.ਪੀ. ਸਿੰਘ ਨੇ ਅੱਜ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਮੁਲਾਕਾਤ ਕੀਤੀ। ਇਹ ਮੁਲਾਕਾਤ ਸੁਖਬੀਰ ਬਾਦਲ ਦੀ ਸਿਹਤ ਦਾ ਹਾਲ ਜਾਣਨ ਲਈ ਕੀਤੀ ਗਈ।
ਮੁਲਾਕਾਤ ਦੌਰਾਨ ਪੰਜਾਬ ਦੀ ਕਾਨੂੰਨ-ਵਿਵਸਥਾ, ਵਿਕਾਸ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਵੀ ਚਰਚਾ ਹੋਈ। ਆਰ.ਪੀ. ਸਿੰਘ ਨੇ ਕਿਹਾ ਕਿ ਪੰਜਾਬ ਦੀ ਮੌਜੂਦਾ ਸਥਿਤੀ ਨਾਜ਼ੁਕ ਹੈ ਅਤੇ ਸੂਬੇ ਨੂੰ ਬਚਾਉਣ ਲਈ ਇਕਜੁੱਟ ਹੋਣ ਦੀ ਲੋੜ ਹੈ।
ਭਾਜਪਾ-ਅਕਾਲੀ ਦਲ ਦੇ ਸੰਭਾਵਿਤ ਗਠਜੋੜ ਬਾਰੇ ਉਨ੍ਹਾਂ ਸਕਾਰਾਤਮਕ ਸੰਕੇਤ ਦਿੰਦਿਆਂ ਕਿਹਾ ਕਿ ਅਕਾਲੀ ਦਲ ਨੂੰ ਲਚਕਦਾਰ ਰੁਖ਼ ਅਪਣਾਉਣਾ ਪਵੇਗਾ ਅਤੇ ਉਚਿਤ ਸਮਝੌਤੇ ਨਾਲ ਹੀ ਗਠਜੋੜ ਸੰਭਵ ਹੋਵੇਗਾ।
ਜ਼ਿਕਰਯੋਗ ਹੈ ਕਿ ਦੋਵੇਂ ਪਾਰਟੀਆਂ ਸਤੰਬਰ 2020 ਵਿੱਚ ਵੱਖ ਹੋ ਗਈਆਂ ਸਨ। 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਮੁੜ ਗਠਜੋੜ ਦੀ ਚਰਚਾ ਹੋਈ ਸੀ, ਪਰ ਸੀਟਾਂ ਦੀ ਵੰਡ ’ਤੇ ਸਹਿਮਤੀ ਨਾ ਬਣਨ ਕਾਰਨ ਗੱਲ ਅੱਗੇ ਨਹੀਂ ਵਧੀ ਸੀ।

# ਏਆਈ ਦੇ ਵਧਦੇ ਪ੍ਰਭਾਵ ਤੋਂ ਬੀ.ਸੀ. ਵਾਸੀ ਚਿੰਤਤ, ਰੁਜ਼ਗਾਰ ਅਤੇ ਡਿਗਰੀਆਂ ਦੇ ਭਵਿੱਖ ’ਤੇ ਸਵਾਲ

## 80% ਲੋਕਾਂ ਨੂੰ ਡਰ, ਏਆਈ ਕਾਰਨ ਯੂਨੀਵਰਸਿਟੀ ਡਿਗਰੀਆਂ ਦੀ ਅਹਿਮੀਅਤ ਘਟ ਸਕਦੀ ਹੈ; ਟਰੇਡ ਅਤੇ ਅਪ੍ਰੈਂਟਿਸਸ਼ਿਪ ਬਣ ਰਹੇ ਕਾਮਯਾਬੀ ਦੇ ਨਵੇਂ ਰਸਤੇ



**ਸਰੀ:** ਆਰਟੀਫਿਸ਼ੀਅਲ ਇੰਟੈਲੀਜੈਂਸ (ਏਆਈ) ਦਾ ਪ੍ਰਭਾਵ ਦੁਨੀਆ ਭਰ ਵਿੱਚ ਲਗਾਤਾਰ ਵਧ ਰਿਹਾ ਹੈ ਅਤੇ ਇਸ ਦੇ ਨਾਲ ਹੀ ਸਿੱਖਿਆ, ਰੁਜ਼ਗਾਰ ਅਤੇ ਕਰੀਅਰ ਦੇ ਭਵਿੱਖ ਨੂੰ ਲੈ ਕੇ ਲੋਕਾਂ ਦੀਆਂ ਚਿੰਤਾਵਾਂ ਵੀ ਵਧ ਰਹੀਆਂ ਹਨ। ਬ੍ਰਿਟਿਸ਼ ਕੋਲੰਬੀਆ ਦੇ ਵੱਡੀ ਗਿਣਤੀ ਵਸਨੀਕਾਂ ਦਾ ਮੰਨਣਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਏਆਈ ਕਾਰਨ ਨੌਕਰੀਆਂ ਦੇ ਰੂਪ ਅਤੇ ਸਿੱਖਿਆ ਦੀ ਮਹੱਤਤਾ ਵਿੱਚ ਵੱਡਾ ਬਦਲਾਅ ਆ ਸਕਦਾ ਹੈ।
ਕੈਨੇਡਾ ਦੀ ਸਿੱਖਿਆ ਬੱਚਤ ਅਤੇ ਯੋਜਨਾ ਬਣਾਉਣ ਵਾਲੀ ਕੰਪਨੀ ਐਮਬਾਰਕ ਵੱਲੋਂ ਜਾਰੀ ਕੀਤੇ ਨਵੇਂ ਅੰਕੜਿਆਂ ਮੁਤਾਬਕ ਬੀ.ਸੀ. ਦੇ 80 ਫੀਸਦੀ ਲੋਕਾਂ ਦਾ ਮੰਨਣਾ ਹੈ ਕਿ ਏਆਈ ਦੇ ਵਧਦੇ ਪ੍ਰਭਾਵ ਕਾਰਨ ਆਉਣ ਵਾਲੇ ਸਮੇਂ ਵਿੱਚ ਯੂਨੀਵਰਸਿਟੀ ਡਿਗਰੀਆਂ ਦੀ ਅਹਿਮੀਅਤ ਘਟ ਸਕਦੀ ਹੈ। ਹਾਲਾਂਕਿ ਇਹ ਅੰਕੜਾ ਰਾਸ਼ਟਰੀ ਪੱਧਰ ’ਤੇ ਦਰਜ ਕੀਤੇ ਗਏ 84 ਫੀਸਦੀ ਨਾਲੋਂ ਕੁਝ ਘੱਟ ਹੈ।
ਸਰਵੇਖਣ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਬੀ.ਸੀ. ਦੇ 10 ਵਿੱਚੋਂ 6 ਤੋਂ ਵੱਧ ਲੋਕ ਹੁਣ ਯੂਨੀਵਰਸਿਟੀ ਡਿਗਰੀ ਦੀ ਬਜਾਏ ਟਰੇਡ ਅਤੇ ਅਪ੍ਰੈਂਟਿਸਸ਼ਿਪ ਨੂੰ ਕਾਮਯਾਬੀ ਹਾਸਲ ਕਰਨ ਲਈ ਵਧੇਰੇ ਮਜ਼ਬੂਤ ਰਸਤਾ ਮੰਨ ਰਹੇ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਤਕਨਾਲੋਜੀ ਵਿੱਚ ਤੇਜ਼ੀ ਨਾਲ ਆ ਰਹੇ ਬਦਲਾਅ ਦੇ ਦੌਰ ਵਿੱਚ ਲੋਕ ਰਵਾਇਤੀ ਸਿੱਖਿਆ ਦੇ ਨਾਲ-ਨਾਲ ਵਿਹਾਰਕ ਅਤੇ ਤਕਨੀਕੀ ਹੁਨਰਾਂ ਨੂੰ ਵੀ ਵਧੇਰੇ ਮਹੱਤਵ ਦੇਣ ਲੱਗੇ ਹਨ।
ਭਾਵੇਂ ਬੀ.ਸੀ. ਦੇ ਲੋਕ ਏਆਈ ਦੇ ਲੰਬੇ ਸਮੇਂ ਦੇ ਪ੍ਰਭਾਵਾਂ ਨੂੰ ਲੈ ਕੇ ਚਿੰਤਤ ਹਨ, ਪਰ ਬੀ.ਸੀ. ਅਤੇ ਕਿਊਬੈਕ ਦੇ ਵਸਨੀਕ ਆਪਣੇ ਕਰੀਅਰ ਸਬੰਧੀ ਫੈਸਲੇ ਲੈਣ ਲਈ ਦੇਸ਼ ਦੇ ਹੋਰ ਸੂਬਿਆਂ ਦੇ ਲੋਕਾਂ ਦੇ ਮੁਕਾਬਲੇ ਏਆਈ ’ਤੇ ਵੱਧ ਭਰੋਸਾ ਕਰਦੇ ਹਨ। ਸਰਵੇਖਣ ਵਿੱਚ ਸ਼ਾਮਲ ਅੱਧੇ ਤੋਂ ਵੱਧ ਲੋਕਾਂ ਦਾ ਇਹ ਵੀ ਮੰਨਣਾ ਹੈ ਕਿ ਏਆਈ ਕਾਰਨ ਉੱਚ ਸਿੱਖਿਆ ਹਾਸਲ ਕਰਨ ਲਈ ਉਨ੍ਹਾਂ ਨੂੰ ਪਹਿਲਾਂ ਨਾਲੋਂ ਵੱਧ ਪੈਸੇ ਬਚਾਉਣ ਦੀ ਲੋੜ ਪਵੇਗੀ।
ਐਮਬਾਰਕ ਨੇ ਲੋਕਾਂ ਤੋਂ ਇਹ ਵੀ ਪੁੱਛਿਆ ਕਿ ਸਾਲ 2050 ਵਿੱਚ ਕਿਹੜੇ ਕਰੀਅਰ ਸਭ ਤੋਂ ਵੱਧ ਮੌਕੇ ਪ੍ਰਦਾਨ ਕਰ ਸਕਦੇ ਹਨ। ਕੰਪਨੀ ਮੁਤਾਬਕ ਏਆਈ ਨੂੰ ਵੱਡੇ ਪੱਧਰ ’ਤੇ ਅਪਣਾਉਣ ਕਾਰਨ ਅਗਲੇ 25 ਸਾਲਾਂ ਦੌਰਾਨ ਨੌਕਰੀਆਂ ਦੇ ਖੇਤਰ ਵਿੱਚ ਵੱਡੇ ਬਦਲਾਅ ਆਉਣ ਦੀ ਸੰਭਾਵਨਾ ਹੈ। ਇਸ ਦੇ ਨਾਲ ਹੀ ਬਜ਼ੁਰਗ ਹੋ ਰਹੀ ਆਬਾਦੀ, ਸਾਫ਼ ਊਰਜਾ ਵੱਲ ਵਧਦੀ ਤਬਦੀਲੀ ਅਤੇ ਹੁਨਰਮੰਦ ਕਾਮਿਆਂ ਦੀ ਘਾਟ ਵਰਗੇ ਕਾਰਕ ਵੀ ਭਵਿੱਖ ਦੇ ਰੁਜ਼ਗਾਰ ਬਾਜ਼ਾਰ ਨੂੰ ਪ੍ਰਭਾਵਿਤ ਕਰਨਗੇ।
ਖਾਸ ਤੌਰ ’ਤੇ ‘ਗ੍ਰੀਨ ਕਾਲਰ’ ਨੌਕਰੀਆਂ ਵਿੱਚ ਵਾਧਾ ਹੋਣ ਦੀ ਉਮੀਦ ਹੈ। ਇਹ ਨੌਕਰੀਆਂ ਵਾਤਾਵਰਣ ਦੀ ਸੁਰੱਖਿਆ, ਊਰਜਾ ਦੀ ਬੱਚਤ ਅਤੇ ਵਾਤਾਵਰਣ ਨੂੰ ਬਿਹਤਰ ਬਣਾਉਣ ਵਾਲੇ ਕੰਮਾਂ ਨਾਲ ਸਬੰਧਤ ਹੁੰਦੀਆਂ ਹਨ। ਐਮਬਾਰਕ ਮੁਤਾਬਕ ਸਾਫ਼ ਊਰਜਾ ਅਤੇ ਵਾਤਾਵਰਣ ਨਾਲ ਜੁੜੇ ਖੇਤਰ ਭਵਿੱਖ ਵਿੱਚ ਰੁਜ਼ਗਾਰ ਦੇ ਮਹੱਤਵਪੂਰਨ ਕੇਂਦਰ ਬਣ ਸਕਦੇ ਹਨ।
ਐਮਬਾਰਕ ਦੇ ਅਨੁਮਾਨ ਅਨੁਸਾਰ ਕੈਨੇਡਾ ਦਾ ਏਆਈ ਬਾਜ਼ਾਰ ਸਾਲ 2033 ਤੱਕ 362.9 ਬਿਲੀਅਨ ਅਮਰੀਕੀ ਡਾਲਰ ਤੱਕ ਪਹੁੰਚ ਸਕਦਾ ਹੈ। ਏਆਈ ਨਾਲ ਸਬੰਧਤ ਨੌਕਰੀਆਂ ਦੇ ਮੌਕਿਆਂ ਵਿੱਚ ਵੀ ਪਿਛਲੇ ਕੁਝ ਸਾਲਾਂ ਦੌਰਾਨ ਤੇਜ਼ੀ ਨਾਲ ਵਾਧਾ ਹੋਇਆ ਹੈ। ਅੰਕੜਿਆਂ ਅਨੁਸਾਰ 2012 ਵਿੱਚ ਏਆਈ ਨਾਲ ਸਬੰਧਤ ਨੌਕਰੀਆਂ ਦੀਆਂ ਅਸਾਮੀਆਂ ਦੀ ਗਿਣਤੀ ਲਗਭਗ 4,000 ਸੀ, ਜੋ 2024 ਵਿੱਚ ਵਧ ਕੇ 57,000 ਤੱਕ ਪਹੁੰਚ ਗਈ।
2050 ਤੱਕ ਐਨਰਜੀ ਰੀਟਰੋਫਿਟ, ਬਾਇਓਟੈਕਨਾਲੋਜੀ ਅਤੇ ਤਕਨਾਲੋਜੀ ਲਈ ਆਡਿਟਿੰਗ ਵਰਗੇ ਖੇਤਰਾਂ ਵਿੱਚ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣ ਦੀ ਸੰਭਾਵਨਾ ਜਤਾਈ ਗਈ ਹੈ। ਇਸ ਦੇ ਨਾਲ ਹੀ ਕਈ ਅਜਿਹੇ ਪੇਸ਼ੇ ਵੀ ਉਭਰ ਸਕਦੇ ਹਨ, ਜਿਨ੍ਹਾਂ ਵਿੱਚ ਏਆਈ ਅਤੇ ਮਨੁੱਖੀ ਹੁਨਰਾਂ ਦਾ ਮਿਲਾਪ ਹੋਵੇਗਾ।
ਹਾਲਾਂਕਿ ਏਆਈ ਨੂੰ ਲੈ ਕੇ ਆਸ਼ਾਵਾਦੀ ਵਿਚਾਰ ਰੱਖਣ ਵਾਲੇ ਲੋਕ ਵੀ ਹਨ, ਪਰ ਸਰਵੇਖਣ ਵਿੱਚ ਸ਼ਾਮਲ 61 ਫੀਸਦੀ ਲੋਕ ਇਸ ਗੱਲ ਨਾਲ ਸਹਿਮਤ ਨਹੀਂ ਹਨ ਕਿ ਏਆਈ ਜਿੰਨੀਆਂ ਨੌਕਰੀਆਂ ਖਤਮ ਕਰੇਗੀ, ਉੱਨੀਆਂ ਹੀ ਨਵੀਆਂ ਨੌਕਰੀਆਂ ਵੀ ਪੈਦਾ ਕਰ ਦੇਵੇਗੀ। ਇਸ ਦਾ ਮਤਲਬ ਹੈ ਕਿ ਵੱਡੀ ਗਿਣਤੀ ਵਿੱਚ ਲੋਕ ਅਜੇ ਵੀ ਇਸ ਗੱਲ ਨੂੰ ਲੈ ਕੇ ਯਕੀਨੀ ਨਹੀਂ ਹਨ ਕਿ ਏਆਈ ਕਾਰਨ ਨੌਕਰੀਆਂ ਦੇ ਨੁਕਸਾਨ ਦੀ ਭਰਪਾਈ ਨਵੇਂ ਰੁਜ਼ਗਾਰ ਮੌਕਿਆਂ ਰਾਹੀਂ ਹੋ ਸਕੇਗੀ ਜਾਂ ਨਹੀਂ।
ਏਆਈ ’ਤੇ ਭਰੋਸਾ ਉਮਰ ਦੇ ਹਿਸਾਬ ਨਾਲ ਵੀ ਵੱਖਰਾ ਦਿਖਾਈ ਦਿੰਦਾ ਹੈ। ਜਨਰੇਸ਼ਨ ਐਕਸ ਦੇ ਲੋਕਾਂ ਵਿੱਚ ਏਆਈ ’ਤੇ ਭਰੋਸੇ ਦਾ ਪੱਧਰ 18 ਫੀਸਦੀ ਦਰਜ ਕੀਤਾ ਗਿਆ, ਜਦਕਿ ਮਿਲੈਨੀਅਲਜ਼ ਵਿੱਚ ਇਹ ਸਭ ਤੋਂ ਘੱਟ 13 ਫੀਸਦੀ ਰਿਹਾ। ਇਸ ਤੋਂ ਇਲਾਵਾ ਇੱਕ ਹੋਰ ਸਰਵੇਖਣ ਵਿੱਚ ਬੀ.ਸੀ. ਦੇ ਜ਼ਿਆਦਾਤਰ ਲੋਕਾਂ ਨੇ ਚਿੰਤਾ ਜਤਾਈ ਕਿ ਏਆਈ ਮਨੁੱਖੀ ਸੰਪਰਕ ਅਤੇ ਲੋਕਾਂ ਵਿਚਕਾਰ ਸਿੱਧੇ ਰਿਸ਼ਤਿਆਂ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ।
ਇਸ ਤਰ੍ਹਾਂ ਏਆਈ ਦੇ ਤੇਜ਼ੀ ਨਾਲ ਵਧਦੇ ਪ੍ਰਭਾਵ ਨੇ ਬੀ.ਸੀ. ਦੇ ਲੋਕਾਂ ਸਾਹਮਣੇ ਸਿੱਖਿਆ ਅਤੇ ਰੁਜ਼ਗਾਰ ਦੇ ਭਵਿੱਖ ਨਾਲ ਜੁੜੇ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ। ਆਉਣ ਵਾਲੇ ਸਾਲਾਂ ਵਿੱਚ ਡਿਗਰੀਆਂ ਦੇ ਨਾਲ-ਨਾਲ ਤਕਨੀਕੀ ਹੁਨਰ, ਟਰੇਡ, ਅਪ੍ਰੈਂਟਿਸਸ਼ਿਪ ਅਤੇ ਏਆਈ ਨਾਲ ਕੰਮ ਕਰਨ ਦੀ ਸਮਰੱਥਾ ਰੁਜ਼ਗਾਰ ਹਾਸਲ ਕਰਨ ਲਈ ਕਿੰਨੀ ਮਹੱਤਵਪੂਰਨ ਬਣਦੀ ਹੈ, ਇਹ ਦੇਖਣਾ ਦਿਲਚਸਪ ਹੋਵੇਗਾ।

# ਕੈਨੇਡਾ-ਅਮਰੀਕਾ ਵਪਾਰਕ ਗੱਲਬਾਤ ਨੂੰ ਵੱਡਾ ਝਟਕਾ, ਟੈਰਿਫ ਵਿਵਾਦ ਤੋਂ ਬਾਅਦ ਓਟਾਵਾ ਨੇ ਵਾਰਤਾ ਟੀਮ ਵਾਪਸ ਬੁਲਾਈ

## ਅਮਰੀਕਾ ਦੀਆਂ ਨਵੀਆਂ ਸ਼ਰਤਾਂ ਤੋਂ ਕੈਨੇਡਾ ਨਾਰਾਜ਼; ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਿਹਾ—ਹਰ ਸ਼ਰਤ ਅੱਗੇ ਨਹੀਂ ਝੁਕਾਂਗੇ



**ਵੈਨਕੂਵਰ**-ਕੈਨੇਡਾ ਅਤੇ ਅਮਰੀਕਾ ਵਿਚਾਲੇ ਵਪਾਰਕ ਸਮਝੌਤੇ ਨੂੰ ਨਵਿਆਉਣ ਲਈ ਪਿਛਲੇ ਦੋ ਹਫ਼ਤਿਆਂ ਤੋਂ ਚੱਲ ਰਹੀ ਗੱਲਬਾਤ ਆਖਰੀ ਪੜਾਅ ’ਤੇ ਪਹੁੰਚ ਕੇ ਟੁੱਟ ਗਈ ਹੈ। ਅਮਰੀਕਾ ਵੱਲੋਂ 50 ਫੀਸਦੀ ਟੈਰਿਫ ਲਗਾਉਣ ਦੇ ਫੈਸਲੇ ਤੋਂ ਬਾਅਦ ਕੈਨੇਡਾ ਨੇ ਵੀ ਸਖ਼ਤ ਰੁਖ਼ ਅਪਣਾਉਂਦਿਆਂ ਆਪਣੀ ਉੱਚ-ਪੱਧਰੀ ਵਾਰਤਾ ਟੀਮ ਨੂੰ ਓਟਾਵਾ ਵਾਪਸ ਬੁਲਾ ਲਿਆ ਹੈ।
ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਪਿਛਲੇ ਡੇਢ ਸਾਲ ਤੋਂ ਟੈਰਿਫਾਂ ਕਾਰਨ ਖ਼ਰਾਬ ਹੋਏ ਕੈਨੇਡਾ-ਅਮਰੀਕਾ ਸਬੰਧਾਂ ਨੂੰ ਸੁਧਾਰਨ ਦੀ ਕੋਸ਼ਿਸ਼ ਕਰ ਰਹੀ ਸੀ, ਪਰ ਕੈਨੇਡਾ ਅਜਿਹੀ ਸਥਿਤੀ ਵਿੱਚ ਨਹੀਂ ਹੈ ਕਿ ਅਮਰੀਕਾ ਵੱਲੋਂ ਰੱਖੀ ਹਰ ਸ਼ਰਤ ਨੂੰ ਬਿਨਾਂ ਸਵਾਲ ਕੀਤੇ ਮੰਨ ਲਵੇ। ਉਨ੍ਹਾਂ ਸਪੱਸ਼ਟ ਕੀਤਾ ਕਿ ਕੈਨੇਡਾ ਹੁਣ ਆਪਣੇ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਵਪਾਰਕ ਨੀਤੀ ਤੈਅ ਕਰੇਗਾ।
ਪ੍ਰਧਾਨ ਮੰਤਰੀ ਨੇ ਕਿਹਾ ਕਿ ਅਮਰੀਕਾ ਵੱਲੋਂ ਅੱਧੀ ਰਾਤ ਤੋਂ ਲਾਗੂ ਕੀਤੇ ਜਾਣ ਵਾਲੇ 50 ਫੀਸਦੀ ਟੈਰਿਫ ਦਾ ਕੈਨੇਡਾ ਮੁਕਾਬਲਾ ਕਰੇਗਾ। ਉਨ੍ਹਾਂ ਇਹ ਵੀ ਸੰਕੇਤ ਦਿੱਤਾ ਕਿ ਕੈਨੇਡਾ ਆਪਣੇ ਵਪਾਰਕ ਸਬੰਧਾਂ ਨੂੰ ਸਿਰਫ਼ ਅਮਰੀਕੀ ਬਾਜ਼ਾਰ ਤੱਕ ਸੀਮਤ ਨਹੀਂ ਰੱਖੇਗਾ, ਸਗੋਂ ਹੋਰ ਦੇਸ਼ਾਂ ਨਾਲ ਵਪਾਰ ਵਧਾ ਕੇ ਕੈਨੇਡੀਅਨ ਉਦਯੋਗਾਂ ਅਤੇ ਕਾਮਿਆਂ ਨੂੰ ਮਜ਼ਬੂਤ ਕੀਤਾ ਜਾਵੇਗਾ।
ਦੋਹਾਂ ਦੇਸ਼ਾਂ ਵਿਚਾਲੇ ਕੁਝ ਸਾਲ ਪਹਿਲਾਂ ਹੋਇਆ ਵਪਾਰਕ ਸਮਝੌਤਾ ਪਿਛਲੇ ਮੰਗਲਵਾਰ ਤੱਕ ਲਾਗੂ ਸੀ। ਇਸ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸਮਝੌਤੇ ਦੀ ਮਿਆਦ ਤਿੰਨ ਦਿਨ ਲਈ ਵਧਾਉਣ ਦਾ ਐਲਾਨ ਕੀਤਾ ਸੀ। ਉਸ ਸਮੇਂ ਉਨ੍ਹਾਂ ਕਿਹਾ ਸੀ ਕਿ ਦੋਹਾਂ ਧਿਰਾਂ ਵਿਚਾਲੇ ਸਮਝੌਤਾ ਹੋ ਗਿਆ ਹੈ ਅਤੇ ਇਸ ਨੂੰ ਲਿਖਤੀ ਰੂਪ ਦੇਣ ਲਈ ਇੱਕ-ਦੋ ਦਿਨ ਦਾ ਸਮਾਂ ਲੱਗ ਸਕਦਾ ਹੈ।
ਇਸ ਦੌਰਾਨ ਕੈਨੇਡਾ ਵੱਲੋਂ ਵੀ ਸਮਝੌਤੇ ਨੂੰ ਅੰਤਿਮ ਰੂਪ ਦੇਣ ਦੀਆਂ ਕੋਸ਼ਿਸ਼ਾਂ ਜਾਰੀ ਸਨ। ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਸੂਬਿਆਂ ਦੇ ਮੁੱਖ ਮੰਤਰੀਆਂ ਨੂੰ ਅਮਰੀਕੀ ਸ਼ਰਾਬ ਦੀ ਵਿਕਰੀ ਮੁੜ ਸ਼ੁਰੂ ਕਰਨ ਲਈ ਸ਼ਰਾਬ ਦੇ ਠੇਕੇਦਾਰਾਂ ਨੂੰ ਹਦਾਇਤਾਂ ਦੇਣ ਲਈ ਕਿਹਾ ਸੀ। ਇਸ ਨਾਲ ਇਹ ਉਮੀਦ ਬਣੀ ਸੀ ਕਿ ਦੋਹਾਂ ਦੇਸ਼ਾਂ ਵਿਚਾਲੇ ਵਪਾਰਕ ਵਿਵਾਦ ਦਾ ਕੋਈ ਹੱਲ ਨਿਕਲ ਸਕਦਾ ਹੈ।
ਪਰ ਸ਼ੁੱਕਰਵਾਰ ਦੇਰ ਸ਼ਾਮ ਜਾਰੀ ਕੀਤੇ ਗਏ ਬਿਆਨ ਨੇ ਸਮਝੌਤੇ ਦੀਆਂ ਉਮੀਦਾਂ ’ਤੇ ਪਾਣੀ ਫੇਰ ਦਿੱਤਾ। ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਐਲਾਨ ਕੀਤਾ ਕਿ ਕੈਨੇਡਾ ਨੇ ਫਿਲਹਾਲ ਵਪਾਰਕ ਗੱਲਬਾਤ ਮੁਅੱਤਲ ਕਰ ਦਿੱਤੀ ਹੈ ਅਤੇ ਸਮਝੌਤਾ ਟੀਮ ਨੂੰ ਵਾਪਸ ਓਟਾਵਾ ਬੁਲਾ ਲਿਆ ਗਿਆ ਹੈ।
ਕਾਰਨੀ ਨੇ ਕਿਹਾ ਕਿ ਅਮਰੀਕਾ ਵੱਲੋਂ ਤੈਅ ਸਮਝੌਤੇ ਦੇ ਆਖਰੀ ਪੜਾਅ ’ਤੇ ਕੀਤੀਆਂ ਗਈਆਂ ਨਵੀਆਂ ਸੋਧਾਂ ਬੇਲੋੜੀਆਂ ਹਨ ਅਤੇ ਆਰਥਿਕ ਤੌਰ ’ਤੇ ਕੈਨੇਡਾ ਲਈ ਨੁਕਸਾਨਦੇਹ ਹੋ ਸਕਦੀਆਂ ਹਨ। ਉਨ੍ਹਾਂ ਮੁਤਾਬਕ ਇਨ੍ਹਾਂ ਤਬਦੀਲੀਆਂ ਨਾਲ ਨਾ ਸਿਰਫ਼ ਕੈਨੇਡੀਅਨ ਅਰਥਚਾਰੇ ’ਤੇ ਅਸਰ ਪਵੇਗਾ, ਸਗੋਂ ਪ੍ਰਸਤਾਵਿਤ ਸਮਝੌਤੇ ਦੀ ਭਰੋਸੇਯੋਗਤਾ ’ਤੇ ਵੀ ਸਵਾਲ ਖੜ੍ਹੇ ਹੋਣਗੇ।
ਪ੍ਰਧਾਨ ਮੰਤਰੀ ਨੇ ਕਿਹਾ ਕਿ ਪਿਛਲੇ ਕੁਝ ਮਹੀਨਿਆਂ ਦੌਰਾਨ ਕੈਨੇਡਾ ਦੀ ਅਰਥਵਿਵਸਥਾ ਵਿੱਚ ਤਰੱਕੀ ਹੋਈ ਹੈ, ਪਰ ਇਹ ਤਰੱਕੀ ਸਰਕਾਰ ਵੱਲੋਂ ਤੈਅ ਕੀਤੇ ਸਾਰੇ ਉਦੇਸ਼ਾਂ ਨੂੰ ਪੂਰਾ ਕਰਨ ਲਈ ਕਾਫ਼ੀ ਨਹੀਂ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਦੀ ਤਰਜੀਹ ਅਮਰੀਕੀ ਬਾਜ਼ਾਰ ਤੱਕ ਵਿਆਪਕ ਪਹੁੰਚ ਬਣਾਈ ਰੱਖਣਾ ਹੈ। ਇਸ ਵਿੱਚ ਮੁੱਖ ਖੇਤਰਾਂ ’ਤੇ ਟੈਰਿਫ ਘਟਾਉਣਾ ਅਤੇ ਕੈਨੇਡੀਅਨ ਕਾਰੋਬਾਰਾਂ ਤੇ ਉਦਯੋਗਾਂ ਦੀ ਸੁਰੱਖਿਆ ਕਰਨਾ ਸ਼ਾਮਲ ਹੈ।
ਕਾਰਨੀ ਨੇ ਕਿਹਾ ਕਿ ਕੈਨੇਡਾ ਆਪਣੇ ਵਪਾਰਕ ਹਿੱਤਾਂ ਦੀ ਰੱਖਿਆ ਲਈ ਹੋਰ ਦੇਸ਼ਾਂ ਨਾਲ ਸਬੰਧ ਮਜ਼ਬੂਤ ਕਰੇਗਾ। ਉਨ੍ਹਾਂ ਮੁਤਾਬਕ ਅਮਰੀਕਾ ਨਾਲ ਹੋਣ ਵਾਲੇ ਵੱਡੇ ਵਪਾਰ ’ਤੇ ਨਿਰਭਰਤਾ ਘਟਾ ਕੇ ਹੋਰ ਅੰਤਰਰਾਸ਼ਟਰੀ ਬਾਜ਼ਾਰਾਂ ਵਿੱਚ ਕੈਨੇਡੀਅਨ ਉਤਪਾਦਾਂ ਅਤੇ ਕਾਰੋਬਾਰਾਂ ਲਈ ਮੌਕੇ ਪੈਦਾ ਕੀਤੇ ਜਾਣਗੇ। ਉਨ੍ਹਾਂ ਕੈਨੇਡਿਆਈ ਲੋਕਾਂ ਨੂੰ ਭਰੋਸਾ ਦਿੰਦਿਆਂ ਕਿਹਾ ਕਿ ਘਬਰਾਉਣ ਦੀ ਲੋੜ ਨਹੀਂ ਹੈ। ਸਰਕਾਰ ਆਉਣ ਵਾਲੇ ਸਮੇਂ ਵਿੱਚ ਦੁਨੀਆ ਦੇ ਹੋਰ ਦੇਸ਼ਾਂ ਨਾਲ ਨਵੇਂ ਵਪਾਰਕ ਸਮਝੌਤੇ ਕਰਨ ਦੀ ਦਿਸ਼ਾ ਵਿੱਚ ਕੰਮ ਕਰੇਗੀ ਅਤੇ ਕੈਨੇਡਾ ਦੇ ਉਦਯੋਗਾਂ, ਕਾਰੋਬਾਰਾਂ ਅਤੇ ਕਾਮਿਆਂ ਦੇ ਹਿੱਤਾਂ ਦੀ ਰੱਖਿਆ ਕੀਤੀ ਜਾਵੇਗੀ। ਕੈਨੇਡਾ ਅਤੇ ਅਮਰੀਕਾ ਵਿਚਾਲੇ ਲੰਬੇ ਸਮੇਂ ਤੋਂ ਚੱਲ ਰਹੇ ਵਪਾਰਕ ਰਿਸ਼ਤਿਆਂ ਲਈ ਇਹ ਘਟਨਾਕ੍ਰਮ ਇੱਕ ਵੱਡਾ ਮੋੜ ਮੰਨਿਆ ਜਾ ਰਿਹਾ ਹੈ। ਹੁਣ ਦੋਹਾਂ ਦੇਸ਼ਾਂ ਵਿਚਾਲੇ ਟੈਰਿਫ ਅਤੇ ਵਪਾਰਕ ਸ਼ਰਤਾਂ ਨੂੰ ਲੈ ਕੇ ਅਗਲਾ ਕਦਮ ਕੀ ਹੁੰਦਾ ਹੈ, ਇਸ ’ਤੇ ਕਾਰੋਬਾਰੀ ਵਰਗ ਅਤੇ ਉਦਯੋਗਾਂ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ।





















# ਜਨਮ ਅਸ਼ਟਮੀ ਸਮਾਗਮ ਦੀਆਂ ਤਿਆਰੀਆਂ ਸਬੰਧੀ ਮੀਟਿੰਗ

## 6 ਸਤੰਬਰ ਨੂੰ ਸਜਾਈ ਜਾਵੇਗੀ ਸੋਭਾ ਯਾਤਰਾ




**ਸਰੀ , (ਮਹੇਸ਼ਇੰਦਰ ਸਿੰਘ ਮਾਂਗਟ )-** ਭਗਵਾਨ ਸ੍ਰੀ ਕ੍ਰਿਸ਼ਨ ਜੀ ਦੀ ਜਨਮ ਅਸਟਮੀ ਦੇ ਮੌਕੇ ਵੈਦਿਕ ਹਿੰਦੂ ਕਲਚਰ ਸੋਸਾਇਟੀ ਵੱਲੋਂ ਸਥਾਨਕ ਭਾਈਚਾਰੇ ਦੇ ਸਹਿਯੋਗ ਸਦਕਾ ਸਰੀ ਸਥਿਤ ਲਕਸ਼ਮੀ ਨਰਾਇਣ ਮੰਦਿਰ ਵਿਖੇ 3 ਅਤੇ 6 ਸਤੰਬਰ ਤੱਕ ਆਯੋਜਿਤ ਕੀਤੇ ਜਾ ਰਹੇ ਧਾਰਮਿਕ ਸਮਾਗਮਾਂ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਸਬੰਧੀ ਮੰਦਰ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਦੀ ਇੱਕ ਮੀਟਿੰਗ ਪ੍ਰਧਾਨ ਸਤੀਸ਼ ਕੁਮਾਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਉਕਤ ਕਮੇਟੀ ਦੇ ਅਹੁਦੇਦਾਰਾਂ ਵੱਲੋਂ ਇਨਾਂ ਧਾਰਮਿਕ ਸਮਾਗਮਾਂ ਦੀ ਰੂਪ ਰੇਖਾ ਉਲੀਕਣ ਦੇ ਨਾਲ ਨਾਲ ਹੋਰਨਾ ਪ੍ਰਬੰਧਾਂ ਦੀ ਸਮੀਖਿਆ ਕਰਨ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ ਇਸ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਸਤੀਸ਼ ਕੁਮਾਰ ਅਤੇ ਡਾ ਐਨ ਕੇ ਦੱਤਾ ਨੇ ਦੱਸਿਆ ਕਿ ਇਸ ਸਬੰਧੀ 3 ਸਤੰਬਰ ਨੂੰ ਮੰਦਰ ਵਿੱਚ ਵਿਸ਼ੇਸ਼ ਧਾਰਮਿਕ ਸਮਾਗਮ ਆਯੋਜਿਤ ਕੀਤੇ ਜਾਣਗੇ ਜਿਸ ਦੌਰਾਨ ਪ੍ਰਮੁੱਖ ਭਜਨ ਮੰਡਲੀਆਂ ਧਾਰਮਿਕ ਪ੍ਰੋਗਰਾਮ ਪੇਸ਼ ਕਰਨਗੀਆ॥ ਇਸ ਦੌਰਾਨ 6 ਸਤੰਬਰ ਨੂੰ ਸਵੇਰੇ 10 ਵਜੇ ਤੋਂ ਲੈ ਕੇ ਬਾਅਦ ਦੁਪਹਿਰ 3 ਵਜੇ ਤੱਕ ਇੱਕ ਸ਼ੋਭਾ ਯਾਤਰਾ ਵੀ ਸਜਾਈ ਜਾਵੇਗੀ ਜਿਸ ਵਿੱਚ ਵੱਡੀ ਗਿਣਤੀ ਵਿੱਚ ਪੁੱਜਣ ਵਾਲੇ ਸ਼ਰਧਾਲੂਆਂ ਦੀ ਸਹੂਲਤ ਲਈ ਲੰਗਰਾਂ ਦੇ ਨਾਲ ਨਾਲ ਹੋਰਨਾ ਲੋੜੀਦੇ ਪ੍ਰਬੰਧਾਂ ਦਾ ਇੰਤਜ਼ਾਮ ਕੀਤਾ ਗਿਆ ਹੈ ਉਨਾਂ ਨੇ ਸਮੂਹ ਭਾਈਚਾਰੇ ਦੇ ਲੋਕਾਂ ਨੂੰ ਇਹਨਾਂ ਸਮਾਗਮਾਂ 'ਚ ਵੱਧ ਚੜ ਕੇ ਸ਼ਿਰਕਤ ਕਰਨ ਦੀ ਅਪੀਲ ਕੀਤੀ । ਹੋਰਨਾਂ ਤੋਂ ਇਲਾਵਾ ਇਸ ਮੌਕੇ ਤੇ ਵਿਨੇ ਸ਼ਰਮਾ,ਮੋਹਨ ਮੌਦ ਗਿੱਲ,ਰਜੇਸ਼ ਮਿੱਤਲ,ਸੁਬਹਾ ਚੌਧਰੀ ਰਾਜ ਵਿਊਲੀ ਵੀਂ

# ਗ਼ਦਰ ਮੈਮੋਰੀਅਲ ਸੁਸਾਇਟੀ ਆਫ਼ ਕੈਨੇਡਾ ਵੱਲੋਂ ਇਤਿਹਾਸਕਾਰ ਸੋਹਣ ਸਿੰਘ ਪੂੰਨੀ ਦੀ ਕਿਤਾਬ 'ਅਮਰੀਕਾ ਦੇ ਗਦਰੀ ਯੋਧੇ' ਤਾਂ ਲੋਕ ਅਰਪਣ ਸਮਾਗਮ




**ਸਰੀ - (ਡਾ. ਗੁਰਵਿੰਦਰ ਸਿੰਘ ਧਾਲੀਵਾਲ)** ਗ਼ਦਰ ਮੈਮੋਰੀਅਲ ਸੁਸਾਇਟੀ ਆਫ਼ ਬੀਸੀ ਕੈਨੇਡਾ ਵੱਲੋਂ, ਉੱਘੇ ਇਤਿਹਾਸਕਾਰ ਅਤੇ ਲੇਖਕ ਸੋਹਣ ਸਿੰਘ ਪੂੰਨੀ ਦੀ ਪੰਜਵੀਂ ਕਿਤਾਬ 'ਅਮਰੀਕਾ ਦੇ ਗਦਰੀ ਯੋਧੇ' ਖਾਲਸਾ ਲਾਇਬਰੇਰੀ ਸਰੀ ਵਿਖੇ ਵੱਡੇ ਸਾਹਿਤਕ ਇਕੱਠ ਵਿੱਚ ਲੋਕ ਅਰਪਣ ਕੀਤੀ ਗਈ। 15 ਅਗਸਤ ਦੇ ਦਿਨ 'ਤੇ ਰੱਖੇ ਪ੍ਰਭਾਵਸ਼ਾਲੀ ਸਮਾਗਮ ਵਿੱਚ ਕੈਨੇਡਾ ਦੀਆਂ ਸਾਹਿਤਿਕ, ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਿਕ ਅਗਾਂਹਵਧੂ ਸੰਸਥਾਵਾਂ ਦੇ ਨੁਮਾਇੰਦਿਆਂ ਤੋਂ ਇਲਾਵਾ, ਗਦਰੀ ਯੋਧਿਆਂ ਦੇ ਪਰਿਵਾਰਾਂ ਨਾਲ ਸਬੰਧਿਤ ਸ਼ਖਸੀਅਤਾਂ ਨੇ ਹਿੱਸਾ ਲਿਆ, ਜਿਹਨਾਂ ਵਿੱਚ ਕੈਨੇਡਾ 'ਚ ਵੋਟ ਦਾ ਹੱਕ ਦਿਵਾਉਣ ਵਾਲੇ ਭਾਈ ਨਗਿੰਦਰ ਸਿੰਘ ਗਿੱਲ ਚੂਹੜਚੱਕ ਦੇ ਪੁੱਤਰ ਸੁਖਵਿੰਦਰ ਸਿੰਘ ਗਿੱਲ ਅਤੇ ਕੈਨੇਡਾ ਦੀ ਇਤਿਹਾਸਿਕ ਡਾਇਰੀ ਲਿਖਣ ਵਾਲੇ ਭਾਈ ਅਰਜਨ ਸਿੰਘ ਚੰਦ ਨਵਾਂ ਦੇ ਪੁੱਤਰ ਅਮਰਜੀਤ ਸਿੰਘ ਬਰਾੜ ਤੇ ਹੋਰ ਕਈ ਪਰਿਵਾਰ ਸ਼ਾਮਿਲ ਹੋਏ।

ਕਿਤਾਬ 'ਅਮਰੀਕਾ ਦੇ ਗਦਰੀ ਯੋਧੇ' 'ਤੇ ਹੋਈ ਵਿਚਾਰ ਗੋਸ਼ਟੀ 'ਚ ਬੋਲਦਿਆਂ ਲੇਖਕ ਅਤੇ ਪੰਜਾਬੀ ਪ੍ਰੈੱਸ ਕਲੱਬ ਬੀਸੀ ਦੇ ਪ੍ਰਧਾਨ ਡਾ ਗੁਰਵਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਗ਼ਦਰੀ ਯੋਧਿਆਂ ਦੀਆਂ ਜੀਵਨੀਆਂ ਵਿੱਚ ਦਰਜ ਬਿਆਨਾਂ ਦਾ ਨਿਚੋੜ ਇਹ ਹੈ ਕਿ 15 ਅਗਸਤ 1947 ਸਿਰਫ ਸੱਤਾ ਪਰਿਵਰਤਨ ਸੀ, ਨਾ ਕਿ ਗ਼ਦਰੀਆਂ ਵਾਲੀ ਆਜ਼ਾਦੀ। ਭੁੱਲੇ-ਵਿਸਰੇ ਗ਼ਦਰੀ ਯੋਧਿਆਂ ਬਾਰੇ ਮੌਲਿਕ ਲਿਖਤਾਂ ਦੀ ਘਾਲਣਾ ਲਈ ਉਹਨਾਂ, ਇਤਿਹਾਸਕਾਰ ਸੋਹਣ ਸਿੰਘ ਪੂੰਨੀ ਨੂੰ ਆਨਰੇਰੀ ਡਾਕਟਰੇਟ ਦੀ ਡਿਗਰੀ ਦੇਣ ਲਈ ਮੰਗ ਰੱਖੀ, ਜੋ ਸਮਾਗਮ ਵਿੱਚ ਸ਼ਾਮਿਲ ਸਾਰੀਆਂ ਜਥੇਬੰਦੀਆਂ ਨੇ ਭਰਪੂਰ ਹੁੰਗਾਰੇ ਨਾਲ ਪ੍ਰਵਾਨ ਕੀਤੀ।

ਸਮਾਗਮ ਦਾ ਸੰਚਾਲਨ ਕਰਦਿਆਂ ਡਾ ਸੁਰਿੰਦਰਜੀਤ ਸਿੰਘ ਭੇਲਾ ਨੇ ਗ਼ਦਰ ਮੈਮੋਰੀਅਲ ਸੁਸਾਇਟੀ ਦੇ ਸਥਾਪਨਾ, ਇਤਿਹਾਸ ਅਤੇ ਮਨੋਰਥ ਬਾਰੇ ਚਾਨਣਾ ਪਾਇਆ ਅਤੇ ਗ਼ਦਰ ਨਾਲ ਸਬੰਧਿਤ ਇਤਿਹਾਸਿਕ ਦਾਸਤਾਵੇਜ਼ ਸੰਗ੍ਰਹਿ ਕਰਨ ਦੀ ਵਚਨਬੱਧਤਾ ਪ੍ਰਗਟਾਈ।

ਸਮਾਗਮ ਵਿੱਚ ਸ਼ਾਮਿਲ ਬੁਲਾਰਿਆਂ 'ਚ ਇੰਜੀਨੀਅਰ ਜਗਰੂਪ ਸਿੰਘ ਖੇੜਾ, ਕਾਮਰੇਡ ਆਗੂ ਭੁਪਿੰਦਰ ਸਿੰਘ ਮੱਲੀ, ਸਿੱਖ ਵਿਦਵਾਨ ਡਾ ਪੂਰਨ ਸਿੰਘ ਗਿੱਲ, ਸ਼੍ਰੀ ਧਰਮਪਾਲ ਸ਼ਰਮਾ, ਹਰਚਰਨ ਸਿੰਘ ਸੰਧੂ, ਜਤਿੰਦਰ ਸਿੰਘ ਜੇ ਮਿਨਹਾਸ, ਅਵਤਾਰ ਸਿੰਘ ਢਿੱਲੋਂ, ਪ੍ਰਧਾਨ ਇੰਡੋ ਕੈਨੇਡੀਅਨ ਸੀਨੀਅਰ ਸੈਂਟਰ ਸੁਸਾਇਟੀ, ਡਾ ਪ੍ਰਗਟ ਸਿੰਘ ਭੁਰਜੀ ਅਤੇ ਗੁਰਨੂਰ ਸਿੰਘ, ਨੌਜਵਾਨ ਆਗੂ ਕੁਵਿੰਟਲਨ ਯੂਨੀਵਰਸਿਟੀ, ਸਰੀ ਸ਼ਾਮਿਲ ਹੋਏ।

'ਅਮਰੀਕਾ ਦੇ ਗਦਰੀ ਯੋਧੇ' ਲੋਕ ਅਰਪਣ ਸਮਾਗਮ ਦੌਰਾਨ ਕੈਨੇਡਾ ਦੇ ਦੀਆਂ ਉੱਘੀਆਂ ਸ਼ਖਸ਼ੀਅਤਾਂ ਲੇਖਕ ਸੋਹਣ ਸਿੰਘ ਪੂੰਨੀ ਅਤੇ ਉਨਾਂ ਦੀ ਸੁਪਤਨੀ ਬੀਬੀ ਵਿਨੀ ਪੂੰਨੀ ਸਮੇਤ, ਵਿਸ਼ਵ ਸਿੱਖ ਸੰਸਥਾ ਦੀ ਸਾਬਕਾ ਪ੍ਰਧਾਨ ਗਿਆਨ ਸਿੰਘ ਸੰਧੂ, ਗੁਰਮੀਤ ਸਿੰਘ ਧਾਲੀਵਾਲ, ਪ੍ਰਧਾਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ, ਮਰਹੂਮ ਚਿੱਤਰਕਾਰ ਜਰਨੈਲ ਸਿੰਘ ਦੀ ਪਤਨੀ ਬਲਜੀਤ ਕੌਰ, ਨੀਤੀ ਸਿੰਘ, ਸ਼ਬਨਮ ਮੱਲੀ, ਪ੍ਰਕਾਸ਼ ਕੌਰ ਬਰਾੜ, ਵਣਜਾਰਾ ਨੋਮੈਡ ਕਲੈਕਸ਼ਨ ਦੇ ਰਾਜ ਸਿੰਘ ਭੰਡਾਲ, ਸਾਇੰਸਦਾਨ ਡਾ ਕੁਲਵੰਤ ਸਿੰਘ ਥਿੰਦ, ਵੈਨਕੂਵਰ ਵਿਚਾਰ ਮੰਚ ਦੇ ਮੋਹਨ ਗਿੱਲ, ਰਜਿੰਦਰ ਸਿੰਘ ਪੰਧੇਰ, ਸਿੱਖ ਵਿਚਾਰ ਮੰਚ ਦੇ ਕੇਸਰ ਸਿੰਘ ਕੂਨਰ, ਬਲਵੀਰ ਸਿੰਘ ਸੰਘਾ, ਗਜ਼ਲ ਮੰਚ ਦੇ ਰਾਜਵੰਤ ਰਾਜ ਬਾਗੜੀ, ਸ੍ਰੀ ਰਾਮ ਆਸਰਾ, ਗੁਰਮੁਖ ਸਿੰਘ ਦਿਓਲ ਅਤੇ ਪੰਜਾਬੀ ਰੰਗ ਮੰਚ ਦੀ ਹਸਤੀ ਗੁਰਦੀਪ ਸਿੰਘ ਭੁੱਲਰ ਸਮੇਤ ਰੇਡੀਓ, ਟੈਲੀਵਿਜ਼ਨ ਅਤੇ ਅਖਬਾਰਾਂ ਨਾਲ ਸੰਬੰਧਤ ਮੀਡੀਆਕਰਮੀ ਹਾਜ਼ਰ ਸਨ।

ਕਰੀਬ ਤਿੰਨ ਘੰਟੇ ਤੱਕ ਚੱਲਿਆ ਗਿਆਨ ਅਤੇ ਖੋਜ ਭਰਪੂਰ ਪ੍ਰੋਗਰਾਮ, ਗਦਰ ਲਹਿਰ ਅਤੇ ਮੌਜੂਦਾ ਸਮੇਂ ਦੀਆਂ ਚੁਣੌਤੀਆਂ ਬਾਰੇ ਹਲੂਣਾ ਦਿੰਦਾ, ਯਾਦਗਾਰੀ ਹੋ ਨਿਬੜਿਆ।

# ਪ੍ਰਸਿੱਧ ਕਮੇਡੀਅਨ ਜਸਵਿੰਦਰ ਸਿੰਘ ਭੱਲਾ ਦੀ ਪਹਿਲੀ ਬਰਸੀ ਮੌਕੇ ਸਰੀ 'ਚ ਸ਼ਰਧਾਂਜਲੀ ਸਮਾਗਮ 22 ਅਗਸਤ ਨੂੰ




**ਸਰੀ, (ਮਹੇਸ਼ਇੰਦਰ ਸਿੰਘ ਮਾਂਗਟ)** ਪੰਜਾਬੀ ਕਾਮੇਡੀ ਅਤੇ ਫ਼ਿਲਮ ਜਗਤ ਦੇ ਮਹਾਨ ਕਲਾਕਾਰ ਅਤੇ ਮਸ਼ਹੂਰ ਕਾਮੇਡੀਅਨ ਡਾ. ਜਸਵਿੰਦਰ ਸਿੰਘ ਭੱਲਾ ਦੀ ਪਹਿਲੀ ਬਰਸੀ ਮੌਕੇ ਉਨ੍ਹਾਂ ਦੀ ਯਾਦ ਅਤੇ ਵਿਰਾਸਤ ਨੂੰ ਸਮਰਪਿਤ ਇੱਕ ਵਿਸ਼ੇਸ਼ ਸ਼ਰਧਾਂਜਲੀ ਸਮਾਗਮ 22 ਅਗਸਤ 2026 ਨੂੰ ਸਰੀ ਵਿਖੇ ਕਰਵਾਇਆ ਜਾ ਰਿਹਾ ਹੈ।

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਫੈਮਿਲੀ ਐਸੋਸੀਏਸ਼ਨ ਵੈਨਕੂਵਰ ਅਤੇ ਡਾ. ਜਸਵਿੰਦਰ ਸਿੰਘ ਭੱਲਾ ਫਾਊਂਡੇਸ਼ਨ ਵੱਲੋਂ ਕਰਵਾਇਆ ਜਾ ਰਿਹਾ ਇਹ ਸਮਾਗਮ ਗ੍ਰੈਂਡ ਤਾਜ ਬੈਂਕੁਇਟ ਹਾਲ, 8388-128 ਸਟਰੀਟ, ਸਰੀ ਵਿਖੇ ਦੁਪਹਿਰ 12 ਵਜੇ ਹੋਵੇਗਾ। ਡਾ. ਭੱਲਾ ਦਾ 22 ਅਗਸਤ 2025 ਨੂੰ ਦਿਹਾਂਤ ਹੋਇਆ ਸੀ।

ਇਸ ਮੌਕੇ ਡਾ. ਜਸਵਿੰਦਰ ਸਿੰਘ ਭੱਲਾ ਦੇ ਜੀਵਨ ਅਤੇ ਉਨ੍ਹਾਂ ਦੀਆਂ ਅਮਿੱਟ ਯਾਦਾਂ ਨੂੰ ਸਮਰਪਿਤ ਪੁਸਤਕ 'ੂਨਪਲੁਗਗਇਦ ਭਹਓਲਲਓ' ਵੀ ਰਿਲੀਜ਼ ਕੀਤੀ ਜਾਵੇਗੀ। ਇਸ ਪੁਸਤਕ ਦਾ ਕਥਨ ਬਲ ਮੁਕੰਦ ਸ਼ਰਮਾ ਵੱਲੋਂ ਕੀਤਾ ਗਿਆ ਹੈ, ਜਦਕਿ ਇਸ ਨੂੰ ਪਾਲੀ ਭੁਪਿੰਦਰ ਨੇ ਲਿਖਿਆ ਹੈ। ਪੁਸਤਕ ਰਾਹੀਂ ਡਾ. ਭੱਲਾ ਦੇ ਜੀਵਨ, ਕਲਾ ਅਤੇ ਪੰਜਾਬੀ ਸਮਾਜ ਲਈ ਉਨ੍ਹਾਂ ਦੇ ਯੋਗਦਾਨ ਨੂੰ ਯਾਦ ਕੀਤਾ ਜਾਵੇਗਾ।

ਸਮਾਗਮ ਵਿੱਚ ਡਾ. ਜਸਵਿੰਦਰ ਸਿੰਘ ਭੱਲਾ ਦੀ ਧਰਮਪਤਨੀ ਸ੍ਰੀਮਤੀ ਪਰਮਦੀਪ ਭੱਲਾ, ਉਨ੍ਹਾਂ ਦੇ ਪੁੱਤਰ ਅਤੇ ਪ੍ਰਸਿੱਧ ਪੰਜਾਬੀ ਫ਼ਿਲਮ ਅਦਾਕਾਰ ਪੁਖਰਾਜ ਭੱਲਾ ਅਤੇ ਧੀ ਦਿਸ਼ਦੀਪ ਭੱਲਾ ਦੇ ਭਾਰਤ ਤੋਂ ਪਹੁੰਚਣ ਦੀ ਉਮੀਦ ਹੈ।

ਇਸ ਤੋਂ ਇਲਾਵਾ ਬ੍ਰਿਟਿਸ਼ ਕੋਲੰਬੀਆ ਦੀਆਂ ਪ੍ਰਮੁੱਖ ਸਿਆਸੀ ਪਾਰਟੀਆਂ ਅਤੇ ਕੈਨੇਡਾ ਦੀ ਫੈਡਰਲ ਸਰਕਾਰ ਦੇ ਆਗੂ, ਪੰਜਾਬ ਸਟੇਟ ਫੂਡ ਕਮਿਸ਼ਨ ਦੇ ਚੇਅਰਮੈਨ ਬਲ ਮੁਕੰਦ ਸ਼ਰਮਾ, ਪਰਿਵਾਰਕ ਮੈਂਬਰ, ਦੋਸਤ, ਪ੍ਰਸ਼ੰਸਕ ਅਤੇ ਪੰਜਾਬੀ ਕਲਾ, ਸੱਭਿਆਚਾਰ ਤੇ ਫ਼ਿਲਮ ਜਗਤ ਦੀਆਂ ਨਾਮਵਰ ਸ਼ਖ਼ਸੀਅਤਾਂ ਵੀ ਸਮਾਗਮ ਵਿੱਚ ਸ਼ਾਮਲ ਹੋਣਗੀਆਂ।

ਆਯੋਜਕਾਂ ਵੱਲੋਂ ਡਾ. ਜਸਵਿੰਦਰ ਸਿੰਘ ਭੱਲਾ ਦੇ ਪਰਿਵਾਰ, ਦੋਸਤਾਂ, ਚਾਹੁਣ ਵਾਲਿਆਂ ਅਤੇ ਪ੍ਰਸ਼ੰਸਕਾਂ ਨੂੰ ਇਸ ਸ਼ਰਧਾਂਜਲੀ ਸਮਾਗਮ ਵਿੱਚ ਸ਼ਾਮਲ ਹੋ ਕੇ ਉਨ੍ਹਾਂ ਦੀ ਯਾਦ ਨੂੰ ਸਤਿਕਾਰ ਭੇਟ ਕਰਨ ਦਾ ਸੱਦਾ ਦਿੱਤਾ ਗਿਆ ਹੈ।

# ਇੰਡੋ ਕੈਨੇਡੀਅਨ ਸੁਸਾਇਟੀ ਵੈਨਕੂਵਰ ਵਲੋਂ ਸਾਥੀ ਚਿਰੰਜੀ ਲਾਲ ਕੰਗਣੀਵਾਲ ਦਾ ਸਨਮਾਨ








**ਵੈਨਕੂਵਰ :** ਦੇਸ਼ ਭਗਤ ਯਾਦਗਾਰੀ ਹਾਲ ਜਲੰਧਰ ਦੇ ਸੀਨੀਅਰ ਮੈਂਬਰ ਕਾਮਰੇਡ ਚਿਰੰਜੀ ਲਾਲ ਕੰਗਣੀਵਾਲ 13 ਅਗਸਤ ਵੀਰਵਾਰ ਨੂੰ ਸਨ ਸੈੱਟ ਇੰਡੋ ਕੈਨੇਡੀਅਨ ਸੁਸਾਇਟੀ ਵੈਨਕੂਵਰ ਵਿਖੇ ਮੇਜਰ ਸਿੰਘ ਸਿੱਧੂ (ਪ੍ਰਧਾਨ) ਦੇ ਸੱਦਾ ਪੱਤਰ ਤੇ ਪਹੁੰਚੇ। ਉਨ੍ਹਾਂ ਦੇ ਨਾਲ ਮੋਹਨ ਸਿੰਘ ਮੈਮੋਰੀਅਲ ਦੇ ਕਰਤਾ ਧਰਤਾ ਸਾਹਿਬ ਸਿੰਘ ਥਿੰਦ ਅਤੇ ਤਰਕਸ਼ੀਲ ਸੁਸਾਇਟੀ ਦੇ ਪ੍ਰਧਾਨ ਪ੍ਰਮਿੰਦਰ ਸਵੈਚ ਵੀ ਪਹੁੰਚੇ ਹੋਏ ਸਨ।

ਬਰਨਬੀ ਤੋਂ ਵਿਧਾਨ ਸਭਾ ਦੇ ਸਪੀਕਰ ਰਾਜ ਚੌਹਾਨ ਨੇ ਦੱਸਿਆ ਕਿ ਪਹਿਲਾਂ ਭਾਰਤੀ ਲੋਕਾਂ ਨਾਲ ਕਿਸ ਤਰਾਂ ਨਸਲੀ ਵਿਤਕਰਾ ਹੁੰਦਾ ਰਿਹਾ ਹੈ। ਲੰਗਾਰਾ ਦੀ ਐਮ.ਐਲ.ਏ ਸੁਨੀਤਾ ਧੀਰ ਨੇ ਵੀ ਹਾਜ਼ਰੀ ਲੁਆਈ। ਚਿਰੰਜੀ ਲਾਲ ਕੰਗਣੀਵਾਲ ਨੇ ਦੇਸ਼ ਭਗਤਾਂ ਗ਼ਦਰੀ ਬਾਬਿਆਂ ਅਤੇ ਅਕਾਲੀ ਬਬਰਾਂ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ। ਕਿਸ ਤਰ੍ਹਾਂ ਉਹ ਕੈਨੇਡਾ ਦੇ ਸੁੱਖ ਆਰਾਮ ਤਿਆਗ ਕੇ ਭਾਰਤ ਦੀ ਆਜ਼ਾਦੀ ਵਾਸਤੇ ਜੂਝੇ।

ਬੇਸ਼ੱਕ ਉਨ੍ਹਾਂ ਨੂੰ ਫਾਂਸੀਆਂ ਦੇ ਰੱਸੇ ਚੁੰਮਣੇ ਪਏ, ਕਾਲੇ ਪਾਣੀਆਂ ਦੀਆਂ ਸਜਾਵਾਂ ਹੋਈਆਂ ਅਤੇ ਉਨ੍ਹਾਂ ਦੀਆਂ ਜ਼ਮੀਨਾਂ ਜਾਇਦਾਦਾਂ ਜ਼ਬਤ ਬਰਤਾਨਵੀ ਆ ਸਰਕਾਰ ਵੱਲੋਂ ਕੀਤੀਆਂ ਗਈਆਂ। ਉਨਾਂ ਦੇਸ਼ ਭਗਤਾਂ ਨੇ ਆਪਣਾ ਸਿਰੜ ਨਹੀਂ ਤਿਆਗਿਆ। ਉਨ੍ਹਾਂ ਨੂੰ ਯਾਦ ਕਰਦੇ ਹੋਏ ਉਨ੍ਹਾਂ ਅਨੇਕਾਂ ਗਦਰੀਆਂ ਅਤੇ ਬਬਰਾਂ ਦੇ ਨਾਂ ਅਤੇ ਉਨ੍ਹਾਂ ਦੇ ਪਿੰਡ ਬਾਰੇ ਪੂਰੀ ਜਾਣਕਾਰੀ ਦਿੱਤੀ। ਬਾਬਾ ਭਗਵਾਨ ਸਿੰਘ ਦੁਸਾਂਝ ਬਾਰੇ ਚਿਰੰਜੀ ਲਾਲ ਦੀ ਪੁਸਤਕ ਪੜ੍ਹਨ ਯੋਗ ਹੈ। ਉਸ ਵਿਚੋਂ ਖ਼ਾਲਸਾ ਦੀਵਾਨ ਸੁਸਾਇਟੀ ਦੇ ਪ੍ਰਧਾਨ ਹੁੰਦੇ ਹੋਏ ਪਹਿਲਾ ਜਥਾ ਵਿਦੇਸ਼ਾਂ ਤੋ ਗਿਆ ਸੀ ਜਿਸ ਦੀ ਅਗਵਾਈ ਭਗਵਾਨ ਸਿੰਘ ਨੇ ਕੀਤੀ ਸੀ।

ਜੈਤੋ ਦਾ ਮੋਰਚਾ 1924 ਵਿਚ ਲੱਗਿਆ ਸੀ ਜਿਸ ਵਿਚ ਸੈਂਕੜੇ ਮਰਜੀਵੜਿਆਂ ਨੇ ਸ਼ਹੀਦੀ ਦਾ ਜਾਮ ਪੀਤਾ। ਇਹ 10 ਮੈਂਬਰਾਂ ਦਾ ਜਥਾ ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਤੋਂ 17 ਜੁਲਾਈ 1924 ਨੂੰ ਵਿਕਟੋਰੀਆ ਤੋਂ ਰਵਾਨਾ ਹੋਇਆ ਸੀ ਜਿਨ੍ਹਾਂ ਨੇ ਫਰਵਰੀ 1925 ਵਿਚ ਜੈਤੋ ਵਿਖੇ ਗ੍ਰਿਫਤਾਰੀ ਦਿੱਤੀ ਸੀ। ਚਿਰੰਜੀ ਲਾਲ ਕੰਗਣੀਵਾਲ ਦੀਆਂ ਹੋਰ ਵੀ ਬਹੁਤ ਕਿਤਾਬਾਂ ਗ਼ਦਰੀ ਬਾਬਿਆਂ ਤੇ ਬਬਰਾਂ ਬਾਰੇ ਲਿਖਿਆ ਮਿਲਦੀਆਂ ਹਨ।



ਕਸ਼ਮੀਰ ਸਿੰਘ ਧਾਲੀਵਾਲ ਦੇ ਬਾਬਾ ਵਸਾਖਾ ਸਿੰਘ ਦਾ ਵੀ ਜ਼ਿਕਰ ਕੀਤਾ ਗਿਆ ਹੈ। ਰਾਜ ਚੌਹਾਨ ਸਪੀਕਰ ਵੱਲੋਂ ਸਨਮਾਨ ਚਿੰਨ੍ਹ ਦਿੱਤਾ ਗਿਆ। ਸਮਾਗਮ ਦੇ ਅੰਤ ਵਿਚ ਚਾਹ ਪਾਣੀ ਛਕਾਇਆ ਗਿਆ ਤੇ ਯਾਦਗਾਰੀ ਤਸਵੀਰਾਂ ਲਈਆਂ ਗਈਆਂ

# ਪੰਜਾਬੀ ਬਜ਼ੁਰਗਾਂ ਤੇ ਔਰਤਾਂ ਵਲੋਂ ਡੱਗ ਮੈਕਲਮ ਦੇ ਸਮਰਥਨ ਵਿਚ ਸਮਾਗਮ-ਭਾਰੀ ਵੋਟਾਂ ਨਾਲ ਜਿਤਾਉਣ ਦਾ ਵਾਅਦਾ




**ਸਰੀ -** ਸਿਟੀ ਕੌਂਸਲ ਦੀਆਂ ਚੋਣਾਂ ਵਿਚ ਸਾਬਕਾ ਮੇਅਰ ਡੱਗ ਮੈਕਲਮ ਦੀ ਅਗਵਾਈ ਵਾਲੀ ਸੇਫ ਸਰੀ ਕੋਲੀਸ਼ਨ ਨੂੰ ਲੋਕਾਂ ਵਲੋਂ ਭਰਵਾਂ ਹੁੰਗਾਰਾ ਦਿੱਤਾ ਜਾ ਰਿਹਾ ਹੈ। ਬੀਤੇ ਦਿਨ ਡੱਗ ਮੈਕਲਮ ਅਤੇ ਉਹਨਾਂ ਦੀ ਟੀਮ ਦੇ ਸਮਰਥਨ ਵਿਚ ਨਾਰਥ ਸਰੀ ਦੇ ਇਕ ਪਾਰਕ ਵਿਚ ਪੰਜਾਬੀ ਬਜੁਰਗਾਂ ਅਤੇ ਔਰਤਾਂ ਵਲੋਂ ਇਕ ਵਿਸ਼ੇਸ਼ ਸਮਾਗਮ ਕੀਤਾ ਗਿਆ। ਇਸ ਮੌਕੇ ਬੁਲਾਰਿਆਂ ਨੇ ਡੱਗ ਮੈਕਲਮ ਵਲੋਂ ਸਰੀ ਵਿਚ ਪੰਜਾਬੀ ਭਾਈਚਾਰੇ ਲਈ ਕੀਤੇ ਕੰਮਾਂ ਨੂੰ ਯਾਦ ਕਰਦਿਆਂ ਉਹਨਾਂ ਨੂੰ ਦੁਬਾਰਾ ਭਾਰੀ ਬਹੁਮਤ ਨਾਲ ਜਿਤਾਉਣ ਦਾ ਵਾਅਦਾ ਕੀਤਾ। ਇਸ ਮੌਕੇ ਬਜੁਰਗਾਂ ਵਲੋਂ ਡੱਗ ਮੈਕਲਮ ਦਾ ਸ਼ਾਲ ਨਾਲ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਸਾਬਕਾ ਮੇਅਰ ਡੱਗ ਮੈਕਲਮ ਨੇ ਬਜੁਰਗਾਂ ਨਾਲ ਵਾਅਦਾ ਕੀਤਾ ਕਿ ਅਗਰ ਉਹਨਾਂ ਦੀ ਸਲੇਟ ਜੇਤੂ ਰਹਿੰਦੀ ਹੈ ਤਾਂ ਬਜੁਰਗਾਂ ਲਈ ਪਾਰਕਾਂ ਵਿਚ ਸਾਰੀਆਂ ਸਹੂਲਤਾਂ ਤੋਂ ਇਲਾਵਾ ਸੀਨੀਅਰ ਸਿਟੀਜ਼ਨ ਦੇ ਮਾਣ ਸਨਮਾਨ ਲਈ ਵਿਸ਼ੇਸ਼ ਕੰਮ ਕੀਤਾ ਜਾਵੇਗਾ। ਇਹ ਪ੍ਰੋਗਰਾਮ ਬਲਵਿੰਦਰ ਸਿੰਘ ਸੇਖੋਂ, ਜਗਦੇਵ ਸਿੰਘ ਗਰੇਵਾਲ, ਹਰਦੇਵ ਸਿੰਘ ਧਾਲੀਵਾਲ, ਬਲਦੇਵ ਸਿੰਘ ਮਠਾੜੂ ਦੀ ਅਗਵਾਈ ਹੇਠ ਕਰਵਾਇਆ ਗਿਆ।

# ਬਰਮਿੰਘਮ ਵਿੱਚ ਲਹਿੰਦੇ ਪੰਜਾਬ ਦੇ ਉਘੇ ਪੰਜਾਬੀ ਕਾਰਕੁੰਨ ਨਾਸਿਰ ਢਿੱਲੋਂ ਦਾ ਨਿੱਘਾ ਸਵਾਗਤ ਤੇ ਸਨਮਾਨ


**ਬਰਮਿੰਘਮ:** ਲਹਿੰਦੇ ਪੰਜਾਬ ਤੋਂ ਯੂ.ਕੇ. ਪਹੁੰਚੇ ਪ੍ਰਸਿੱਧ ਪੰਜਾਬੀ ਕਾਰਕੁਨ ਨਾਸਿਰ ਢਿੱਲੋਂ ਦੇ ਸਵਾਗਤ ਅਤੇ ਸਨਮਾਨ ਲਈ ਬਰਮਿੰਘਮ ਵਿਖੇ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਹ ਸਮਾਗਮ ਯੂਰਪੀ ਪੰਜਾਬੀ ਸੱਥ ਅਤੇ ਸਿੱਖ ਐਜੂਕੇਸ਼ਨ ਫੋਰਮ ਵੱਲੋਂ ਸਾਂਝੇ ਤੌਰ 'ਤੇ ਕਰਵਾਇਆ ਗਿਆ। ਸਮਾਗਮ ਦੇ ਮੁੱਖ ਪ੍ਰਬੰਧਕਾਂ ਵਿੱਚ ਸ਼ਰਨਜੀਤ ਕੌਰ ਢੇਸੀ ਸ਼ਾਮਲ ਸਨ।

ਸਮਾਗਮ ਵਿੱਚ ਸਿੱਖਿਆ-ਸ਼ਾਸਤਰੀਆਂ, ਕਵੀਆਂ, ਲੇਖਕਾਂ, ਪੰਜਾਬੀ ਭਾਸ਼ਾ ਤੇ ਸੱਭਿਆਚਾਰ ਨਾਲ ਜੁੜੇ ਕਾਰਕੁਨਾਂ ਅਤੇ ਭਾਈਚਾਰੇ ਦੀਆਂ ਵੱਖ-ਵੱਖ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ। ਸਮਾਗਮ ਦੀ ਸ਼ੁਰੂਆਤ ਕਰਦਿਆਂ ਸ਼ਰਨਜੀਤ ਕੌਰ ਢੇਸੀ ਨੇ ਨਾਸਿਰ ਢਿੱਲੋਂ ਦਾ ਯੂ.ਕੇ. ਆਉਣ 'ਤੇ ਨਿੱਘਾ ਸਵਾਗਤ ਕੀਤਾ ਅਤੇ ਹਾਜ਼ਰੀਨ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਵੰਡ ਨਾਲ ਜੁੜੀਆਂ ਯਾਦਾਂ ਅਤੇ ਲੋਕਾਂ ਦੇ ਨਿੱਜੀ ਤਜਰਬੇ ਸਾਡੀ ਸਾਂਝੀ ਵਿਰਾਸਤ ਦਾ ਅਹਿਮ ਹਿੱਸਾ ਹਨ ਅਤੇ ਇਨ੍ਹਾਂ ਨੂੰ ਸੰਭਾਲਣਾ ਸਮੇਂ ਦੀ ਲੋੜ ਹੈ।

ਯੂਰਪੀ ਪੰਜਾਬੀ ਸੱਥ ਦੇ ਮੁੱਖ ਸੇਵਾਦਾਰ ਸਰਦਾਰ ਮੋਤਾ ਸਿੰਘ ਸਰਾਏ ਅਮਰੀਕਾ ਵਿੱਚ ਹੋਣ ਕਾਰਨ ਸਮਾਗਮ ਵਿੱਚ ਸ਼ਿਰਕਤ ਨਹੀਂ ਕਰ ਸਕੇ। ਉਨ੍ਹਾਂ ਨੇ ਆਪਣਾ ਸੁਨੇਹਾ ਵੌਇਸ ਮੈਸੇਜ ਰਾਹੀਂ ਹਾਜ਼ਰੀਨ ਤੱਕ ਪਹੁੰਚਾਇਆ।

ਜੈ ਸੁਖ ਸਿੰਘ ਢੇਸੀ ਨੇ ਅੰਗਰੇਜ਼ੀ ਵਿੱਚ ਨਾਸਿਰ ਢਿੱਲੋਂ ਦੀ ਜਾਣ-ਪਛਾਣ ਕਰਵਾਉਂਦਿਆਂ ਉਨ੍ਹਾਂ ਵੱਲੋਂ ਵੰਡ ਨਾਲ ਸਬੰਧਤ ਕਹਾਣੀਆਂ ਅਤੇ ਯਾਦਾਂ ਨੂੰ ਇਕੱਠਾ ਕਰਨ ਅਤੇ ਅਗਲੀ ਪੀੜ੍ਹੀ ਤੱਕ ਪਹੁੰਚਾਉਣ ਦੇ ਯਤਨਾਂ ਬਾਰੇ ਜਾਣਕਾਰੀ ਦਿੱਤੀ। ਸਮਾਗਮ ਦੀ ਸਟੇਜ ਕਾਰਵਾਈ ਪ੍ਰਸਿੱਧ ਲੇਖਕ ਨਿਰਮਲ ਸਿੰਘ ਕੰਧਾਲਵੀ ਨੇ ਬਾਖ਼ੂਬੀ ਨਿਭਾਈ। ਹਰਮਿੰਦਰ ਕੌਰ ਭੋਗਲ ਨੇ ਨਾਸਿਰ ਢਿੱਲੋਂ ਦੇ ਕੰਮ ਦੀ ਮਹੱਤਤਾ ਬਾਰੇ ਵਿਚਾਰ ਸਾਂਝੇ ਕਰਦਿਆਂ ਉਨ੍ਹਾਂ ਨੂੰ ਸਨਮਾਨ ਭੇਟ ਕੀਤਾ।


ਇਸ ਮੌਕੇ ਅਜੈਬ ਸਿੰਘ ਗਰਚਾ, ਡਾ. ਮਹਿੰਦਰ ਗਿੱਲ ਅਤੇ ਗੁਰਦੇਵ ਸਿੰਘ ਚੋਹਾਨ ਸਮੇਤ ਹੋਰ ਬੁਲਾਰਿਆਂ ਨੇ ਵੀ ਵਿਚਾਰ ਪੇਸ਼ ਕੀਤੇ। ਬੁਲਾਰਿਆਂ ਨੇ ਇਤਿਹਾਸਕ ਯਾਦਾਂ ਨੂੰ ਸੰਭਾਲਣ, ਪੰਜਾਬੀ ਵਿਰਾਸਤ ਦੀ ਰੱਖਿਆ ਕਰਨ ਅਤੇ ਨਵੀਂ ਪੀੜ੍ਹੀ ਨੂੰ ਆਪਣੇ ਇਤਿਹਾਸ ਨਾਲ ਜੋੜਨ ਦੀ ਲੋੜ 'ਤੇ ਜ਼ੋਰ ਦਿੱਤਾ।

ਸਮਾਗਮ ਦਾ ਵਿਸ਼ੇਸ਼ ਆਕਰਸ਼ਣ ਕਵੀ ਦਰਬਾਰ ਰਿਹਾ। ਕੋਵੈਂਟਰੀ ਅਤੇ ਹੋਰ ਇਲਾਕਿਆਂ ਤੋਂ ਪਹੁੰਚੇ ਕੁਲਵੰਤ ਸਿੰਘ ਢੇਸੀ, ਰੁਪਿੰਦਰਜੀਤ ਕੌਰ, ਇੰਦੀ, ਬਲਵੰਤ ਸਿੰਘ ਸੱਗੂ ਸਮੇਤ ਹੋਰ ਕਵੀਆਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਕਵੀਆਂ ਨੇ ਪੰਜਾਬੀ ਵਿਰਾਸਤ, ਵੰਡ ਦੀਆਂ ਯਾਦਾਂ, ਪਰਵਾਸ, ਪਛਾਣ ਅਤੇ ਭਾਈਚਾਰਕ ਸਾਂਝ ਵਰਗੇ ਵਿਸ਼ਿਆਂ ਨੂੰ ਆਪਣੀਆਂ ਰਚਨਾਵਾਂ ਰਾਹੀਂ ਉਭਾਰਿਆ।

ਆਪਣੇ ਸੰਬੋਧਨ ਵਿੱਚ ਨਾਸਿਰ ਢਿੱਲੋਂ ਨੇ ਯੂਰਪੀ ਪੰਜਾਬੀ ਸੱਥ, ਸਿੱਖ ਐਜੂਕੇਸ਼ਨ ਫੋਰਮ, ਪ੍ਰਬੰਧਕਾਂ ਅਤੇ ਹਾਜ਼ਰੀਨ ਦਾ ਧੰਨਵਾਦ ਕੀਤਾ। ਉਨ੍ਹਾਂ ਵੰਡ ਨਾਲ ਜੁੜੀਆਂ ਯਾਦਾਂ ਅਤੇ ਲੋਕਾਂ ਦੇ ਤਜਰਬਿਆਂ ਨੂੰ ਸੰਭਾਲਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਅਜਿਹੀਆਂ ਕਹਾਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਇਤਿਹਾਸ ਦਾ ਮਹੱਤਵਪੂਰਨ ਸਰੋਤ ਹਨ। ਉਨ੍ਹਾਂ ਹਾਜ਼ਰੀਨ ਨੂੰ ਲਾਹੌਰ ਵਿਖੇ ਹੋਣ ਵਾਲੀ ਚੌਥੀ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਵਿੱਚ ਸ਼ਾਮਲ ਹੋਣ ਦਾ ਸੱਦਾ ਵੀ ਦਿੱਤਾ।

ਅੰਤ ਵਿੱਚ ਸਰਵਣ ਸਿੰਘ ਘਟੌੜਾ ਨੇ ਸਮਾਪਤੀ ਭਾਸ਼ਣ ਦਿੰਦਿਆਂ ਨਾਸਿਰ ਢਿੱਲੋਂ, ਬੁਲਾਰਿਆਂ, ਕਵੀਆਂ, ਪ੍ਰਬੰਧਕਾਂ ਅਤੇ ਹਾਜ਼ਰੀਨ ਦਾ ਧੰਨਵਾਦ ਕੀਤਾ। ਸਮਾਗਮ ਨੇ ਪੰਜਾਬੀ ਇਤਿਹਾਸ, ਵੰਡ ਦੀਆਂ ਯਾਦਾਂ, ਭਾਸ਼ਾ, ਸਾਹਿਤ ਅਤੇ ਸੱਭਿਆਚਾਰਕ ਵਿਰਾਸਤ ਨੂੰ ਸੰਭਾਲਣ ਲਈ ਸਾਂਝੇ ਉਪਰਾਲਿਆਂ ਦੀ ਮਹੱਤਤਾ ਨੂੰ ਉਜਾਗਰ ਕੀਤਾ।

# ਭਾਰਤੀ ਕੌਂਸਲੇਟ ਜਨਰਲ ਵੈਨਕੂਵਰ ਵਿਖੇ ਭਾਰਤ ਦਾ 80ਵਾਂ ਆਜ਼ਾਦੀ ਦਿਹਾੜਾ ਮਨਾਇਆ





**ਵੈਨਕੂਵਰ, (ਮਲਕੀਤ ਸਿੰਘ)-** ਬੀਤੀ 15 ਅਗਸਤ ਨੂੰ ਭਾਰਤੀ ਕੌਂਸਲੇਟ ਜਨਰਲ ਵੈਨਕੂਵਰ ਵਿਖੇ ਭਾਰਤ ਦਾ 80ਵਾਂ ਆਜ਼ਾਦੀ ਦਿਹਾੜਾ ਕੌਂਸਲ ਜਨਰਲ ਮੈਸਕੂਈ ਰੁੰਗਸੁੰਗ ਵਲੋਂ ਤਿਰੰਗਾ ਲਹਿਰਾਉਣ ਅਤੇ ਸਾਬਕਾ ਫੌਜੀਆਂ ਵਲੋਂ ਤਿਰੰਗੇ ਨੂੰ ਸਲਾਮੀ ਦੇਕੇ ਮਨਾਇਆ ਗਿਆ। ਰਾਸ਼ਟਰੀ ਗੀਤ ਤੇ ਵੰਦੇ ਮਾਤਰਮ ਦੇ ਗੀਤ ਗਾਏ ਗਏ। ਕੌਂਸਲ ਜਨਰਲ ਵਲੋਂ ਰਾਸ਼ਟਰਪਤੀ ਮੁਰਮੂ ਦਾ ਸੰਦੇਸ਼ ਪੜਕੇ ਸੁਣਾਇਆ ਗਿਆ ਅਤੇ ਭਾਰਤ ਦੀਆਂ ਉਪਲਬਧੀਆਂ ਦਾ ਵਿਸਥਾਰ ਪੂਰਵਕ ਜ਼ਿਕਰ ਕੀਤਾ ਗਿਆ। ਕਮਿਊਨਿਟੀ ਦੇ ਪਤਵੰਤੇ ਸੱਜਣ ਜਿਹਨਾਂ ਵਿਚ ਰਾਜਸੀ, ਧਾਰਮਿਕ ਅਤੇ ਸਮਾਜਿਕ ਪ੍ਰਤੀਨਿਧ ਸ਼ਾਮਿਲ ਸਨ ਤੋਂ ਇਲਾਵਾ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਕਮੇਟੀ ਮੈਂਬਰ ਅਤੇ ਇੰਡੀਅਨ ਐਕਸ-ਸਰਵਿਸਮੈਨ ਸੋਸਾਇਟੀ ਦੇ ਮੈਂਬਰਾਂ ਨੇ ਵਿਸ਼ੇਸ਼ ਹਾਜ਼ਰੀ ਲਗਵਾਈ। ਇਸ ਮੌਕੇ ਤੇ ਪੇਂਟਿੰਗ ਅਤੇ ਫੋਟੋਗ੍ਰਾਫੀ ਦੇ ਮੁਕਾਬਲਾ ਜੇਤੂਆਂ ਨੂੰ ਸਨਮਾਨਿਤ ਕੀਤਾ ਗਿਆ। ਕੌਂਸਲ ਦਫਤਰ ਵਲੋਂ ਆਏ ਮਹਿਮਾਨਾਂ ਲਈ ਚਾਹ-ਪਾਣੀ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ।

# ਖੋਸਾ ਫਾਰਮ ਸਰੀ ਵਿਖੇ ਹਰਿੰਦਰ ਸੰਧੂ ਤੇ ਅਮਨ ਧਾਲੀਵਾਲ ਨੇ ਬੰਨ੍ਹਿਆ ਸੁਰਾਂ ਦਾ ਰੰਗ

## ਵੱਡੀ ਗਿਣਤੀ ਵਿੱਚ ਸਾਹਿਤਕ, ਸੰਗੀਤਕ, ਰਾਜਨੀਤਿਕ ਤੇ ਸਮਾਜਿਕ ਹਸਤੀਆਂ ਨੇ ਕੀਤੀ ਸ਼ਿਰਕਤ







**ਸਰੀ, (ਹਰਦਮ ਮਾਨ)–** ਪੰਜਾਬੀ ਸੱਭਿਆਚਾਰ, ਲੋਕ-ਗੀਤਾਂ ਅਤੇ ਸਮਾਜਿਕ ਸਰੋਕਾਰਾਂ ਨੂੰ ਆਪਣੀ ਗਾਇਕੀ ਰਾਹੀਂ ਸਮਰਪਿਤ ਮੰਨੀ-ਪ੍ਰਮੰਨੀ ਗਾਇਕ ਜੋੜੀ ਹਰਿੰਦਰ ਸੰਧੂ ਅਤੇ ਬੀਬਾ ਅਮਨ ਧਾਲੀਵਾਲ ਨੇ ਕੈਨੇਡਾ ਫੇਰੀ ਦੌਰਾਨ ਸਰੀ ਦੀ ਧਰਤੀ 'ਤੇ ਸੁਰਾਂ, ਸੰਗੀਤ ਅਤੇ ਸਾਂਝ ਦਾ ਅਜਿਹਾ ਰੰਗ ਬਿਖੇਰਿਆ ਕਿ 15 ਅਗਸਤ ਦੀ ਸ਼ਾਮ ਦੇਰ ਰਾਤ ਤੱਕ ਯਾਦਗਾਰੀ ਬਣੀ ਰਹੀ।

ਉੱਘੇ ਲੇਖਕ ਬਿੱਕਰ ਸਿੰਘ ਖੋਸਾ ਅਤੇ ਰਾਜਦੀਪ ਸਿੰਘ ਖੋਸਾ ਦੇ ਖੋਸਾ ਫਾਰਮ ਸਰੀ ਵਿਖੇ ਕਰਵਾਏ ਗਏ ਇਸ ਸੰਗੀਤਕ ਸਮਾਗਮ ਨੂੰ 'ਅਜ਼ਾਦੀ ਦਿਨ ਦੀ ਸ਼ਾਮ' ਵਜੋਂ ਮਨਾਇਆ ਗਿਆ। ਖੁੱਲ੍ਹੇ-ਡੁੱਲ੍ਹੇ ਮਾਹੌਲ ਵਿੱਚ ਹੋਏ ਇਸ ਸਮਾਗਮ ਵਿੱਚ ਸਰੀ ਦੇ ਸਾਹਿਤਕ, ਸੰਗੀਤਕ, ਸਮਾਜਿਕ, ਰਾਜਨੀਤਿਕ ਅਤੇ ਮੀਡੀਆ ਖੇਤਰ ਨਾਲ ਜੁੜੀਆਂ ਅਨੇਕਾਂ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕਰਕੇ ਸਮਾਗਮ ਦੀ ਰੌਣਕ ਵਧਾਈ।

ਸਮਾਗਮ ਦੀ ਸ਼ੁਰੂਆਤ ਉੱਘੇ ਲੇਖਕ ਦਰਸ਼ਨ ਸਿੰਘ ਸੰਘਾ ਵੱਲੋਂ ਮਹਿਮਾਨਾਂ ਅਤੇ ਸਰੋਤਿਆਂ ਨੂੰ 'ਜੀ ਆਇਆਂ' ਆਖਣ ਨਾਲ ਹੋਈ। ਉਪਰੰਤ ਗੁਰਪ੍ਰੀਤ ਢਿੱਲੋਂ ਨੇ ਸੁਰਾਂ ਦੇ ਬਾਦਸ਼ਾਹ ਕੁਲਦੀਪ ਮਾਣਕ ਦਾ ਗੀਤ ਪੇਸ਼ ਕੀਤਾ ਅਤੇ ਫਿਰ ਆਪਣਾ ਗੀਤ ਸੁਣਾ ਕੇ ਸਰੋਤਿਆਂ ਤੋਂ ਖੂਬ ਦਾਦ ਹਾਸਲ ਕੀਤੀ। ਮੰਦਰ ਬੀਹਲੇਵਾਲਾ ਨੇ ਮੰਚ ਸੰਭਾਲਦਿਆਂ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਅਤੇ ਆਪਣੇ ਵਿਲੱਖਣ ਅੰਦਾਜ਼-ਏ-ਬਿਆਨ ਵਿੱਚ ਖੂਬਸੂਰਤ ਸ਼ਿਅਰਾਂ ਨਾਲ ਮਾਹੌਲ ਨੂੰ ਸੰਗੀਤਕ ਰੰਗ ਵਿੱਚ ਰੰਗਿਆ ਅਤੇ ਤਾੜੀਆਂ ਦੀ ਗੂੰਜ ਵਿੱਚ ਹਰਿੰਦਰ ਸੰਧੂ ਤੇ ਅਮਨ ਧਾਲੀਵਾਲ ਨੂੰ ਮੰਚ 'ਤੇ ਸੱਦਾ ਦਿੱਤਾ।

ਮੰਚ 'ਤੇ ਆਉਂਦਿਆਂ ਹਰਿੰਦਰ ਸੰਧੂ ਨੇ ਖੋਸਾ ਪਰਿਵਾਰ ਅਤੇ ਸਮਾਗਮ ਦੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਆਪਣੇ ਚਰਚਿਤ ਗੀਤ 'ਜੀਹਦੇ ਪਈ ਨਾ ਸਰ੍ਹਾਣੇ ਕੋਈ ਦਵਾਈ, ਸ਼ੁਕਰ ਮਨਾਵੇ ਰੱਬ ਦਾ' ਨਾਲ ਗਾਇਕੀ ਦਾ ਆਗਾਜ਼ ਕੀਤਾ। ਇਸ ਤੋਂ ਬਾਅਦ ਹਰਿੰਦਰ ਸੰਧੂ ਅਤੇ ਅਮਨ ਧਾਲੀਵਾਲ ਨੇ ਨਵੇਂ-ਪੁਰਾਣੇ ਗੀਤਾਂ ਅਤੇ ਦੋਗਾਣਿਆਂ ਦੀ ਐਸੀ ਝੜੀ ਲਾਈ ਕਿ ਸਰੋਤੇ ਦੇਰ ਰਾਤ ਤੱਕ ਮੰਤਰ-ਮੁਗਧ ਹੋ ਕੇ ਸੰਗੀਤ ਦਾ ਆਨੰਦ ਮਾਣਦੇ ਰਹੇ। ਗਾਇਕ ਜੋੜੀ ਨੇ ਆਪਣੇ ਪਸੰਦੀਦਾ ਗੀਤਾਂ ਦੇ ਨਾਲ-ਨਾਲ ਸਰੋਤਿਆਂ ਦੀਆਂ ਫ਼ਰਮਾਇਸ਼ਾਂ ਨੂੰ ਵੀ ਪੂਰਾ ਕੀਤਾ। ਪੰਜਾਬੀ ਲੋਕ-ਸੰਗੀਤ ਦੀ ਮਹਿਕ ਅਤੇ ਸੱਭਿਆਚਾਰਕ ਰੰਗ ਨਾਲ ਭਰਪੂਰ ਇਸ ਪੇਸ਼ਕਾਰੀ ਦੌਰਾਨ ਦਰਸ਼ਕਾਂ ਨੇ ਤਾੜੀਆਂ ਅਤੇ ਵਾਹ-ਵਾਹ ਨਾਲ ਗਾਇਕਾਂ ਦਾ ਹੌਸਲਾ ਵਧਾਇਆ। ਕਈ ਸਰੋਤਿਆਂ ਨੇ ਡਾਲਰਾਂ ਦੀ ਵਰਖਾ ਕਰਕੇ ਵੀ ਗਾਇਕ ਜੋੜੀ ਪ੍ਰਤੀ ਆਪਣਾ ਪਿਆਰ ਅਤੇ ਮਾਣ-ਸਨਮਾਨ ਪ੍ਰਗਟ ਕੀਤਾ। ਸੰਗੀਤਕ ਪੇਸ਼ਕਾਰੀ ਨੂੰ ਸਾਜ਼ਾਂ 'ਤੇ ਦਵਿੰਦਰ ਸੰਧੂ (ਬੈਂਜੋ), ਗੋਪਾ (ਤਬਲਾ), ਕੁਲਦੀਪ ਸਿੰਘ (ਕੀਬੋਰਡ) ਅਤੇ ਵਿੱਕੀ ਮਾਣੇਵਾਲੀਆ (ਕੋਰਸ) ਨੇ ਆਪਣੀ ਕਲਾ ਨਾਲ ਚਾਰ ਚੰਨ ਲਾਏ। ਇਸ ਮੌਕੇ ਅਮਨ ਧਾਲੀਵਾਲ ਦੇ ਭਰਾ ਕਿਸਮਤ ਸਿੰਘ ਬੀਹਲਾ ਨੇ ਵੀ ਆਪਣੀ ਕਲਾ ਦਾ ਪ੍ਰਭਾਵਸ਼ਾਲੀ ਪ੍ਰਦਰਸ਼ਨ ਕੀਤਾ।

ਇਸ ਯਾਦਗਾਰੀ ਸ਼ਾਮ ਦਾ ਪ੍ਰਬੰਧ ਰਾਜਦੀਪ ਖੋਸਾ, ਬਿੱਕਰ ਸਿੰਘ ਖੋਸਾ (ਖੋਸਾ ਫਾਰਮ ਸਰੀ), ਦਰਸ਼ਨ ਸਿੰਘ ਸੰਘਾ, ਬਲਬੀਰ ਸਿੰਘ ਬਰਾੜ, ਕੁਲਬੀਰ ਸਿੰਘ ਬਰਾੜ, ਜੀਵਨ ਸਿੰਘ ਬਰਾੜ, ਹਰਪ੍ਰੀਤ ਬਰਾੜ ਝੱਖੜਵਾਲੀਆ, ਪ੍ਰਦੀਪ ਸਿਵੀਆਂ, ਸਤਿੰਦਰ ਸਰਾਂ, ਬਲਵਿੰਦਰ ਸਰਾਂ, ਗੁਰਪ੍ਰੀਤ ਢਿੱਲੋਂ, ਪ੍ਰਿਥੀ ਗਿੱਲ, ਮੋਹਦੀਪ ਮਾਨ, ਸੁਰਜੀਤ ਬਰਾੜ, ਬਾਬ ਹੰਸ, ਸੁੱਖੀ ਜੌਹਲ, ਪਵਨ ਸੇਠੀ, ਜਗਵਿੰਦਰ ਸਰਾਂ ਅਤੇ ਬਰਜਿੰਦਰਾ ਕਾਲਜ ਫ਼ਰੀਦਕੋਟ ਦੇ ਪੁਰਾਣੇ ਵਿਦਿਆਰਥੀਆਂ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ।

ਇਸ ਰੰਗੀਨ ਸ਼ਾਮ ਵਿੱਚ ਸਰੀ ਦੇ ਵੱਖ-ਵੱਖ ਖੇਤਰਾਂ ਨਾਲ ਸਬੰਧਤ ਜਾਣੀਆਂ-ਪਛਾਣੀਆਂ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ।


ਇਨ੍ਹਾਂ ਵਿੱਚ ਹੋਰਨਾਂ ਤੋਂ ਇਲਾਵਾ ਐਮ.ਐਲ.ਏ. ਜਗਰੂਪ ਸਿੰਘ ਬਰਾੜ, ਮੋਹਨ ਗਿੱਲ, ਅੰਗਰੇਜ਼ ਬਰਾੜ, ਪ੍ਰਿਤਪਾਲ ਸਿੰਘ ਗਿੱਲ, ਸੁਰਜੀਤ ਸਿੰਘ ਮਾਧੋਪੁਰੀ, ਕਵਿੰਦਰ ਚਾਂਦ, ਅਮਰੀਕ ਪਲਾਹੀ, ਸੁਖਵਿੰਦਰ ਜੌਹਲ, ਕਿਰਨਦੀਪ ਮੱਲ੍ਹੀ, ਡਾ. ਬਲਵਿੰਦਰ ਸਿੰਘ ਧਾਲੀਵਾਲ, ਕੁਲਵੰਤ ਸਹੋਤਾ, ਬਰਜਿੰਦਰ ਬਾਠ, ਗੁਰਬਾਜ ਬਰਾੜ, ਕਰਤਾਰ ਢਿੱਲੋਂ, ਜਸਵੀਰ ਸਿੰਘ ਭਲੂਰੀਆ, ਵੀਤ ਬਾਦਸ਼ਾਹਪੁਰੀ, ਸੁਖਪ੍ਰੀਤ ਦੌਲਤ, ਗੀਤਕਾਰ ਜਗਵਿੰਦਰ ਸਰਾਂ, ਜਗਦੀਪ ਖੋਸਾ (ਪੀਟਰ), ਬਲਰਾਜ ਸਿੰਘ ਸਰਾਂ, ਜਗਤਾਰ ਰਾਊਕੇ ਅਤੇ ਜੱਗੀ ਰਾਮੂਵਾਲੀਆ ਸ਼ਾਮਲ ਸਨ।

# ਰੇਡੀਓ ਇੰਡੀਆ ਵੱਲੋਂ ਮੇਅਰ ਐਰਿਕ ਵੁੱਡਵਾਰਡ ਤੇ ਪ੍ਰੋਗਰੈਸ ਫਾਰ ਲੈਂਗਲੀ ਦੇ ਸਮਰਥਨ ਵਿਚ ਸਮਾਗਮ















**ਐਲਡਰਗਰੋਵ –** ਬੀਤੇ ਦਿਨ ਰੇਡੀਓ ਇੰਡੀਆ ਵੱਲੋਂ ਐਲਡਰਗ੍ਰੋਵ ਸਥਿਤ ਲੈਂਗਲੀ ਬੈਂਕੁਇਟ ਹਾਲ ਵਿੱਚ ਆਪਣੇ ਸਰੋਤਿਆਂ ਲਈ ਇੱਕ ਵਿਸ਼ੇਸ਼ ਭਾਈਚਾਰਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਲੈਂਗਲੀ ਟਾਊਨਸ਼ਿਪ ਦੇ ਮੇਅਰ ਐਰਿਕ ਵੁੱਡਵਰਡ ਅਤੇ ਉਹਨਾਂ ਦੀ ਅਗਵਾਈ ਹੇਠ ਪ੍ਰੋਗਰੈਸ ਫਾਰ ਲੈਂਗਲੀ ਤਹਿਤ ਮੁੜ ਚੋਣ ਲੜ ਰਹੀ ਟੀਮ ਦੇ ਮੈਂਬਰ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ।

ਸਮਾਗਮ ਦਾ ਮੰਚ ਸੰਚਾਲਨ ਰੇਡੀਓ ਇੰਡੀਆ ਦੇ ਡਾਇਰੈਕਟਰ ਆਫ਼ ਰਿਸਰਚ ਲਵਲੀਨ ਗਿੱਲ ਨੇ ਕੀਤਾ। ਇਕੱਠ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਨੇ ਰੇਡੀਓ ਇੰਡੀਆ ਅਤੇ ਇਸ ਦੇ ਸਰੋਤਿਆਂ ਵਿਚਾਲੇ ਦਹਾਕਿਆਂ ਤੋਂ ਚੱਲੀ ਆ ਰਹੀ ਗੂੜ੍ਹੀ ਸਾਂਝ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਰੇਡੀਓ ਇੰਡੀਆ ਦੀ ਨਵੀਂ 1110 ਏ.ਐੱਮ. ਫ੍ਰੀਕੁਐਂਸੀ ਰਾਹੀਂ ਲੈਂਗਲੀ ਅਤੇ ਆਲੇ-ਦੁਆਲੇ ਦੇ ਇਲਾਕਿਆਂ ਦੇ ਵੱਡੀ ਗਿਣਤੀ ਵਿੱਚ ਸਰੋਤੇ ਹੁਣ ਰੇਡੀਓ ਇੰਡੀਆ ਨਾਲ ਜੁੜ ਗਏ ਹਨ।

ਇਸ ਮੌਕੇ ਮੁੱਖ ਮਹਿਮਾਨ ਮੇਅਰ ਐਰਿਕ ਵੁੱਡਵਰਡ ਨੇ ਪਿਛਲੇ ਚਾਰ ਸਾਲਾਂ ਦੌਰਾਨ ਆਪਣੇ ਪ੍ਰਸ਼ਾਸਨ ਵੱਲੋਂ ਕੀਤੇ ਗਏ ਕੰਮਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਬੁਨਿਆਦੀ ਢਾਂਚੇ ਦੇ ਵਿਕਾਸ, ਜ਼ਿੰਮੇਵਾਰ ਵਿੱਤੀ ਪ੍ਰਬੰਧਨ ਅਤੇ ਟਾਊਨਸ਼ਿਪ ਵਾਸੀਆਂ ਦੀ ਭਲਾਈ ਲਈ ਕੀਤੀਆਂ ਹੋਰ ਪਹਿਲਕਦਮੀਆਂ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ। ਉਹਨਾਂ ਦੱਸਿਆ ਕਿ ਅਗਲੇ ਕੁਝ ਸਾਲਾਂ ਵਿਚ ਲੈਂਗਲੀ ਟਾਊਨਸ਼ਿਪ ਮੈਟਰੋ ਵੈਨਕੂਵਰ ਦੀ ਵੱਡੀ ਵਸੋਂ ਵਾਲਾ ਸ਼ਹਿਰ ਬਣ ਰਿਹਾ ਹੈ, ਜਿਥੇ ਆਬਾਦੀ ਦੇ ਵਾਧੇ ਦੇ ਨਾਲ ਸਰਬਪੱਖੀ ਵਿਕਾਸ ਦੇ ਭਰਪੂਰ ਮੌਕੇ ਹੋਣਗੇ। ਉਹਨਾਂ ਅਕਤੂਬਰ ਚੋਣਾਂ ਵਿਚ ਉਹਨਾਂ ਦੀ ਅਗਵਾਈ ਵਾਲੀ ਪ੍ਰੋਗਰੈਸ ਫਾਰ ਲੈਂਗਲੀ ਟੀਮ ਦੇ ਸਮਰਥਨ ਦੀ ਅਪੀਲ ਕੀਤੀ।

ਸਕੂਲ ਟਰੱਸਟੀ ਸਰਬ ਰਾਏ ਜੋਕਿ ਇਸ ਸਮੇਂ ਪ੍ਰੋਗਰੈਸ ਫਾਰ ਲੈਂਗਲੀ ਵਲੋਂ ਕੌਂਸਲਰ ਉਮੀਦਵਾਰ ਹਨ ਨੇ ਵੀ ਇਕੱਠ ਨੂੰ ਸੰਬੋਧਨ ਕੀਤਾ। ਉਹਨਾਂ ਇਸ ਇਲਾਕੇ ਵਿਚ ਵਸਦੇ ਪੰਜਾਬੀਆਂ ਨੂੰ ਵਿਸ਼ੇਸ਼ ਅਪੀਲ ਕਰਦਿਆਂ ਕਿਹਾ ਕਿ ਜੇਕਰ ਉਹ ਚੁਣੇ ਜਾਂਦੇ ਹਨ ਤਾਂ ਉਹ ਲੈਂਗਲੀ ਟਾਊਨਸ਼ਿਪ ਦੇ ਇਤਿਹਾਸ ਵਿੱਚ ਕੌਂਸਲਰ ਚੁਣੇ ਜਾਣ ਵਾਲੇ ਪਹਿਲੇ ਸਾਊਥ ਏਸ਼ੀਅਨ ਹੋਣਗੇ।

ਸਮਾਗਮ ਵਿੱਚ ਕੋਰੀਅਨ ਐਸੋਸੀਏਸ਼ਨ ਆਫ਼ ਬ੍ਰਿਟਿਸ਼ ਕੋਲੰਬੀਆ ਦੇ ਪ੍ਰਧਾਨ ਜੂਨ ਪਾਰਕ, ਟਾਊਨਸ਼ਿਪ ਆਫ਼ ਲੈਂਗਲੀ ਦੇ ਕੌਂਸਲਰ ਰੌਬ ਰਿੰਡਟ ਅਤੇ ਕੌਂਸਲਰ ਟਿਮ ਬੇਲੀ ਸਮੇਤ ਕਈ ਹੋਰ ਪਤਵੰਤੇ ਵੀ ਸ਼ਾਮਲ ਹੋਏ।

ਸਮਾਗਮ ਦੀ ਸਮਾਪਤੀ ਮੌਕੇ ਰੇਡੀਓ ਇੰਡੀਆ ਦੇ ਮੈਨੇਜਿੰਗ ਡਾਇਰੈਕਟਰ ਮਨਿੰਦਰ ਗਿੱਲ ਨੇ ਸਰੋਤਿਆਂ ਵੱਲੋਂ ਲਗਾਤਾਰ ਮਿਲ ਰਹੇ ਵਿਸ਼ਵਾਸ, ਪਿਆਰ ਅਤੇ ਸਮਰਥਨ ਲਈ ਧੰਨਵਾਦ ਕੀਤਾ। ਉਨ੍ਹਾਂ ਨੇ ਮੇਅਰ ਐਰਿਕ ਵੁੱਡਵਰਡ ਅਤੇ ਸਮਾਗਮ ਵਿਚ ਸ਼ਾਮਿਲ ਭਾਈਚਾਰਕ ਆਗੂਆਂ-ਸਾਬਕਾ ਮੰਤਰੀ ਡਾ. ਗੁਲਜ਼ਾਰ ਸਿੰਘ ਚੀਮਾ, ਜਿੰਨੀ ਸਿਮਸ, ਅਵਤਾਰ ਸਿੰਘ ਰਾਜਾ ਗਿੱਲ, ਕੁਲਵੰਤ ਢੇਸੀ, ਇੰਦਾ ਰਾਏਕੋਟੀ, ਸੱਬਾ ਹੁੰਦਲ, ਪਰਮਜੀਤ ਖੋਸਲਾ , ਹੈਪੀ ਦਿਓਲ, ਬੂਟਾ ਸਿੰਘ ਢਿੱਲੋਂ, ਨਛੱਤਰ ਸਿੰਘ ਕੂਨਰ, ਬਲਬੀਰ ਸਿੰਘ ਪੱਡਾ, ਕੁਲਤਰਨ ਅਟਵਾਲ, ਡਾ ਬਲਜਿੰਦਰ ਚੀਮਾ, ਰਮਨਦੀਪ ਝੱਜ, ਮਨਜੀਤ ਸਿੰਘ ਬਹੁਗਣ, ਰਮਨਦੀਪ ਸਿੰਘ ਗਿੱਲ ਰੈਡ ਸਟਾਰ ਟਰਾਂਸਪੋਰਟ, ਜਸਪ੍ਰੀਤ ਸਿੰਘ ਰਾਜਾ ਪੰਧੇਰ ਗੋਲਡ ਲੀਫ ਟਰਾਂਸਪੋਰਟ, ਰਾਜਿੰਦਰ ਸਿੰਘ ਢਿੱਲੋਂ ਪ੍ਰਧਾਨ ਖਾਲਸਾ ਦੀਵਾਨ ਸੁਸਾਇਟੀ ਐਬਸਫੋਰਡ, ਜਗਦੇਵ ਸਿੰਘ ਮੱਖਣ, ਗੁਰਤੇਜ ਗਿੱਲ, ਕਰਨੈਲ ਸਿੰਘ ਟੁੱਟ, ਦਵਿੰਦਰ ਗਰੇਵਾਲ ਲੈਂਗਲੀ ਬੈਂਕੁਇਟ ਹਾਲ ਅਤੇ ਸਤਬੀਰ ਭੁੱਲਰ ਮੌਰਟਗੇਜ਼ ਸਲਾਹਕਾਰ ਦਾ ਵਿਸ਼ੇਸ਼ ਧੰਨਵਾਦ ਕੀਤਾ। ਉਹਨਾਂ ਭਾਈਚਾਰੇ ਦੇ ਆਗੂਆਂ ਦੀ ਰੇਡੀਓ ਇੰਡੀਆ ਅਤੇ ਭਾਈਚਾਰਕ ਸਾਂਝ ਵਧਾਉਣ ਲਈ ਸਹਿਯੋਗ ਤੇ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ।

# ਕੈਨੇਡਾ ਵਿਸ਼ਵ ਦੀ ਤੇਜ਼ੀ ਨਾਲ ਬਦਲ ਰਹੀ ਅਰਥ ਵਿਵਸਥਾ ਦੇ ਮੁਕਾਬਲੇ ਲਈ ਤਿਆਰ-ਵਿੱਤ ਮੰਤਰੀ ਸ਼ੈਂਪੇਨ

## ਸਰੀ ਵਿਚ ਲਿਬਰਲ ਐਮ ਪੀ ਗੁਰਬਖਸ਼ ਸੈਣੀ ਵਲੋਂ ਸਮਾਗਮ ਦਾ ਆਯੋਜਨ













**ਸਰੀ –** ਬੀਤੇ ਦਿਨੀ ਕੈਨੇਡਾ ਦੇ ਵਿੱਤ ਮੰਤਰੀ ਫਰਾਂਸਵਾ-ਫਿਲਿਪ ਸ਼ੈਂਪੇਨ ਦੇ ਮਾਣ ਵਿਚ ਸਰੀ ਫਲੀਟਵੁੱਡ ਤੋਂ ਲਿਬਰਲ ਐਮ ਪੀ ਗੁਰਬਖਸ਼ ਸਿੰਘ ਸੈਣੀ ਵਲੋਂ ਰੱਖੇ ਗਏ ਇਕ ਇਕ ਸਮਾਗਮ ਵਿਚ ਭਰਵਾਂ ਸਵਾਗਤ ਕੀਤਾ ਗਿਆ। ਇਹ ਸਮਾਗਮ ਵਿੱਚ ਸਰੀ ਦੀ ਮੇਅਰ ਬਰੈਂਡ ਲੌਕ ਵੀ ਸ਼ਾਮਿਲ ਹੋਏਝ ਸਰੀ ਦੇ ਤਾਜ ਕਨਵੈਨਸ਼ਨ ਪਾਰਕ ਵਿਖੇ ਇਕੱਠ ਨੂੰ ਸੰਬੋਧਨ ਕਰਦਿਆਂ ਮੰਤਰੀ ਸ਼ੈਂਪੇਨ ਨੇ ਕੈਨੇਡੀਅਨ ਪ੍ਰਭੁਸੱਤਾ ਦੀ ਰੱਖਿਆ, ਆਰਥਿਕਤਾ ਦੀ ਮਜ਼ਬੂਤੀ ਦੀ ਗੱਲ ਕਰਦਿਆਂ ਕਿਹਾ ਕਿ ਕੈਨੇਡਾ ਤੇਜ਼ੀ ਨਾਲ ਬਦਲ ਰਹੀ ਵਿਸ਼ਵ ਅਰਥਵਿਵਸਥਾ ਵਿੱਚ ਮੁਕਾਬਲਾ ਕਰਨ ਲਈ ਤਿਆਰ ਹੈ।

ਉਨ੍ਹਾਂ ਨੇ ਕੈਨੇਡਾ ਦੇ ਵਪਾਰਕ ਬੁਨਿਆਦੀ ਢਾਂਚੇ ਅਤੇ ਬੰਦਰਗਾਹ ਸਮਰੱਥਾ ਨੂੰ ਵਧਾਉਣ ਦੀ ਮਹੱਤਤਾ ਨੂੰ ਉਜਾਗਰ ਕੀਤਾ ਤਾਂ ਜੋ ਕੈਨੇਡੀਅਨ ਕਾਰੋਬਾਰ ਨਵੇਂ ਅੰਤਰਰਾਸ਼ਟਰੀ ਬਾਜ਼ਾਰਾਂ ਤੱਕ ਪਹੁੰਚ ਸਕਣ। ਮੰਤਰੀ ਨੇ ਸਰੀ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ ਹੋਰ ਵੱਡੇ ਬੁਨਿਆਦੀ ਢਾਂਚੇ ਦੇ ਨਿਰਮਾਣ, ਨਿਵੇਸ਼ ਨੂੰ ਆਕਰਸ਼ਿਤ ਕਰਨ ਅਤੇ ਚੰਗੀ ਤਨਖਾਹ ਵਾਲੀਆਂ ਨੌਕਰੀਆਂ ਪੈਦਾ ਕਰਨ ਦੀ ਜ਼ਰੂਰਤ 'ਤੇ ਵੀ ਜ਼ੋਰ ਦਿੱਤਾ। ਉਹਨਾਂ ਵਿਸ਼ਵ ਸਾਹਮਣੇ ਆਰਥਿਕ ਮੰਦੀ ਦੀਆਂ ਚੁਣੌਤੀਆਂ, ਅਮਰੀਕਾ ਦਾ ਟੈਰਿਫ ਨੀਤੀ ਅਤੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਵਲੋਂ ਆਰਥਿਕ ਸੰਕਟ ਨਾਲ ਨਿਪਟਣ ਅਤੇ ਕੌਮਾਂਤਰੀ ਵਪਾਰ ਮੰਚ ਤੇ ਕੈਨੇਡਾ ਦੇ ਮਜਬੂਤ ਉਭਾਰ ਲਈ ਕੀਤੇ ਜਾ ਰਹੇ ਯਤਨਾਂ ਬਾਰੇ ਦੱਸਿਆ। ਉਹਨਾਂ ਆਪਣੇ ਭਾਸ਼ਨ ਉਪਰੰਤ ਲੋਕਾਂ ਨੂੰ ਮਿਲਦਿਆਂ ਉਹਨਾਂ ਦੇ ਵਿਚਾਰ ਵੀ ਜਾਣੇ।

ਇਸ ਮੌਕੇ ਐਮ ਪੀ ਗੁਰਬਖਸ਼ ਸੈਣੀ ਨੇ ਅਫੋਰਡੇਬਿਲਟੀ ਤੇ ਗੱਲ ਕਰਦਿਆਂ ਬਿੱਲ ਸੀ-226 ਤਹਿਤ ਫੂਡ ਪ੍ਰਾਈਸ ਲਈ ਰਾਸ਼ਟਰੀ ਢਾਂਚਾ ਪਾਰਦਰਸ਼ਤਾ ਐਕਟ ਦੇ ਘਰੇਲੂ ਵਪਾਰ ਨੂੰ ਮਜ਼ਬੂਤ ਕਰਨ, ਮੱਧ ਵਰਗ ਲਈ ਘੱਟ ਟੈਕਸ ਅਤੇ ਕੈਨੇਡੀਅਨ ਕਾਮਿਆਂ ਅਤੇ ਕਾਰੋਬਾਰਾਂ ਦੀ ਰੱਖਿਆ ਲਈ ਸਰਕਾਰ ਦੇ ਯਤਨਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਸਮਾਗਮ ਦੇ ਅਖੀਰ ਵਿਚ ਐਮ ਪੀ ਗੁਰਬਖਸ਼ ਸੈਣੀ ਨੇ ਵਿਤ ਮੰਤਰੀ ਅਤੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

# ਕੈਨੇਡਾ 'ਚ 1,500 ਭਾਰਤੀ ਵਿਦਿਆਰਥੀਆਂ 'ਤੇ ਦੇਸ਼ ਨਿਕਾਲੇ ਦਾ ਖ਼ਤਰਾ



**ਅਲਬਰਟਾ:** ਕੈਨੇਡਾ ਦੇ ਅਲਬਰਟਾ ਸੂਬੇ ਵਿੱਚ ਪੜ੍ਹ ਰਹੇ ਲਗਭਗ 1,500 ਭਾਰਤੀ ਵਿਦਿਆਰਥੀਆਂ ਲਈ ਇਮੀਗ੍ਰੇਸ਼ਨ ਨਾਲ ਜੁੜੀ ਚਿੰਤਾ ਵਧ ਗਈ ਹੈ। ਜਾਣਕਾਰੀ ਮੁਤਾਬਕ ਇਨ੍ਹਾਂ ਵਿਦਿਆਰਥੀਆਂ ਦੇ ਪੋਸਟ-ਗ੍ਰੈਜੂਏਟ ਵਰਕ ਪਰਮਿਟ ਨਾਲ ਸਬੰਧਤ ਮਾਮਲੇ ਕਾਰਨ ਉਨ੍ਹਾਂ ਨੂੰ ਕੈਨੇਡਾ ਵਿੱਚ ਆਪਣੇ ਭਵਿੱਖ ਨੂੰ ਲੈ ਕੇ ਅਨਿਸ਼ਚਿਤਤਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵਿਦਿਆਰਥੀਆਂ ਦਾ ਕਹਿਣਾ ਹੈ ਕਿ ਮੌਜੂਦਾ ਸਥਿਤੀ ਉਨ੍ਹਾਂ ਦੀ ਪੜ੍ਹਾਈ, ਨੌਕਰੀ ਅਤੇ ਕੈਨੇਡਾ ਵਿੱਚ ਰਹਿਣ ਦੀ ਯੋਜਨਾ ਨੂੰ ਪ੍ਰਭਾਵਿਤ ਕਰ ਸਕਦੀ ਹੈ।

ਇਹ ਵਿਦਿਆਰਥੀ ਅਲਬਰਟਾ ਵਿੱਚ ਸਟੱਡੀ ਅਤੇ ਜੌਬ ਨਾਲ ਜੁੜੇ ਪ੍ਰੋਗਰਾਮਾਂ ਵਿੱਚ ਹਿੱਸਾ ਲੈ ਰਹੇ ਸਨ। ਪੜ੍ਹਾਈ ਪੂਰੀ ਕਰਨ ਤੋਂ ਬਾਅਦ ਕੈਨੇਡਾ ਵਿੱਚ ਕੰਮ ਕਰਨ ਲਈ ਪੋਸਟ-ਗ੍ਰੈਜੂਏਟ ਵਰਕ ਪਰਮਿਟ ਨੂੰ ਇੱਕ ਮਹੱਤਵਪੂਰਨ ਮੌਕਾ ਮੰਨਿਆ ਜਾਂਦਾ ਹੈ। ਇਸ ਪਰਮਿਟ ਨਾਲ ਵਿਦਿਆਰਥੀਆਂ ਨੂੰ ਆਪਣੀ ਸਿੱਖਿਆ ਦੇ ਖੇਤਰ ਵਿੱਚ ਤਜਰਬਾ ਹਾਸਲ ਕਰਨ ਅਤੇ ਕੈਨੇਡਾ ਵਿੱਚ ਕਰੀਅਰ ਬਣਾਉਣ ਦਾ ਮੌਕਾ ਮਿਲਦਾ ਹੈ।



ਰਿਪੋਰਟ ਮੁਤਾਬਕ ਪਰਮਿਟ ਨਾਲ ਜੁੜੇ ਬਦਲਾਅ ਤੋਂ ਬਾਅਦ ਪ੍ਰਭਾਵਿਤ ਵਿਦਿਆਰਥੀਆਂ ਨੇ ਅਲਬਰਟਾ ਵਿੱਚ ਵਿਰੋਧ ਪ੍ਰਦਰਸ਼ਨ ਵੀ ਕੀਤੇ। ਵਿਦਿਆਰਥੀਆਂ ਵੱਲੋਂ ਆਪਣੀਆਂ ਸਮੱਸਿਆਵਾਂ ਦਾ ਹੱਲ ਕਰਨ ਅਤੇ ਉਨ੍ਹਾਂ ਨੂੰ ਕੈਨੇਡਾ ਵਿੱਚ ਕਾਨੂੰਨੀ ਤੌਰ 'ਤੇ ਕੰਮ ਕਰਨ ਲਈ ਵਧੇਰੇ ਸਪੱਸ਼ਟਤਾ ਦੇਣ ਦੀ ਮੰਗ ਕੀਤੀ ਜਾ ਰਹੀ ਹੈ।

ਵਿਦਿਆਰਥੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਕੈਨੇਡਾ ਵਿੱਚ ਪੜ੍ਹਾਈ ਕਰਨ ਲਈ ਵੱਡੀ ਰਕਮ ਖਰਚ ਕੀਤੀ ਹੈ। ਉਨ੍ਹਾਂ ਨੇ ਪੜ੍ਹਾਈ ਦੇ ਨਾਲ-ਨਾਲ ਆਪਣੀ ਜ਼ਿੰਦਗੀ ਅਤੇ ਕਰੀਅਰ ਦੀ ਯੋਜਨਾ ਵੀ ਇਸ ਆਧਾਰ 'ਤੇ ਬਣਾਈ ਸੀ ਕਿ ਸਿੱਖਿਆ ਪੂਰੀ ਕਰਨ ਤੋਂ ਬਾਅਦ ਉਨ੍ਹਾਂ ਨੂੰ ਕੰਮ ਕਰਨ ਦਾ ਮੌਕਾ ਮਿਲੇਗਾ। ਹੁਣ ਪਰਮਿਟ ਨਾਲ ਜੁੜੀ ਅਨਿਸ਼ਚਿਤਤਾ ਕਾਰਨ ਕਈ ਵਿਦਿਆਰਥੀ ਤਣਾਅ ਅਤੇ ਭਵਿੱਖ ਬਾਰੇ ਚਿੰਤਾ ਵਿੱਚ ਹਨ।

ਮੌਜੂਦਾ ਜਾਣਕਾਰੀ ਅਨੁਸਾਰ ਕੈਨੇਡੀਅਨ ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਪ੍ਰਭਾਵਿਤ ਵਿਦਿਆਰਥੀਆਂ ਨੂੰ ਸੀਮਤ ਸਮੇਂ ਲਈ ਕੰਮ ਕਰਨ ਦੀ ਇਜਾਜ਼ਤ ਨਾਲ ਸਬੰਧਤ ਸਥਿਤੀ ਬਾਰੇ ਜਾਣਕਾਰੀ ਦਿੱਤੀ ਗਈ ਹੈ। ਵਿਦਿਆਰਥੀਆਂ ਅਤੇ ਉਨ੍ਹਾਂ ਦੇ ਸਮਰਥਕਾਂ ਦੀ ਮੰਗ ਹੈ ਕਿ ਸਰਕਾਰ ਇਸ ਮਾਮਲੇ ਦਾ ਸਥਾਈ ਹੱਲ ਲੱਭੇ।



# ਵੈਲੀ ਯੂਨਾਈਟਿਡ ਕਲਚਰਲ ਕਲੱਬ ਦਾ 'ਮੇਲਾ ਪੰਜਾਬੀਆਂ ਦਾ' ਯਾਦਗਾਰੀ ਹੋ ਨਿਬੜਿਆ

## ਗੀਤਾ ਜ਼ੈਲਦਾਰ, ਆਤਮਾ ਬੁੱਢੇਵਾਲ-ਪ੍ਰੀਤ ਲਾਲੀ ਤੇ ਮਲਿਕਾ-ਜੋਤੀ ਨੇ ਬੰਨ੍ਹਿਆ ਰੰਗ, ਹਰਜਿੰਦਰ ਥਿੰਦ ਸਮੇਤ ਕਈ ਸ਼ਖਸੀਅਤਾਂ ਦਾ ਵਿਸ਼ੇਸ਼ ਸਨਮਾਨ


















**ਐਬਸਫੋਰਡ (ਮਹੇਸ਼ਇੰਦਰ ਸਿੰਘ ਮਾਂਗਟ):** ਵੈਲੀ ਯੂਨਾਈਟਿਡ ਕਲਚਰਲ ਕਲੱਬ ਐਬਸਫੋਰਡ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 'ਮੇਲਾ ਪੰਜਾਬੀਆਂ ਦਾ' ਰੋਟਰੀ ਸਟੇਡੀਅਮ ਐਬਸਫੋਰਡ ਵਿਖੇ ਬੜੀ ਧੂਮਧਾਮ ਅਤੇ ਉਤਸ਼ਾਹ ਨਾਲ ਕਰਵਾਇਆ ਗਿਆ। ਮੇਲੇ ਦੌਰਾਨ ਪੰਜਾਬੀ ਸੱਭਿਆਚਾਰ, ਖੇਡਾਂ, ਗਾਇਕੀ ਅਤੇ ਸਾਹਿਤ ਦਾ ਖੂਬਸੂਰਤ ਸੁਮੇਲ ਦੇਖਣ ਨੂੰ ਮਿਲਿਆ।

ਮੇਲੇ ਦੇ ਮੁੱਖ ਗਾਇਕੀ ਪ੍ਰੋਗਰਾਮ ਦੌਰਾਨ ਉੱਘੇ ਪੰਜਾਬੀ ਗਾਇਕ ਗੀਤਾ ਜ਼ੈਲਦਾਰ, ਆਤਮਾ ਬੁੱਢੇਵਾਲ-ਪ੍ਰੀਤ ਲਾਲੀ ਦੀ ਦੋਗਾਣਾ ਜੋੜੀ, ਮਲਿਕਾ-ਜੋਤੀ, ਕੌਰ ਮਨਦੀਪ, ਮਨਰਾਜ ਹੰਸ, ਬਲਰਾਜ, ਨਵੀ, ਬੌਬੀ ਭੁੱਲਰ, ਏਕਮ, ਅਨਮੋਲ ਵਿਰਕ ਸਮੇਤ ਕਈ ਸਥਾਨਕ ਗਾਇਕਾਂ ਨੇ ਆਪਣੇ ਨਵੇਂ ਅਤੇ ਪੁਰਾਣੇ ਗੀਤਾਂ ਨਾਲ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ।

ਮਲਿਕਾ-ਜੋਤੀ ਦੀ ਗਾਇਕ ਭੈਣਾਂ ਦੀ ਜੋੜੀ ਨੇ ਮੰਚ ਤੋਂ ਹੇਠਾਂ ਆ ਕੇ ਦਰਸ਼ਕਾਂ ਨੂੰ ਆਪਣੇ ਨਾਲ ਨੱਚਣ ਲਈ ਮਜਬੂਰ ਕਰ ਦਿੱਤਾ। 'ਮੁੰਡਾ ਮੰਗਦਾ ਬਦਾਮਾਂ ਵਾਲੀ ਖੀਰ' ਸਮੇਤ ਹੋਰ ਗੀਤਾਂ 'ਤੇ ਦਰਸ਼ਕਾਂ ਨੇ ਖੂਬ ਨੱਚ-ਗਾ ਕੇ ਮੇਲੇ ਦਾ ਆਨੰਦ ਮਾਣਿਆ। ਉੱਥੇ ਹੀ ਆਤਮਾ ਬੁੱਢੇਵਾਲ-ਪ੍ਰੀਤ ਲਾਲੀ ਦੀ ਦੋਗਾਣਾ ਜੋੜੀ ਅਤੇ ਗੀਤਾ ਜ਼ੈਲਦਾਰ ਦੀ ਪੇਸ਼ਕਾਰੀ ਨੇ ਮੇਲੇ ਦੇ ਰੰਗ ਨੂੰ ਸਿਖਰ 'ਤੇ ਪਹੁੰਚਾ ਦਿੱਤਾ।

ਇਸ ਮੌਕੇ ਮੇਲਾ ਪ੍ਰਬੰਧਕ ਕਮੇਟੀ ਵੱਲੋਂ ਸਪਾਂਸਰਾਂ ਅਤੇ ਵੱਖ-ਵੱਖ ਖੇਤਰਾਂ ਵਿੱਚ ਯੋਗਦਾਨ ਪਾਉਣ ਵਾਲੀਆਂ ਸ਼ਖਸੀਅਤਾਂ ਦਾ ਯਾਦਗਾਰੀ ਚਿੰਨ੍ਹਾਂ ਨਾਲ ਸਨਮਾਨ ਕੀਤਾ ਗਿਆ। ਕਮੇਟੀ ਵਿੱਚ ਪ੍ਰਧਾਨ ਹਰਜੋਤ ਸੰਧੂ, ਜਤਿੰਦਰ ਸਿੰਘ ਹੈਪੀ ਗਿੱਲ, ਲਖਵੀਰ ਮਾਨ, ਮਨਜਿੰਦਰ ਪੰਨੂ, ਮਨਜੀਤ ਗਿੱਲ, ਸੁਰਜੀਤ ਉਪਲ, ਪਵਨ ਧਾਲੀਵਾਲ, ਗੁਰਪ੍ਰੀਤ ਬਰਾੜ, ਸੁਰਿੰਦਰਪਾਲ ਗਰੇਵਾਲ, ਦਵਿੰਦਰ ਸਿੱਧੂ, ਜਗਤਾਰ ਚਾਹਲ, ਪਵਨ ਪਾਂਡੇ ਅਤੇ ਰਣਜੀਤ ਸੰਧੂ ਸਮੇਤ ਹੋਰ ਮੈਂਬਰਾਂ ਨੇ ਅਹਿਮ ਭੂਮਿਕਾ ਨਿਭਾਈ।

ਮੇਲੇ ਵਿੱਚ ਐਮ.ਪੀ. ਸੁਖ ਧਾਲੀਵਾਲ, ਐਮ.ਪੀ. ਗੁਰਬਖਸ਼ ਸਿੰਘ ਸੈਣੀ, ਬੀ.ਸੀ. ਦੇ ਕੈਬਨਿਟ ਮੰਤਰੀ ਜਗਰੂਪ ਬਰਾੜ, ਸਾਬਕਾ ਐਮ.ਪੀ. ਜਤੀ ਸਿੱਧੂ, ਸਾਬਕਾ ਐਮ.ਪੀ. ਜਸਬੀਰ ਸੰਧੂ, ਕੌਂਸਲਰ ਦੇਵ ਹੇਅਰ, ਕੌਂਸਲਰ ਕੈਲੀ ਚਾਹਲ, ਸਰੀ ਤੋਂ ਕੌਂਸਲਰ ਉਮੀਦਵਾਰ ਮੀਰਾ ਗਿੱਲ ਅਤੇ ਪਰਮਿੰਦਰ ਚੌਹਾਨ ਰਾਜਵੀਰ ਢਿੱਲੋਂ, ਐਬਸਫੋਰਡ ਖਾਲਸਾ ਦੀਵਾਨ ਸੁਸਾਇਟੀ ਦੇ ਪ੍ਰਧਾਨ ਰਾਜਿੰਦਰ ਸਿੰਘ ਢਿੱਲੋਂ, ਮੀਤ ਪ੍ਰਧਾਨ ਜਗਦੇਵ ਸਿੰਘ ਮੱਖਣ, ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਤੋਂ ਕਸ਼ਮੀਰ ਸਿੰਘ ਧਾਲੀਵਾਲ, ਜੁਗਿੰਦਰ ਸਿੰਘ ਸੁੰਨੜ, ਰੀਐਲਟਰ ਸੈਮ ਤੂਰ, ਡਾ ਪਰਗਟ ਸਿੰਘ ਭੁਰਜੀ, ਅਮਰ ਢਿੱਲੋਂ, ਸੋਨੀ ਸਿੱਧੂ,ਉੱਘੇ ਪ੍ਰਮੋਟਰ ਜਗਰਾਜ ਸਿੰਘ ਗਰਚਾ, ਅਜਮੇਰ ਸਿੰਘ ਭਾਗਪੁਰ ਸਾਬਕਾ ਚੇਅਰਮੈਨ, ਕਬੱਡੀ ਪ੍ਰਮੋਟਰ ਬਲਬੀਰ ਬੈਂਸ, ਗੁਰਬਿੰਦਰ ਸਿੰਘ ਬੋਪਾਰਾਏ, ਮੇਜਰ ਸਿੰਘ ਸਿੱਧੂ, ਹਰਵ ਬਦੇਸ਼ਾ, ਹਰਵਿੰਦਰ ਤੂਰ, ਰਾਜ ਖੇਲਾ ਸਮੇਤ ਵੱਖ-ਵੱਖ ਰਾਜਨੀਤਕ, ਸਮਾਜਿਕ ਅਤੇ ਧਾਰਮਿਕ ਸ਼ਖਸੀਅਤਾਂ ਨੇ ਵਿਸ਼ੇਸ਼ ਹਾਜ਼ਰੀ ਭਰੀ ਅਤੇ ਪ੍ਰਬੰਧਕਾਂ ਨੂੰ ਮੇਲੇ ਦੀ ਸਫਲਤਾ ਲਈ ਵਧਾਈ ਦਿੱਤੀ।

ਇਸ ਦੌਰਾਨ ਰੈੱਡ ਐਫ.ਐਮ. ਦੇ ਉੱਘੇ ਰੇਡੀਓ ਹੋਸਟ ਹਰਜਿੰਦਰ ਸਿੰਘ ਥਿੰਦ ਨੂੰ ਪੰਜਾਬੀ ਭਾਈਚਾਰੇ ਅਤੇ ਰੇਡੀਓ ਖੇਤਰ ਵਿੱਚ ਨਿਭਾਈਆਂ ਸ਼ਾਨਦਾਰ ਸੇਵਾਵਾਂ ਲਈ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਰੀਐਲਟਰ ਟੋਨੀ ਬੱਲ, ਸਕੂਲ ਟਰੱਸਟੀ ਅਰਸ਼ ਕਲੇਰ ਅਤੇ ਹਰਦੀਪ ਸਿੰਘ ਪਰਮਾਰ, ਸਪਾਈਸ ਕਿਚਨ ਸਮੇਤ ਹੋਰ ਵਿਸ਼ੇਸ਼ ਮਹਿਮਾਨਾਂ ਦਾ ਵੀ ਸਨਮਾਨ ਕੀਤਾ ਗਿਆ।

ਮੇਲੇ ਦੀ ਸਫਲਤਾ ਲਈ ਪ੍ਰਧਾਨ ਹਰਜੋਤ ਸੰਧੂ ਅਤੇ ਜਤਿੰਦਰ ਸਿੰਘ ਹੈਪੀ ਗਿੱਲ ਨੇ ਸਮੂਹ ਸਰੋਤਿਆਂ, ਗਾਇਕਾਂ, ਸਪਾਂਸਰਾਂ ਅਤੇ ਸਹਿਯੋਗੀਆਂ ਦਾ ਵਿਸ਼ੇਸ਼ ਧੰਨਵਾਦ ਕੀਤਾ।

ਗਾਇਕੀ ਦੇ ਅਖਾੜੇ ਤੋਂ ਪਹਿਲਾਂ ਕੈਲ ਦੁਸਾਂਝ ਦੀ ਅਗਵਾਈ ਹੇਠ ਕਿਡਜ ਪਲੇਅ ਵੱਲੋਂ ਬੱਚਿਆਂ ਦੀਆਂ ਦੌੜਾਂ ਅਤੇ ਰੱਸਾਕਸ਼ੀ ਦੇ ਮੁਕਾਬਲੇ ਵੀ ਕਰਵਾਏ ਗਏ, ਜਿਨ੍ਹਾਂ ਵਿੱਚ ਬੱਚਿਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਮੇਲੇ ਵਿੱਚ ਪੰਜਾਬੀ ਜੁੱਤੀਆਂ ਅਤੇ ਪੰਜਾਬੀ ਸੂਟਾਂ ਦੇ ਵੱਖ-ਵੱਖ ਸਟਾਲ ਵੀ ਖਿੱਚ ਦਾ ਕੇਂਦਰ ਰਹੇ। ਇਸ ਤੋਂ ਇਲਾਵਾ ਗੁਲਾਟੀ ਪਬਲਿਸ਼ਰਜ਼ ਵੱਲੋਂ ਹਰਦਮ ਮਾਨ ਦੀ ਅਗਵਾਈ ਹੇਠ ਲਗਾਈ ਗਈ ਪੁਸਤਕ ਪ੍ਰਦਰਸ਼ਨੀ ਨੂੰ ਵੀ ਪੰਜਾਬੀ ਪਾਠਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ।

ਕੁੱਲ ਮਿਲਾ ਕੇ ਵੈਲੀ ਯੂਨਾਈਟਿਡ ਕਲਚਰਲ ਕਲੱਬ ਵੱਲੋਂ ਕਰਵਾਇਆ ਗਿਆ 'ਮੇਲਾ ਪੰਜਾਬੀਆਂ ਦਾ' ਪੰਜਾਬੀ ਸੱਭਿਆਚਾਰ, ਗਾਇਕੀ, ਖੇਡਾਂ ਅਤੇ ਭਾਈਚਾਰਕ ਸਾਂਝ ਦਾ ਸੁਨੇਹਾ ਦਿੰਦਾ




# ਸੰਪਾਦਕੀ

## ਚੋਣਾਂ ’ਚ ਕਾਲੇ ਧਨ ’ਤੇ ਸੁਪਰੀਮ ਕੋਰਟ ਸਖ਼ਤ, ਜ਼ਬਤ ਨਕਦੀ ਦੀ 24 ਘੰਟਿਆਂ ’ਚ ਰਿਪੋਰਟ ਤੇ ਜਾਂਚ ਇੱਕ ਸਾਲ ’ਚ ਪੂਰੀ ਕਰਨ ਦੇ ਨਿਰਦੇਸ਼

ਚੋਣਾਂ ਵਿੱਚ ਕਾਲਾ ਧਨਸੁਪਰੀਮ ਕੋਰਟ ਨੇ ਬਿਲਕੁਲ ਸਹੀ ਟਿੱਪਣੀ ਕੀਤੀ ਹੈ ਕਿ ਚੋਣਾਂ ਵਿੱਚ ਕਾਲੇ ਧਨ ਦੀ ਵਰਤੋਂ ਜਮਹੂਰੀਅਤ ਨੂੰ ਕਮਜ਼ੋਰ ਕਰਦੀ ਹੈ ਕਿਉਂਕਿ ਵੋਟਰਾਂ ਦੀ ਪਸੰਦ ਪੈਸੇ ਜਾਂ ਲਾਲਚ ਨਾਲ ਪ੍ਰਭਾਵਿਤ ਹੁੰਦੀ ਹੈ। ਦਰਅਸਲ, ਚੋਣ ਪ੍ਰਕਿਰਿਆ ਉਦੋਂ ਤੱਕ ਨਿਰਪੱਖ ਅਤੇ ਆਜ਼ਾਦ ਨਹੀਂ ਹੋ ਸਕਦੀ ਜਦੋਂ ਤੱਕ ਗ਼ੈਰ-ਕਾਨੂੰਨੀ ਜਾਂ ਕਾਲਾ ਧਨ ਲੋਕਾਂ ਦੀ ਵੋਟਿੰਗ ਨੂੰ ਪ੍ਰਭਾਵਿਤ ਕਰਦਾ ਰਹੇਗਾ ਅਤੇ ਚੋਣ ਅਪਰਾਧਾਂ ਦੇ ਕੇਸ ਸਾਲਾਂਬੱਧੀ ਲਟਕਦੇ ਰਹਿਣਗੇ। ਅਦਾਲਤ ਨੇ ਇਸ ਗੱਲ ’ਤੇ ਜ਼ੋਰ ਦਿੱਤਾ ਹੈ ਕਿ ਚੋਣਾਂ ਵੇਲੇ ਸ਼ੱਕੀ ਨਕਦੀ ਫੜੇ ਜਾਣ ਪਿੱਛੋਂ ਫੌਰੀ ਭਰੋਸੇਯੋਗ ਕਾਰਵਾਈ ਹੋਣੀ ਚਾਹੀਦੀ ਹੈ।

ਇਹ ਹਦਾਇਤ ਜਵਾਬਦੇਹੀ ਨੂੰ ਯਕੀਨੀ ਬਣਾਉਣ ਲਈ ਇੱਕ ਅਹਿਮ ਕਦਮ ਹੈ ਕਿ ਜ਼ਬਤ ਕੀਤੀ ਗਈ ਰਕਮ ਦੀ ਰਿਪੋਰਟ 24 ਘੰਟਿਆਂ ਦੇ ਅੰਦਰ ਦਿੱਤੀ ਜਾਵੇ ਅਤੇ ਇਸ ਦੇ ਚੋਣ ਬੇਨੇਮੀਆਂ ਨਾਲ ਜੁੜੇ ਹੋਣ ਦੇ ਮੁੱਢਲੇ ਕਾਰਨ ਦੱਸੇ ਜਾਣ। ਇਸ ਦੇ ਨਾਲ ਹੀ ਜਾਂਚ ਆਮ ਤੌਰ ’ਤੇ ਇੱਕ ਸਾਲ ਦੇ ਅੰਦਰ ਮੁਕੰਮਲ ਹੋ ਜਾਣੀ ਚਾਹੀਦੀ ਹੈ ਅਤੇ ਕਿਸੇ ਵੀ ਕਿਸਮ ਦੀ ਦੇਰੀ ਦਾ ਕਾਰਨ ਭਾਰਤੀ ਚੋਣ ਕਮਿਸ਼ਨ ਨੂੰ ਦੱਸਿਆ ਜਾਵੇ। ਸੁਪਰੀਮ ਕੋਰਟ ਦਾ ਇਹ ਹੁਕਮ ਇੱਕ ਹੋਰ ਅਜਿਹੇ ਕੌੜੇ ਸੱਚ ਨੂੰ ਵੀ ਸਾਹਮਣੇ ਲਿਆਉਂਦਾ ਹੈ ਕਿ ਚੋਣ ਮਾਮਲਿਆਂ ਵਿੱਚ ਦੇਰੀ ਹੋਣ ਦਾ ਮਤਲਬ ਇਨਸਾਫ਼ ਮਿਲਣ ਤੋਂ ਇਨਕਾਰ ਹੋਣਾ ਹੈ। ਹਰ ਪੰਜ ਸਾਲ ਬਾਅਦ ਹੋਣ ਵਾਲੀਆਂ ਚੋਣਾਂ ਕਾਰਨ ਲੰਮੇ ਸਮੇਂ ਤੱਕ ਚੱਲਣ ਵਾਲੇ ਮੁਕੱਦਮੇ ਗੰਭੀਰ ਅਪਰਾਧਾਂ ਦੇ ਦੋਸ਼ੀ ਉਮੀਦਵਾਰਾਂ ਨੂੰ ਕੇਸ ਲਟਕਦੇ ਰਹਿਣ ਦੌਰਾਨ ਵਾਰ-ਵਾਰ ਚੋਣਾਂ ਲੜਨ ਦਾ ਮੌਕਾ ਦਿੰਦੇ ਹਨ। ਇਸ ਲਈ ਹਾਈਕੋਰਟਾਂ ਨੂੰ ਛੇਤੀ ਫ਼ੈਸਲੇ ਲਈ ਵਿਸ਼ੇਸ਼ ਅਦਾਲਤਾਂ ਬਣਾਉਣ ਦੀ ਹਦਾਇਤ ਬਹੁਤ ਸੁਆਗਤਯੋਗ ਹੈ। ਇਸੇ ਤਰ੍ਹਾਂ ਇਹ ਸ਼ਰਤ ਵੀ ਅਹਿਮ ਹੈ ਕਿ ਉਮੀਦਵਾਰਾਂ ਖ਼ਿਲਾਫ਼ ਚੋਣਾਂ ਨਾਲ ਜੁੜੇ ਕੇਸ ਵਾਪਸ ਲੈਣ ਤੋਂ ਪਹਿਲਾਂ ਹਾਈਕੋਰਟ ਦੀ ਮਨਜ਼ੂਰੀ ਲੈਣੀ ਪਵੇਗੀ। ਸੱਤਾ ਵਿੱਚ ਇੱਕ ਸਿਆਸੀ ਪਾਰਟੀ ਦੀ ਥਾਂ ਦੂਜੀ ਪਾਰਟੀ ਦੇ ਆਉਣ ਨੂੰ ਅਪਰਾਧਿਕ ਮਾਮਲਿਆਂ ਸਬੰਧੀ ਕੇਸਾਂ ਨੂੰ ਚੁੱਪਚਾਪ ਬੰਦ ਕਰ ਦੇਣ ਦਾ ਬਹਾਨਾ ਨਹੀਂ ਬਣਨ ਦਿੱਤਾ ਜਾਣਾ ਚਾਹੀਦਾ। ਵੱਡੀ ਗਿਣਤੀ ਕੇਸਾਂ ਦੇ ਲਟਕਦੇ ਆ ਰਹੇ ਹੋਣ ਕਰਕੇ ਇਹ ਕਦਮ ਫੌਰੀ ਚੁੱਕਣਾ ਬਣਦਾ ਸੀ। ਸਾਲ 2024 ਦੀਆਂ ਲੋਕ ਸਭਾ ਚੋਣਾਂ ਦੇ ਸਬੰਧ ਵਿੱਚ 3.87 ਲੱਖ ਤੋਂ ਵੱਧ ਐੱਫ ਆਈ ਆਰਜ਼ ਦਰਜ ਕੀਤੀਆਂ ਗਈਆਂ ਸਨ। ਇਨ੍ਹਾਂ ਵਿੱਚੋਂ ਲਗਪਗ 43 ਫ਼ੀਸਦੀ ਕੇਸਾਂ ਵਿੱਚ ਸਜ਼ਾਵਾਂ ਹੋਈਆਂ ਹਨ ਜਦੋਂਕਿ 20 ਫ਼ੀਸਦੀ ਕੇਸਾਂ ਵਿੱਚ ਰਿਪੋਰਟਾਂ ਬੰਦ ਕਰ ਦਿੱਤੀਆਂ ਗਈਆਂ ਹਨ, ਬਾਕੀ ਦੇ ਕੇਸ ਜਾਂ ਤਾਂ ਅਦਾਲਤ ਵਿੱਚ ਵਿਚਾਰ ਅਧੀਨ ਹਨ ਜਾਂ ਉਨ੍ਹਾਂ ਦੀ ਜਾਂਚ ਚੱਲ ਰਹੀ ਹੈ। ਸੁਪਰੀਮ ਕੋਰਟ ਦੇ ਇਸ ਦਖ਼ਲ ਨੇ ਸਿਆਸੀ ਫੰਡਿੰਗ ਬਾਰੇ ਚਰਚਾ ਨੂੰ ਵੀ ਸੁਰਜੀਤ ਕਰ ਦਿੱਤਾ ਹੈ।

ਸਾਲ 2024 ਵਿੱਚ ਸੁਪਰੀਮ ਕੋਰਟ ਨੇ ਚੋਣ ਬਾਂਡ ਯੋਜਨਾ ਨੂੰ ਰੱਦ ਕਰਦਿਆਂ ਇਹ ਫ਼ੈਸਲਾ ਸੁਣਾਇਆ ਸੀ ਕਿ ਗੁਮਨਾਮ ਸਿਆਸੀ ਚੰਦੇ ਵੋਟਰਾਂ ਦੇ ਜਾਣਕਾਰੀ ਦੇ ਅਧਿਕਾਰ ਦੀ ਉਲੰਘਣਾ ਕਰਦੇ ਹਨ। ਹੁਣ ਜਾਂਚ ਏਜੰਸੀਆਂ, ਸਰਕਾਰੀ ਵਕੀਲਾਂ, ਅਦਾਲਤਾਂ ਅਤੇ ਚੋਣ ਕਮਿਸ਼ਨ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਇਨ੍ਹਾਂ ਤਾਜ਼ਾ ਹਦਾਇਤਾਂ ਨੂੰ ਸਖ਼ਤੀ ਅਤੇ ਪਾਰਦਰਸ਼ੀ ਢੰਗ ਨਾਲ ਲਾਗੂ ਕਰਨ।

# ਇਮਰਾਨ ਖ਼ਾਨ ਦੀ ਸਿਹਤ ਨੂੰ ਲੈ ਕੇ ਚਿੰਤਾ ਵਧੀ

## ਮੈਡੀਕਲ ਰਿਪੋਰਟ ’ਚ ‘ਐਂਗਜ਼ਾਇਟੀ ਲੈਵਲ ਥ੍ਰੀ ਪਲੱਸ’ ਦਾ ਜ਼ਿਕਰ



ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਸਿਹਤ ਨੂੰ ਲੈ ਕੇ ਚਿੰਤਾਵਾਂ ਵਧ ਗਈਆਂ ਹਨ। ਪਾਕਿਸਤਾਨ ਦੀ ਸੁਪਰੀਮ ਕੋਰਟ ਨੇ ਉਨ੍ਹਾਂ ਨੂੰ ਤੁਰੰਤ ਇਸਲਾਮਾਬਾਦ ਦੇ ਸ਼ਿਫਾ ਇੰਟਰਨੈਸ਼ਨਲ ਹਸਪਤਾਲ ਵਿੱਚ ਦਾਖ਼ਲ ਕਰਵਾਉਣ ਦਾ ਹੁਕਮ ਦਿੱਤਾ ਹੈ। ਅਦਾਲਤ ਨੇ ਉਨ੍ਹਾਂ ਦੀ ਸਿਹਤ ਦੀ ਨਿਗਰਾਨੀ ਅਤੇ ਅਗਲੇ ਇਲਾਜ ਲਈ ਇੱਕ ਮੈਡੀਕਲ ਬੋਰਡ ਬਣਾਉਣ ਦੇ ਵੀ ਨਿਰਦੇਸ਼ ਦਿੱਤੇ ਹਨ।

ਮੰਗਲਵਾਰ ਨੂੰ ਤਿੰਨ ਮੈਂਬਰੀ ਬੈਂਚ ਨੇ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਦੇ ਮਹਾਂ ਸਕੱਤਰ ਸਲਮਾਨ ਅਕਰਮ ਰਾਜਾ ਅਤੇ ਇਮਰਾਨ ਖ਼ਾਨ ਦੀ ਭੈਣ ਉਜ਼ਮਾ ਖ਼ਾਨ ਵੱਲੋਂ ਦਾਇਰ ਅਰਜ਼ੀਆਂ ’ਤੇ ਸੁਣਵਾਈ ਕੀਤੀ। ਸੁਪਰੀਮ ਕੋਰਟ ਨੇ ਹੁਕਮ ਦਿੱਤਾ ਕਿ ਮੈਡੀਕਲ ਬੋਰਡ ਵਿੱਚ ਇਮਰਾਨ ਖ਼ਾਨ ਦੇ ਨਿੱਜੀ ਡਾਕਟਰ ਫੈਸਲ ਅਤੇ ਉਜ਼ਮਾ ਖ਼ਾਨ ਨੂੰ ਵੀ ਸ਼ਾਮਲ ਕੀਤਾ ਜਾਵੇ।

ਅਦਾਲਤ ਨੇ ਅਗਲੀ ਸੁਣਵਾਈ ਦੌਰਾਨ ਇਮਰਾਨ ਖ਼ਾਨ ਦੀ ਵਿਸਥਾਰਤ ਮੈਡੀਕਲ ਰਿਪੋਰਟ ਪੇਸ਼ ਕਰਨ ਦੇ ਵੀ ਹੁਕਮ ਦਿੱਤੇ ਹਨ। ਮਾਮਲੇ ਦੀ ਅਗਲੀ ਸੁਣਵਾਈ 16 ਸਤੰਬਰ ਨੂੰ ਹੋਵੇਗੀ।

### ਮੈਡੀਕਲ ਬੋਰਡ ਦੀ ਨਿਗਰਾਨੀ ਹੇਠ ਹੋਵੇਗਾ ਇਲਾਜ

ਜਸਟਿਸ ਸ਼ਾਹਿਦ ਵਹੀਦ ਦੀ ਅਗਵਾਈ ਵਾਲੇ ਤਿੰਨ ਮੈਂਬਰੀ ਬੈਂਚ ਨੇ ਸੁਣਵਾਈ ਦੌਰਾਨ ਕਿਹਾ ਕਿ ਇਮਰਾਨ ਖ਼ਾਨ ਦੀ ਸਿਹਤ ਨੂੰ ਲੈ ਕੇ ਸਿਆਸਤ ਨਹੀਂ ਕੀਤੀ ਜਾਣੀ ਚਾਹੀਦੀ। ਅਦਾਲਤ ਦੇ ਅੰਤਰਿਮ ਹੁਕਮ ਮੁਤਾਬਕ ਸਾਬਕਾ ਪ੍ਰਧਾਨ ਮੰਤਰੀ ਅਗਲੀ ਸੁਣਵਾਈ ਤੱਕ ਹਸਪਤਾਲ ਵਿੱਚ ਰਹਿਣਗੇ।

ਇਹ ਹੁਕਮ ਅਜਿਹੇ ਸਮੇਂ ਆਇਆ ਹੈ ਜਦੋਂ ਖੈਬਰ ਪਖ਼ਤੂਨਖ਼ਵਾ ਦੇ ਮੁੱਖ ਮੰਤਰੀ ਸੋਹੇਲ ਅਫ਼ਰੀਦੀ ਨੇ ਹਾਲ ਹੀ ਵਿੱਚ ਚਿਤਾਵਨੀ ਦਿੱਤੀ ਸੀ ਕਿ ਜੇਕਰ ਇਮਰਾਨ ਖ਼ਾਨ ਨੂੰ ਉਨ੍ਹਾਂ ਦੇ ਪਰਿਵਾਰ ਅਤੇ ਨਿੱਜੀ ਡਾਕਟਰਾਂ ਤੱਕ ਪਹੁੰਚ ਦੀ ਇਜਾਜ਼ਤ ਨਾ ਦਿੱਤੀ ਗਈ ਤਾਂ ਵਿਰੋਧ ਪ੍ਰਦਰਸ਼ਨ ਕੀਤੇ ਜਾ ਸਕਦੇ ਹਨ।

ਅਫ਼ਰੀਦੀ ਨੇ ਕਿਹਾ ਸੀ ਕਿ ਉਨ੍ਹਾਂ ਦੀ ਮੰਗ ਕੋਈ ਗੈਰ-ਸੰਵਿਧਾਨਕ ਜਾਂ ਗੈਰ-ਕਾਨੂੰਨੀ ਮੰਗ ਨਹੀਂ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਇਮਰਾਨ ਖ਼ਾਨ ਦਾ ਇਲਾਜ ਬਿਹਤਰ ਹਸਪਤਾਲ ਵਿੱਚ ਉਨ੍ਹਾਂ ਦੇ ਨਿੱਜੀ ਡਾਕਟਰਾਂ ਅਤੇ ਪਰਿਵਾਰ ਦੀ ਮੌਜੂਦਗੀ ਵਿੱਚ ਕੀਤਾ ਜਾਣਾ ਚਾਹੀਦਾ ਹੈ।

### ਮੈਡੀਕਲ ਰਿਪੋਰਟ ਵਿੱਚ ਐਂਗਜ਼ਾਇਟੀ ਅਤੇ ਪੈਨਿਕ ਦੇ ਗੰਭੀਰ ਲੱਛਣ

ਅਦਿਯਾਲਾ ਜੇਲ੍ਹ ਦੇ ਸੁਪਰਡੈਂਟ ਵੱਲੋਂ ਸੁਪਰੀਮ ਕੋਰਟ ਵਿੱਚ ਪੇਸ਼ ਕੀਤੀ ਗਈ ਮੈਡੀਕਲ ਰਿਪੋਰਟ ਵਿੱਚ ਇਮਰਾਨ ਖ਼ਾਨ ਦੀ ਮਾਨਸਿਕ ਅਤੇ ਸਰੀਰਕ ਸਿਹਤ ਨਾਲ ਜੁੜੇ ਕਈ ਵੇਰਵੇ ਦਿੱਤੇ ਗਏ ਹਨ। ਰਿਪੋਰਟ ਮੁਤਾਬਕ ਉਨ੍ਹਾਂ ਵਿੱਚ ਐਂਗਜ਼ਾਇਟੀ ਅਤੇ ਪੈਨਿਕ ਨਾਲ ਜੁੜੇ ਗੰਭੀਰ ਲੱਛਣ ਪਾਏ ਗਏ ਹਨ।

ਰਿਪੋਰਟ ਵਿੱਚ ਐਂਗਜ਼ਾਇਟੀ ਦਾ ਪੱਧਰ ‘ਥ੍ਰੀ ਪਲੱਸ’ ਦਰਜ ਕੀਤੇ ਜਾਣ ਦਾ ਜ਼ਿਕਰ ਹੈ। ਇਸ ਨੂੰ ਗੰਭੀਰ ਚਿੰਤਾ ਅਤੇ ਘਬਰਾਹਟ ਦੀ ਸਥਿਤੀ ਨਾਲ ਜੋੜਿਆ ਗਿਆ ਹੈ। ਮਨੋਵਿਗਿਆਨੀ ਡਾ. ਰਿਯਾਜ਼ ਭੱਟੀ ਨੇ ਬੀਬੀਸੀ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਐਂਗਜ਼ਾਇਟੀ ਦਾ ਲੈਵਲ ਤਿੰਨ ਤੋਂ ਉੱਪਰ ਹੋਣਾ ਗੰਭੀਰ ਚਿੰਤਾ ਅਤੇ ਘਬਰਾਹਟ ਵੱਲ ਇਸ਼ਾਰਾ ਕਰ ਸਕਦਾ [illegible]

ਮੈਡੀਕਲ ਬੋਰਡ ਨੇ ਇਮਰਾਨ ਖ਼ਾਨ ਨੂੰ ਹਰ ਰੋਜ਼ ਲਗਭਗ ਇੱਕ ਘੰਟਾ ਪੈਦਲ ਚੱਲਣ ਅਤੇ ਮਾਨਸਿਕ ਤਣਾਅ ਘਟਾਉਣ ਵਾਲੀਆਂ ਗਤੀਵਿਧੀਆਂ ਕਰਨ ਦੀ ਸਿਫ਼ਾਰਸ਼ ਕੀਤੀ ਸੀ।

### 10 ਅਗਸਤ ਨੂੰ ਹੋਈ ਸੀ ਆਖ਼ਰੀ ਮੈਡੀਕਲ ਜਾਂਚ

ਸੁਪਰੀਮ ਕੋਰਟ ਵਿੱਚ ਪੇਸ਼ ਕੀਤੀ ਗਈ ਰਿਪੋਰਟ ਮੁਤਾਬਕ ਇਮਰਾਨ ਖ਼ਾਨ ਦੀ ਆਖ਼ਰੀ ਵਾਰ 10 ਅਗਸਤ 2026 ਨੂੰ ਮੈਡੀਕਲ ਬੋਰਡ ਵੱਲੋਂ ਜਾਂਚ ਕੀਤੀ ਗਈ ਸੀ। ਇਸ ਬੋਰਡ ਵਿੱਚ ਅੱਖਾਂ, ਦਿਲ ਅਤੇ ਆਮ ਮੈਡੀਸਨ ਦੇ ਮਾਹਿਰ ਡਾਕਟਰ ਸ਼ਾਮਲ ਸਨ।

ਰਿਪੋਰਟ ਅਨੁਸਾਰ ਜਾਂਚ ਸਮੇਂ ਇਮਰਾਨ ਖ਼ਾਨ ਦਾ ਬਲੱਡ ਪ੍ਰੈਸ਼ਰ 140/80 ਅਤੇ ਨਬਜ਼ 54 ਪ੍ਰਤੀ ਮਿੰਟ ਦਰਜ ਕੀਤੀ ਗਈ। ਉਨ੍ਹਾਂ ਦੀ ਈਸੀਜੀ ਨੂੰ ਆਮ ਦੱਸਿਆ ਗਿਆ ਅਤੇ ਛਾਤੀ ਸਬੰਧੀ ਕੋਈ ਗੰਭੀਰ ਸਮੱਸਿਆ ਦਰਜ ਨਹੀਂ ਕੀਤੀ ਗਈ। ਹਾਰਟ ਵਾਲਵ ਅਤੇ ਦਿਲ ਦੇ ਚੈਂਬਰ ਵੀ ਆਮ ਦੱਸੇ ਗਏ ਹਨ।

ਹਾਲਾਂਕਿ ਇਮਰਾਨ ਖ਼ਾਨ ਨੇ ਸਿਰ ਵਿੱਚ ਭਾਰੀਪਨ ਅਤੇ ਦਿਲ ਦੀ ਧੜਕਣ ਤੇਜ਼ ਹੋਣ ਦੀ ਸ਼ਿਕਾਇਤ ਕੀਤੀ ਸੀ। ਰਿਪੋਰਟ ਮੁਤਾਬਕ ਉਨ੍ਹਾਂ ਨੇ ਛਾਤੀ ਵਿੱਚ ਦਰਦ ਜਾਂ ਭਾਰੀਪਨ ਅਤੇ ਸਾਹ ਲੈਣ ਵਿੱਚ ਤਕਲੀਫ਼ ਦੀ ਸ਼ਿਕਾਇਤ ਨਹੀਂ ਕੀਤੀ।

ਮੈਡੀਕਲ ਬੋਰਡ ਨੇ ਬਲੱਡ ਪ੍ਰੈਸ਼ਰ ਅਤੇ ਐਂਗਜ਼ਾਇਟੀ ਨੂੰ ਕਾਬੂ ਕਰਨ ਲਈ ਦਵਾਈਆਂ ਦੇਣ ਦੀ ਸਿਫ਼ਾਰਸ਼ ਵੀ ਕੀਤੀ।

### ਪਰਿਵਾਰ ਨਾਲ ਮੁਲਾਕਾਤ ਵਧਾਉਣ ਦੀ ਸਿਫ਼ਾਰਸ਼

ਮੈਡੀਕਲ ਰਿਪੋਰਟ ਵਿੱਚ ਇਮਰਾਨ ਖ਼ਾਨ ਨੂੰ ਮੈਗਜ਼ੀਨ, ਅਖ਼ਬਾਰ, ਟੈਲੀਵਿਜ਼ਨ ਅਤੇ ਪੜ੍ਹਨ ਲਈ ਕਿਤਾਬਾਂ ਉਪਲਬਧ ਕਰਵਾਉਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਇਸ ਦੇ ਨਾਲ ਹੀ ਮੈਡੀਕਲ ਬੋਰਡ ਨੇ ਉਨ੍ਹਾਂ ਨੂੰ ਪਰਿਵਾਰ ਅਤੇ ਪਤਨੀ ਬੁਸ਼ਰਾ ਬੀਬੀ ਨਾਲ ਵਧੇਰੇ ਸਮਾਂ [illegible]

ਰਿਪੋਰਟ ਮੁਤਾਬਕ ਪਰਿਵਾਰ ਨਾਲ ਵਧੇਰੇ ਸੰਪਰਕ ਅਤੇ ਮੁਲਾਕਾਤਾਂ ਇਮਰਾਨ ਖ਼ਾਨ ਦੀ ਐਂਗਜ਼ਾਇਟੀ ਅਤੇ ਬਲੱਡ ਪ੍ਰੈਸ਼ਰ ਨੂੰ ਕਾਬੂ ਕਰਨ ਵਿੱਚ ਮਦਦਗਾਰ ਹੋ ਸਕਦੀਆਂ ਹਨ।

ਜੇਲ੍ਹ ਨਿਯਮਾਂ ਮੁਤਾਬਕ ਇਮਰਾਨ ਖ਼ਾਨ ਅਤੇ ਉਨ੍ਹਾਂ ਦੀ ਪਤਨੀ ਬੁਸ਼ਰਾ ਬੀਬੀ ਵਿਚਕਾਰ ਹਰ ਮੰਗਲਵਾਰ ਨਿਯਮਿਤ ਮੁਲਾਕਾਤ ਹੁੰਦੀ ਹੈ। ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਹੁਣ ਤੱਕ ਦੋਵਾਂ ਵਿਚਕਾਰ ਜੇਲ੍ਹ ਵਿੱਚ 84 ਮੁਲਾਕਾਤਾਂ ਹੋ ਚੁੱਕੀਆਂ ਹਨ।

ਇਸ ਤੋਂ ਇਲਾਵਾ ਇਮਰਾਨ ਖ਼ਾਨ ਦੇ ਵਕੀਲ ਸਲਮਾਨ ਸਫ਼ਦਰ ਨੇ ਵੀ 10 ਫ਼ਰਵਰੀ ਅਤੇ 4 ਅਪ੍ਰੈਲ 2026 ਨੂੰ ਉਨ੍ਹਾਂ ਨਾਲ ਮੁਲਾਕਾਤ ਕੀਤੀ ਸੀ।

### ਦਿਨ ਵਿੱਚ ਤਿੰਨ ਵਾਰ ਹੁੰਦੀ ਹੈ ਮੈਡੀਕਲ ਜਾਂਚ

ਸੁਪਰੀਮ ਕੋਰਟ ਵਿੱਚ ਜਮ੍ਹਾਂ ਕਰਵਾਈ ਗਈ ਜੇਲ੍ਹ ਅਧਿਕਾਰੀਆਂ ਦੀ ਰਿਪੋਰਟ ਮੁਤਾਬਕ ਇਮਰਾਨ ਖ਼ਾਨ ਦੀ ਖੁਰਾਕ ਦੀ ਨਿਯਮਿਤ ਜਾਂਚ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਦਾ ਦਿਨ ਵਿੱਚ ਤਿੰਨ ਵਾਰ ਮੈਡੀਕਲ ਚੈੱਕਅਪ ਵੀ ਕੀਤਾ ਜਾਂਦਾ ਹੈ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਦੀ ਜਾਂਚ ਕਈ ਸਰਕਾਰੀ ਡਾਕਟਰਾਂ ਵੱਲੋਂ ਕੀਤੀ ਜਾ ਚੁੱਕੀ ਹੈ ਅਤੇ ਇਸ ਦਾ ਰਿਕਾਰਡ ਵੀ ਮੌਜੂਦ ਹੈ। ਇਸ ਤੋਂ ਇਲਾਵਾ ਉਨ੍ਹਾਂ ਦੀਆਂ ਅੱਖਾਂ ਦਾ ਇਲਾਜ ਇੱਕ ਅੱਖਾਂ ਦੇ ਮਾਹਿਰ ਵੱਲੋਂ ਕੀਤਾ ਗਿਆ ਹੈ।

ਜੇਲ੍ਹ ਅਧਿਕਾਰੀਆਂ ਮੁਤਾਬਕ ਇਲਾਜ ਤੋਂ ਬਾਅਦ ਇਮਰਾਨ ਖ਼ਾਨ ਦੀ ਇੱਕ ਅੱਖ ਦੀ ਹਾਲਤ ਲਗਭਗ ਆਮ ਹੋ ਗਈ ਹੈ।

ਸੁਪਰੀਮ ਕੋਰਟ ਨੂੰ ਦਿੱਤੀ ਗਈ ਰਿਪੋਰਟ ਵਿੱਚ 4 ਨਵੰਬਰ 2023 ਤੋਂ 10 ਅਗਸਤ 2026 ਤੱਕ ਵੱਖ-ਵੱਖ ਮੈਡੀਕਲ ਮਾਹਿਰਾਂ ਵੱਲੋਂ ਕੀਤੀਆਂ ਗਈਆਂ ਜਾਂਚਾਂ ਦਾ ਵੇਰਵਾ ਵੀ ਸ਼ਾਮਲ ਹੈ। ਇਸ ਮਿਆਦ ਦੌਰਾਨ ਕੁੱਲ 39 ਵੱਖ-ਵੱਖ ਮੈਡੀਕਲ ਮਾਹਿਰਾਂ ਵੱਲੋਂ ਉਨ੍ਹਾਂ ਦੀ ਜਾਂਚ ਕੀਤੇ ਜਾਣ ਦੀ ਗੱਲ ਰਿਪੋਰਟ ਵਿੱਚ ਦਰਜ ਹੈ।

### ਜੇਲ੍ਹ ਵਿੱਚ ਮੁਲਾਕਾਤਾਂ ਅਤੇ ਸਿਆਸੀ ਸਰਗਰਮੀਆਂ ਨੂੰ ਲੈ ਕੇ ਵੀ ਵਿਵਾਦ

ਜੇਲ੍ਹ ਅਧਿਕਾਰੀਆਂ ਨੇ ਸੁਪਰੀਮ ਕੋਰਟ ਵਿੱਚ ਪੇਸ਼ ਕੀਤੀ ਰਿਪੋਰਟ ਵਿੱਚ ਮੁਲਾਕਾਤਾਂ ਨਾਲ ਜੁੜੇ ਕੁਝ ਹੋਰ ਮਾਮਲਿਆਂ ਦਾ ਵੀ ਜ਼ਿਕਰ ਕੀਤਾ ਹੈ। ਰਿਪੋਰਟ ਮੁਤਾਬਕ ਸਲਮਾਨ ਅਕਰਮ ਰਾਜਾ ਨੇ ਇਸਲਾਮਾਬਾਦ ਹਾਈ ਕੋਰਟ ਵਿੱਚ ਇਹ ਭਰੋਸਾ ਦਿੱਤਾ ਸੀ ਕਿ ਇਮਰਾਨ ਖ਼ਾਨ ਨਾਲ ਮੁਲਾਕਾਤ ਤੋਂ ਬਾਅਦ ਉਹ ਜੇਲ੍ਹ ਪਰਿਸਰ ਦੇ ਬਾਹਰ ਮੀਡੀਆ ਨਾਲ ਗੱਲ ਨਹੀਂ ਕਰਨਗੇ।

ਜੇਲ੍ਹ ਅਧਿਕਾਰੀਆਂ ਨੇ ਦੋਸ਼ ਲਗਾਇਆ ਕਿ ਇਸ ਦੇ ਬਾਵਜੂਦ ਉਨ੍ਹਾਂ ਵੱਲੋਂ ਅਦਾਲਤ ਦੇ ਹੁਕਮ ਦੀ ਉਲੰਘਣਾ ਕੀਤੀ ਗਈ। ਰਿਪੋਰਟ ਵਿੱਚ ਇਹ ਵੀ ਦਾਅਵਾ ਕੀਤਾ ਗਿਆ ਕਿ ਜੇਲ੍ਹ ਵਿੱਚ ਹੋਈਆਂ ਕੁਝ ਮੁਲਾਕਾਤਾਂ ਰਾਹੀਂ ਨਿਆਂਪਾਲਿਕਾ, ਵਿਦੇਸ਼ ਨੀਤੀ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਵਿਰੁੱਧ ਜਨਭਾਵਨਾ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ।

ਇਨ੍ਹਾਂ ਦੋਸ਼ਾਂ ਦੇ ਨਾਲ ਹੀ ਇਮਰਾਨ ਖ਼ਾਨ ਦੀ ਪਾਰਟੀ ਵੱਲੋਂ ਲਗਾਤਾਰ ਇਹ ਮੰਗ ਕੀਤੀ ਜਾ ਰਹੀ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਨੂੰ ਉਨ੍ਹਾਂ ਦੇ ਪਰਿਵਾਰ ਅਤੇ ਨਿੱਜੀ ਡਾਕਟਰਾਂ ਨਾਲ ਨਿਯਮਿਤ ਸੰਪਰਕ ਦੀ ਪੂਰੀ ਸਹੂਲਤ ਦਿੱਤੀ ਜਾਵੇ।

### ਤਿੰਨ ਸਾਲ ਤੋਂ ਅਦਿਯਾਲਾ ਜੇਲ੍ਹ ਵਿੱਚ ਬੰਦ

ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਰਾਵਲਪਿੰਡੀ ਦੀ ਅਦਿਯਾਲਾ ਜੇਲ੍ਹ ਵਿੱਚ ਲੰਮੇ ਸਮੇਂ ਤੋਂ ਕੈਦ ਹਨ। ਉਨ੍ਹਾਂ ਖ਼ਿਲਾਫ਼ 19 ਕਰੋੜ ਪੌਂਡ ਦੇ ਅਲ-ਕਾਦਿਰ ਟਰੱਸਟ ਮਾਮਲੇ ਸਮੇਤ ਕਈ ਮਾਮਲੇ ਚੱਲ ਰਹੇ ਹਨ।

ਹੁਣ ਸੁਪਰੀਮ ਕੋਰਟ ਦੇ ਹਸਪਤਾਲ ਵਿੱਚ ਦਾਖ਼ਲ ਕਰਵਾਉਣ ਦੇ ਹੁਕਮ ਤੋਂ ਬਾਅਦ ਉਨ੍ਹਾਂ ਦੀ ਸਿਹਤ ਅਤੇ ਇਲਾਜ ਦੀ ਨਿਗਰਾਨੀ ਲਈ ਬਣਾਇਆ ਜਾਣ ਵਾਲਾ ਮੈਡੀਕਲ ਬੋਰਡ ਅਹਿਮ ਭੂਮਿਕਾ ਨਿਭਾਏਗਾ। ਇਸ ਬੋਰਡ ਵਿੱਚ ਨਿੱਜੀ ਡਾਕਟਰ ਅਤੇ ਪਰਿਵਾਰ ਦੇ ਪ੍ਰਤੀਨਿਧੀ ਨੂੰ ਸ਼ਾਮਲ ਕਰਨ ਦੇ ਅਦਾਲਤੀ ਹੁਕਮ ਨਾਲ ਇਲਾਜ ਦੀ ਪ੍ਰਕਿਰਿਆ ’ਤੇ ਵੀ ਨਿਗਰਾਨੀ ਵਧੇਗੀ।

ਅਗਲੀ ਸੁਣਵਾਈ 16 ਸਤੰਬਰ ਨੂੰ ਹੋਣੀ ਹੈ ਅਤੇ ਉਸ ਮੌਕੇ ਇਮਰਾਨ ਖ਼ਾਨ ਦੀ ਮੈਡੀਕਲ ਰਿਪੋਰਟ ਅਦਾਲਤ ਵਿੱਚ ਪੇਸ਼ ਕੀਤੀ ਜਾਵੇਗੀ। ਇਸ ਰਿਪੋਰਟ ਤੋਂ ਇਹ ਸਪੱਸ਼ਟ ਹੋਵੇਗਾ ਕਿ ਹਸਪਤਾਲ ਵਿੱਚ ਇਲਾਜ ਅਤੇ ਮੈਡੀਕਲ ਨਿਗਰਾਨੀ ਤੋਂ ਬਾਅਦ ਉਨ੍ਹਾਂ ਦੀ ਸਿਹਤ ਵਿੱਚ ਕਿੰਨਾ ਸੁਧਾਰ ਹੋਇਆ ਹੈ।

ਇਮਰਾਨ ਖ਼ਾਨ ਦੀ ਮੌਜੂਦਾ ਸਥਿਤੀ ਨੇ ਇੱਕ ਵਾਰ ਫਿਰ ਇਹ ਸਵਾਲ ਸਾਹਮਣੇ ਲਿਆਂਦਾ ਹੈ ਕਿ ਲੰਬੇ ਸਮੇਂ ਤੱਕ ਜੇਲ੍ਹ ਵਿੱਚ ਰਹਿਣ ਵਾਲੇ ਕਿਸੇ ਵੀ ਕੈਦੀ ਦੀ ਸਰੀਰਕ ਸਿਹਤ ਦੇ ਨਾਲ-ਨਾਲ ਮਾਨਸਿਕ ਸਿਹਤ ਦੀ ਨਿਯਮਿਤ ਨਿਗਰਾਨੀ ਅਤੇ ਢੁਕਵਾਂ ਇਲਾਜ ਕਿੰਨਾ ਮਹੱਤਵਪੂਰਨ ਹੈ। ਖ਼ਾਸ ਤੌਰ ’ਤੇ ਜਦੋਂ ਮੈਡੀਕਲ ਰਿਪੋਰਟ ਵਿੱਚ ਗੰਭੀਰ ਐਂਗਜ਼ਾਇਟੀ ਅਤੇ ਪੈਨਿਕ ਦੇ ਲੱਛਣਾਂ ਦਾ ਜ਼ਿਕਰ ਹੋਵੇ ਤਾਂ ਇਲਾਜ, ਪਰਿਵਾਰਕ ਸਹਾਇਤਾ ਅਤੇ ਮਾਹਿਰ ਡਾਕਟਰੀ ਨਿਗਰਾਨੀ ਦੀ ਭੂਮਿਕਾ ਹੋਰ ਵੀ ਅਹਿਮ ਬਣ ਜਾਂਦੀ ਹੈ।

# ਜਾਤੀ ਗਿਣਤੀ ਤੋਂ ਲੈ ਕੇ ਐੱਨਪੀਆਰ ਤੱਕ, 2027 ਦੀ ਮਰਦਮਸ਼ੁਮਾਰੀ ਦੀ ਪਾਰਦਰਸ਼ਤਾ ’ਤੇ ਉੱਠੇ ਸਵਾਲ



ਆਉਣ ਵਾਲੀ ਮਰਦਮਸ਼ੁਮਾਰੀ ਵਿੱਚ ਜਾਤੀ ਸਬੰਧੀ ਜਾਣਕਾਰੀ ਇਕੱਠੀ ਕਰਨ ਲਈ ਖੁੱਲ੍ਹੇ ਸਵਾਲ ਦਾ ਤਰੀਕਾ ਅਪਣਾਉਣ ਦੇ ਫ਼ੈਸਲੇ ਨੇ ਇੱਕ ਵਾਰ ਫਿਰ ਕਈ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਸਰਕਾਰ ਵੱਲੋਂ ਅਪਣਾਏ ਜਾ ਰਹੇ ਤਰੀਕੇ ਤਹਿਤ ਗਿਣਤੀ ਕਰਨ ਵਾਲੇ ਕਰਮਚਾਰੀਆਂ ਨੂੰ ਉਹੀ ਜਾਤੀ ਦਰਜ ਕਰਨ ਦੀ ਹਦਾਇਤ ਹੋਵੇਗੀ, ਜੋ ਵਿਅਕਤੀ ਖ਼ੁਦ ਦੱਸੇਗਾ। ਇਸ ਵਿੱਚ ਗਿਣਤੀ ਕਰਨ ਵਾਲੇ ਕਰਮਚਾਰੀ ਵੱਲੋਂ ਇਹ ਫ਼ੈਸਲਾ ਕਰਨ ਦੀ ਗੁੰਜਾਇਸ਼ ਨਹੀਂ ਹੋਵੇਗੀ ਕਿ ਕਿਸੇ ਵਿਅਕਤੀ ਵੱਲੋਂ ਦੱਸੀ ਗਈ ਜਾਤੀ, ਗੋਤ ਜਾਂ ਉਪ-ਜਾਤੀ ਸਰਕਾਰੀ ਤੌਰ ’ਤੇ ਮੰਨੀ ਜਾਂਦੀ ਕਿਸੇ ਖ਼ਾਸ ਜਾਤੀ ਸ਼੍ਰੇਣੀ ਵਿੱਚ ਆਉਂਦੀ ਹੈ ਜਾਂ ਨਹੀਂ।

ਇਸ ਤਰੀਕੇ ਨੇ ਸਭ ਤੋਂ ਵੱਡਾ ਸਵਾਲ ਇਹ ਖੜ੍ਹਾ ਕੀਤਾ ਹੈ ਕਿ ਜੇਕਰ ਜਾਤੀ ਦੀ ਪਛਾਣ ਲਈ ਕੋਈ ਸਪੱਸ਼ਟ ਅਤੇ ਇਕਸਾਰ ਮਾਪਦੰਡ ਜਾਂ ਲੜੀਬੱਧ ਸੂਚੀ ਨਹੀਂ ਹੋਵੇਗੀ ਤਾਂ ਇਕੱਠਾ ਕੀਤਾ ਗਿਆ ਡਾਟਾ ਕਿੰਨਾ ਭਰੋਸੇਯੋਗ ਅਤੇ ਵਰਤੋਂਯੋਗ ਹੋਵੇਗਾ? ਮਰਦਮਸ਼ੁਮਾਰੀ ਸਿਰਫ਼ ਲੋਕਾਂ ਦੀ ਗਿਣਤੀ ਕਰਨ ਦੀ ਪ੍ਰਕਿਰਿਆ ਨਹੀਂ ਹੁੰਦੀ, ਸਗੋਂ ਇਸ ਦੇ ਅੰਕੜੇ ਸਰਕਾਰ ਦੀਆਂ ਨੀਤੀਆਂ, ਯੋਜਨਾਵਾਂ ਅਤੇ ਸਰੋਤਾਂ ਦੀ ਵੰਡ ਲਈ ਲੰਮੇ ਸਮੇਂ ਤੱਕ ਵਰਤੇ ਜਾਂਦੇ ਹਨ। ਇਸ ਲਈ ਇਸ ਵਿੱਚ ਇਕੱਠੀ ਕੀਤੀ ਜਾਣ ਵਾਲੀ ਹਰ ਜਾਣਕਾਰੀ ਦਾ ਸਹੀ ਅਤੇ ਤਸਦੀਕਯੋਗ ਹੋਣਾ ਬਹੁਤ ਜ਼ਰੂਰੀ ਹੈ।

### 2011 ਦਾ ਤਜਰਬਾ ਪਹਿਲਾਂ ਹੀ ਚਿੰਤਾ ਵਧਾਉਂਦਾ ਹੈ

ਸਾਲ 2011 ਦੀ ਸਮਾਜਿਕ-ਆਰਥਿਕ ਅਤੇ ਜਾਤੀ ਮਰਦਮਸ਼ੁਮਾਰੀ ਦਾ ਤਜਰਬਾ ਇਸ ਮਾਮਲੇ ਵਿੱਚ ਇੱਕ ਵੱਡੀ ਚੇਤਾਵਨੀ ਵਜੋਂ ਸਾਹਮਣੇ ਆਉਂਦਾ ਹੈ। ਉਸ ਸਮੇਂ ਲੋਕਾਂ ਨੂੰ ਆਪਣੀ ਜਾਤੀ ਖੁੱਲ੍ਹ ਕੇ ਦੱਸਣ ਦੀ ਇਜਾਜ਼ਤ ਦਿੱਤੀ ਗਈ ਸੀ। ਇਸ ਦਾ ਨਤੀਜਾ ਇਹ ਨਿਕਲਿਆ ਕਿ ਲਗਪਗ 46.7 ਲੱਖ ਵੱਖ-ਵੱਖ ਜਾਤੀਆਂ ਅਤੇ ਉਪ-ਜਾਤੀਆਂ ਦੇ ਨਾਮ ਸਾਹਮਣੇ ਆ ਗਏ।

ਇੰਨੀ ਵੱਡੀ ਗਿਣਤੀ ਵਿੱਚ ਵੱਖ-ਵੱਖ ਨਾਮ ਸਾਹਮਣੇ ਆਉਣ ਕਾਰਨ ਡਾਟੇ ਨੂੰ ਇੱਕਸਾਰ ਅਤੇ ਵਰਤੋਂਯੋਗ ਸਰਕਾਰੀ ਅੰਕੜਿਆਂ ਵਿੱਚ ਬਦਲਣਾ ਬੇਹੱਦ ਮੁਸ਼ਕਲ ਸਾਬਤ ਹੋਇਆ। ਆਖ਼ਰਕਾਰ ਇਹ ਜਾਤੀ ਡਾਟਾ ਉਸ ਰੂਪ ਵਿੱਚ ਜਨਤਕ ਨਹੀਂ ਕੀਤਾ ਜਾ ਸਕਿਆ, ਜਿਸ ਰਾਹੀਂ ਇਸ ਦੀ ਵਿਆਪਕ ਨੀਤੀਗਤ ਵਰਤੋਂ ਕੀਤੀ ਜਾ ਸਕੇ। ਇਸ ਲਈ ਹੁਣ ਉਹੀ ਤਰੀਕਾ ਦੁਬਾਰਾ ਅਪਣਾਉਣ ਨਾਲ ਇਹ ਸਵਾਲ ਸੁਭਾਵਿਕ ਤੌਰ ’ਤੇ ਉੱਠਦਾ ਹੈ ਕਿ ਇਸ ਵਾਰ ਨਤੀਜੇ ਕਿਵੇਂ ਵੱਖਰੇ ਹੋਣਗੇ।

### ਜਾਤੀ ਦੀ ਪਛਾਣ ਦੀ ਗੁੰਝਲਦਾਰ ਪ੍ਰਕਿਰਿਆ

ਭਾਰਤ ਵਿੱਚ ਜਾਤੀ ਦੀ ਪਛਾਣ ਇੱਕ ਬਹੁਤ ਹੀ ਗੁੰਝਲਦਾਰ ਮਸਲਾ ਹੈ। ਵੱਖ-ਵੱਖ ਸੂਬਿਆਂ, ਖੇਤਰਾਂ ਅਤੇ ਭਾਈਚਾਰਿਆਂ ਵਿੱਚ ਇੱਕੋ ਨਾਮ ਵਾਲੇ ਸਮੂਹਾਂ ਦੀ ਸਮਾਜਿਕ ਜਾਂ ਸਰਕਾਰੀ ਸ਼੍ਰੇਣੀ ਵੱਖਰੀ ਹੋ ਸਕਦੀ ਹੈ। ਇਸ ਤੋਂ ਇਲਾਵਾ ਗੋਤ, ਉਪ-ਜਾਤੀ ਅਤੇ ਸਥਾਨਕ ਪਛਾਣਾਂ ਹਮੇਸ਼ਾ ਸਰਕਾਰੀ ਸ਼੍ਰੇਣੀਆਂ ਨਾਲ ਪੂਰੀ ਤਰ੍ਹਾਂ ਮੇਲ ਨਹੀਂ ਖਾਂਦੀਆਂ।

ਸਰਕਾਰ ਵੱਲੋਂ ਜਾਤੀਆਂ ਦੀ ਕੋਈ ਲੜੀਬੱਧ ਸੂਚੀ ਜਾਂ ਚੋਣ-ਆਧਾਰਿਤ ਸੂਚੀ ਉਪਲਬਧ ਨਾ ਕਰਵਾਉਣ ਦਾ ਇੱਕ ਕਾਰਨ ਇਹ ਵੀ ਦੱਸਿਆ ਜਾ ਸਕਦਾ ਹੈ ਕਿ ਜਾਤੀ ਦੀ ਪਛਾਣ ਨੂੰ ਸਾਰੇ ਦੇਸ਼ ਲਈ ਇੱਕੋ ਤਰੀਕੇ ਨਾਲ ਪਰਿਭਾਸ਼ਿਤ ਕਰਨਾ ਮੁਸ਼ਕਲ ਹੈ। ਪਰ ਦੂਜੇ ਪਾਸੇ ਖੁੱਲ੍ਹੇ ਜਵਾਬਾਂ ’ਤੇ ਪੂਰੀ ਤਰ੍ਹਾਂ ਨਿਰਭਰ ਰਹਿਣ ਨਾਲ ਡਾਟੇ ਵਿੱਚ ਬੇਹੱਦ ਵੱਖਰਾਪਣ ਆਉਣ ਦਾ ਖ਼ਤਰਾ ਵੀ ਬਣਿਆ ਰਹੇਗਾ।

ਜੇਕਰ ਘਰ-ਘਰ ਜਾ ਕੇ ਗਿਣਤੀ ਕਰਨ ਵਾਲੇ ਕਰਮਚਾਰੀ ਆਪਣੇ ਪੱਧਰ ’ਤੇ ਇਹ ਤੈਅ ਕਰਨ ਲੱਗ ਜਾਣ ਕਿ ਕੋਈ ਵਿਅਕਤੀ ਕਿਸ ਜਾਤੀ ਨਾਲ ਸਬੰਧਤ ਹੈ ਤਾਂ ਮਰਦਮਸ਼ੁਮਾਰੀ ਦੀ ਨਿਰਪੱਖਤਾ ’ਤੇ ਸਵਾਲ ਉੱਠ ਸਕਦੇ ਹਨ। ਇਸ ਨਾਲ ਪੱਖਪਾਤ, ਗਲਤ ਵਰਗੀਕਰਨ, ਬੇਨਿਯਮੀਆਂ ਅਤੇ ਸਿਆਸੀ ਹੇਰਾਫੇਰੀ ਦੇ ਦੋਸ਼ਾਂ ਲਈ ਵੀ ਰਾਹ ਖੁੱਲ੍ਹ ਸਕਦਾ ਹੈ।

### ਪਾਰਦਰਸ਼ੀ ਪ੍ਰਣਾਲੀ ਦੀ ਲੋੜ

ਜਾਤੀ ਦੀ ਸਹੀ ਅਤੇ ਭਰੋਸੇਯੋਗ ਗਿਣਤੀ ਲਈ ਸਿਰਫ਼ ਲੋਕਾਂ ਵੱਲੋਂ ਦਿੱਤੇ ਗਏ ਜਵਾਬ ਦਰਜ ਕਰਨਾ ਕਾਫ਼ੀ ਨਹੀਂ ਹੋਵੇਗਾ। ਉਨ੍ਹਾਂ ਜਵਾਬਾਂ ਨੂੰ ਸੰਭਾਲਣ, ਇੱਕਸਾਰ ਕਰਨ, ਵਰਗੀਕ੍ਰਿਤ ਕਰਨ ਅਤੇ ਲੋੜ ਪੈਣ ’ਤੇ ਤਸਦੀਕ ਕਰਨ ਲਈ ਇੱਕ ਨਿਰਪੱਖ, ਵਿਗਿਆਨਕ ਅਤੇ ਪਾਰਦਰਸ਼ੀ ਪ੍ਰਣਾਲੀ ਵੀ ਜ਼ਰੂਰੀ ਹੈ।

ਮਰਦਮਸ਼ੁਮਾਰੀ ਦੇ ਅੰਕੜੇ ਆਉਣ ਵਾਲੇ ਕਈ ਸਾਲਾਂ ਤੱਕ ਸਰਕਾਰੀ ਨੀਤੀਆਂ ਦਾ ਆਧਾਰ ਬਣ ਸਕਦੇ ਹਨ। ਜੇਕਰ ਸ਼ੁਰੂਆਤੀ ਪੜਾਅ ਵਿੱਚ ਹੀ ਅੰਕੜਿਆਂ ਦੀ ਸ਼ੁੱਧਤਾ ’ਤੇ ਸਵਾਲ ਖੜ੍ਹੇ ਹੋ ਜਾਣ ਤਾਂ ਬਾਅਦ ਵਿੱਚ ਉਨ੍ਹਾਂ ਦੇ ਆਧਾਰ ’ਤੇ ਬਣਨ ਵਾਲੀਆਂ ਨੀਤੀਆਂ ਅਤੇ ਯੋਜਨਾਵਾਂ ਦੀ ਭਰੋਸੇਯੋਗਤਾ ਵੀ ਪ੍ਰਭਾਵਿਤ ਹੋ ਸਕਦੀ ਹੈ।

ਇਸ ਲਈ ਜਾਤੀ ਗਿਣਤੀ ਦੀ ਪ੍ਰਕਿਰਿਆ ਵਿੱਚ ਇਹ ਯਕੀਨੀ ਬਣਾਉਣਾ ਲਾਜ਼ਮੀ ਹੈ ਕਿ ਹਰ ਵਿਅਕਤੀ ਵੱਲੋਂ ਦਿੱਤੀ ਜਾਣਕਾਰੀ ਨੂੰ ਉਸ ਦੀ ਮਰਜ਼ੀ ਅਨੁਸਾਰ ਦਰਜ ਕੀਤਾ ਜਾਵੇ, ਪਰ ਇਸ ਦੇ ਨਾਲ ਹੀ ਅੰਕੜਿਆਂ ਨੂੰ ਵਿਗਿਆਨਕ ਢੰਗ ਨਾਲ ਇਕਸਾਰ ਕਰਨ ਦੀ ਸਪੱਸ਼ਟ ਪ੍ਰਣਾਲੀ ਵੀ ਮੌਜੂਦ ਹੋਵੇ।

### ਐੱਨਪੀਆਰ ਦੇ ਮੁੱਦੇ ਨੇ ਵੀ ਵਧਾਈ ਚਿੰਤਾ

2027 ਦੀ ਮਰਦਮਸ਼ੁਮਾਰੀ ਨਾਲ ਜੁੜੀ ਚਰਚਾ ਸਿਰਫ਼ ਜਾਤੀ ਗਿਣਤੀ ਤੱਕ ਸੀਮਤ ਨਹੀਂ ਹੈ। ਸਾਲ 2019-20 ਦੌਰਾਨ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਹੋਏ ਵਿਆਪਕ ਵਿਰੋਧ ਪ੍ਰਦਰਸ਼ਨਾਂ ਦੇ ਸਮੇਂ ਕੁਝ ਸਰਕਾਰੀ ਪ੍ਰਕਿਰਿਆਵਾਂ ਅਤੇ ਸਵਾਲ ਵੀ ਵੱਡੇ ਵਿਵਾਦ ਦਾ ਵਿਸ਼ਾ ਬਣੇ ਸਨ। ਹੁਣ ਉਨ੍ਹਾਂ ਨਾਲ ਸਬੰਧਤ ਕੁਝ ਮੁੱਦਿਆਂ ਦੇ ਮੁੜ ਸਾਹਮਣੇ ਆਉਣ ਕਾਰਨ ਇਸ ਪ੍ਰਕਿਰਿਆ ਨੂੰ ਲੈ ਕੇ ਸਿਆਸੀ ਅਤੇ ਸਮਾਜਿਕ ਚਰਚਾ ਹੋਣਾ ਸੁਭਾਵਿਕ ਹੈ।

ਕੌਮੀ ਆਬਾਦੀ ਰਜਿਸਟਰ (ਐੱਨਪੀਆਰ) ਦੇ ਸਾਲ 2020 ਦੇ ਪ੍ਰਸਤਾਵਿਤ ਵੇਰਵਿਆਂ ਵਿੱਚ ਰਾਸ਼ਟਰੀਅਤਾ, ਮਾਪਿਆਂ ਨਾਲ ਸਬੰਧਤ ਜਾਣਕਾਰੀ, ਮੋਬਾਈਲ ਨੰਬਰ, ਆਧਾਰ, ਵੋਟਰ ਕਾਰਡ ਅਤੇ ਪਾਸਪੋਰਟ ਆਦਿ ਨਾਲ ਜੁੜੀ ਜਾਣਕਾਰੀ ਸ਼ਾਮਲ ਹੋਣ ਦੀ ਗੱਲ ਸਾਹਮਣੇ ਆਈ ਸੀ। ਉਸ ਸਮੇਂ ਸਰਕਾਰ ਵੱਲੋਂ ਲੋਕਾਂ ਦੇ ਸ਼ੰਕੇ ਦੂਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ, ਪਰ ਸਿਵਲ ਸੁਸਾਇਟੀ ਸਮੂਹਾਂ ਅਤੇ ਵਿਰੋਧੀ ਪਾਰਟੀਆਂ ਵੱਲੋਂ ਐੱਨਪੀਆਰ ਨੂੰ ਕੌਮੀ ਨਾਗਰਿਕ ਰਜਿਸਟਰ (ਐੱਨਆਰਸੀ) ਨਾਲ ਜੋੜੇ ਜਾਣ ਨੂੰ ਲੈ ਕੇ ਚਿੰਤਾਵਾਂ ਜ਼ਾਹਰ ਕੀਤੀਆਂ ਗਈਆਂ ਸਨ।

ਇਨ੍ਹਾਂ ਪੁਰਾਣੇ ਵਿਵਾਦਾਂ ਦੇ ਮੱਦੇਨਜ਼ਰ 2027 ਦੀ ਮਰਦਮਸ਼ੁਮਾਰੀ ਦੀ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਹੋਰ ਵੀ ਮਹੱਤਵਪੂਰਨ ਬਣ ਜਾਂਦੀ ਹੈ। ਸਰਕਾਰ ਲਈ ਇਹ ਜ਼ਰੂਰੀ ਹੋਵੇਗਾ ਕਿ ਉਹ ਮਰਦਮਸ਼ੁਮਾਰੀ ਨਾਲ ਸਬੰਧਤ ਸਵਾਲਾਂ, ਡਾਟਾ ਇਕੱਠਾ ਕਰਨ ਦੇ ਤਰੀਕੇ, ਜਾਣਕਾਰੀ ਦੀ ਵਰਤੋਂ ਅਤੇ ਇਸ ਦੀ ਸੁਰੱਖਿਆ ਬਾਰੇ ਲੋਕਾਂ ਨੂੰ ਸਪੱਸ਼ਟ ਜਾਣਕਾਰੀ ਦੇਵੇ।

### ਭਰੋਸਾ ਹੀ ਮਰਦਮਸ਼ੁਮਾਰੀ ਦੀ ਸਭ ਤੋਂ ਵੱਡੀ ਕਸੌਟੀ

ਮਰਦਮਸ਼ੁਮਾਰੀ ਕਿਸੇ ਵੀ ਦੇਸ਼ ਦੇ ਪ੍ਰਸ਼ਾਸਨ ਦੀ ਬੁਨਿਆਦੀ ਪ੍ਰਕਿਰਿਆ ਹੁੰਦੀ ਹੈ। ਇਸ ਰਾਹੀਂ ਇਕੱਠੇ ਕੀਤੇ ਅੰਕੜੇ ਸਿਰਫ਼ ਮੌਜੂਦਾ ਆਬਾਦੀ ਦੀ ਤਸਵੀਰ ਨਹੀਂ ਦਿਖਾਉਂਦੇ, ਸਗੋਂ ਭਵਿੱਖ ਦੀਆਂ ਨੀਤੀਆਂ ਅਤੇ ਸਰਕਾਰੀ ਯੋਜਨਾਬੰਦੀ ਨੂੰ ਵੀ ਦਿਸ਼ਾ ਦਿੰਦੇ ਹਨ।

ਇਸ ਲਈ 2027 ਦੀ ਮਰਦਮਸ਼ੁਮਾਰੀ ਦੀ ਸਫਲਤਾ ਸਿਰਫ਼ ਇਸ ਗੱਲ ਨਾਲ ਨਹੀਂ ਮਾਪੀ ਜਾਵੇਗੀ ਕਿ ਕਿੰਨੇ ਲੋਕਾਂ ਦੀ ਗਿਣਤੀ ਕੀਤੀ ਗਈ, ਸਗੋਂ ਇਸ ਗੱਲ ਨਾਲ ਵੀ ਹੋਵੇਗੀ ਕਿ ਲੋਕਾਂ ਨੂੰ ਪੂਰੀ ਪ੍ਰਕਿਰਿਆ ’ਤੇ ਕਿੰਨਾ ਭਰੋਸਾ ਹੋਇਆ। ਜਾਤੀ ਗਿਣਤੀ ਵਰਗੇ ਸੰਵੇਦਨਸ਼ੀਲ ਮਾਮਲੇ ਵਿੱਚ ਨਿਰਪੱਖਤਾ, ਸਪੱਸ਼ਟ ਨਿਯਮ, ਡਾਟੇ ਦੀ ਸੁਰੱਖਿਆ ਅਤੇ ਪੂਰੀ ਪਾਰਦਰਸ਼ਤਾ ਸਭ ਤੋਂ ਮਹੱਤਵਪੂਰਨ ਹੋਣਗੇ।

ਜੇਕਰ ਮਰਦਮਸ਼ੁਮਾਰੀ ਨੂੰ ਸਿਆਸੀ ਵਿਵਾਦਾਂ ਤੋਂ ਉੱਪਰ ਰੱਖ ਕੇ ਵਿਗਿਆਨਕ, ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਕਰਵਾਇਆ ਜਾਂਦਾ ਹੈ ਤਾਂ ਇਸ ਦੇ ਅੰਕੜੇ ਦੇਸ਼ ਦੀਆਂ ਸਮਾਜਿਕ ਅਤੇ ਆਰਥਿਕ ਨੀਤੀਆਂ ਲਈ ਬੇਹੱਦ ਲਾਭਦਾਇਕ ਸਾਬਤ ਹੋ ਸਕਦੇ ਹਨ। ਪਰ ਜੇਕਰ ਪ੍ਰਕਿਰਿਆ ਦੀ ਭਰੋਸੇਯੋਗਤਾ ਹੀ ਸਵਾਲਾਂ ਦੇ ਘੇਰੇ ਵਿੱਚ ਆ ਜਾਵੇ ਤਾਂ ਅੰਕੜਿਆਂ ਦੀ ਵਰਤੋਂ ਅਤੇ ਉਨ੍ਹਾਂ ਦੇ ਆਧਾਰ ’ਤੇ ਬਣਨ ਵਾਲੀਆਂ ਨੀਤੀਆਂ ਦੋਵੇਂ ਹੀ ਵਿਵਾਦਾਂ ਵਿੱਚ ਘਿਰ ਸਕਦੀਆਂ ਹਨ।

ਇਸ ਲਈ 2027 ਦੀ ਮਰਦਮਸ਼ੁਮਾਰੀ ਲਈ ਸਭ ਤੋਂ ਵੱਡੀ ਲੋੜ ਸਿਰਫ਼ ਵਿਆਪਕ ਗਿਣਤੀ ਨਹੀਂ, ਸਗੋਂ ਸਹੀ ਗਿਣਤੀ, ਸਪੱਸ਼ਟ ਨਿਯਮ




# ਪੰਜਾਬ ’ਚ 5 ਸਤੰਬਰ ਤੋਂ ਖੇਡਾਂ ਦਾ ਮਹਾਕੁੰਭ, 10 ਲੱਖ ਤੋਂ ਵੱਧ ਖਿਡਾਰੀ ਲੈਣਗੇ ਹਿੱਸਾ; 28 ਖੇਡਾਂ ’ਚ ਹੋਵੇਗਾ ਮੁਕਾਬਲਾ

**ਚੰਡੀਗੜ੍ਹ–** ਪੰਜਾਬ ਵਿੱਚ ਖੇਡਾਂ ਨੂੰ ਉਤਸ਼ਾਹਿਤ ਕਰਨ ਅਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ‘ਖੇਡਾਂ ਵਤਨ ਪੰਜਾਬ ਦੀਆਂ’ ਦਾ ਨਵਾਂ ਪੜਾਅ 5 ਸਤੰਬਰ 2026 ਤੋਂ ਸ਼ੁਰੂ ਹੋਵੇਗਾ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਚੰਡੀਗੜ੍ਹ ਵਿੱਚ ਇਸ ਸਬੰਧੀ ਐਲਾਨ ਕਰਦਿਆਂ ਦੱਸਿਆ ਕਿ ਇਸ ਵਾਰ ਇਨ੍ਹਾਂ ਖੇਡਾਂ ਵਿੱਚ 10 ਲੱਖ ਤੋਂ ਵੱਧ ਖਿਡਾਰੀਆਂ ਦੇ ਹਿੱਸਾ ਲੈਣ ਦੀ ਉਮੀਦ ਹੈ।

ਮੁੱਖ ਮੰਤਰੀ ਨੇ ਦੱਸਿਆ ਕਿ ‘ਖੇਡਾਂ ਵਤਨ ਪੰਜਾਬ ਦੀਆਂ’ ਦੀ ਸ਼ੁਰੂਆਤ 5 ਸਤੰਬਰ ਨੂੰ ਬਠਿੰਡਾ ਤੋਂ ਕੀਤੀ ਜਾਵੇਗੀ, ਜਦਕਿ ਇਨ੍ਹਾਂ ਖੇਡਾਂ ਦਾ ਸਮਾਪਤੀ ਸਮਾਗਮ 29 ਨਵੰਬਰ ਨੂੰ ਪਟਿਆਲਾ ਵਿਖੇ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਵਾਰ ਖੇਡਾਂ ਨੂੰ ਵੱਡੇ ਪੱਧਰ ’ਤੇ ਕਰਵਾਉਣ ਦੀ ਤਿਆਰੀ ਕੀਤੀ ਗਈ ਹੈ ਤਾਂ ਜੋ ਸੂਬੇ ਦੇ ਵੱਧ ਤੋਂ ਵੱਧ ਖਿਡਾਰੀਆਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਦਾ ਮੌਕਾ ਮਿਲ ਸਕੇ।

ਇਸ ਵਾਰ ‘ਖੇਡਾਂ ਵਤਨ ਪੰਜਾਬ ਦੀਆਂ’ ਵਿੱਚ 9 ਵੱਖ-ਵੱਖ ਉਮਰ ਵਰਗਾਂ ਨੂੰ ਸ਼ਾਮਲ ਕੀਤਾ ਗਿਆ ਹੈ ਅਤੇ ਕੁੱਲ 28 ਖੇਡਾਂ ਦੇ ਮੁਕਾਬਲੇ ਕਰਵਾਏ ਜਾਣਗੇ। ਸਰਕਾਰ ਦਾ ਉਦੇਸ਼ ਪਿੰਡਾਂ ਅਤੇ ਸ਼ਹਿਰਾਂ ਦੇ ਖਿਡਾਰੀਆਂ ਨੂੰ ਇੱਕ ਸਾਂਝਾ ਮੰਚ ਮੁਹੱਈਆ ਕਰਵਾਉਣਾ ਹੈ, ਜਿੱਥੇ ਉਹ ਆਪਣੀ ਖੇਡ ਪ੍ਰਤਿਭਾ ਦਾ ਪ੍ਰਦਰਸ਼ਨ ਕਰ ਸਕਣ।

ਮੁੱਖ ਮੰਤਰੀ ਭਗਵੰਤ ਮਾਨ ਨੇ ਦੱਸਿਆ ਕਿ ਮੁਕਾਬਲਿਆਂ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕਰਨ ਵਾਲੇ ਖਿਡਾਰੀਆਂ ਨੂੰ ਕ੍ਰਮਵਾਰ 10 ਹਜ਼ਾਰ, 7 ਹਜ਼ਾਰ ਅਤੇ 5 ਹਜ਼ਾਰ ਰੁਪਏ ਦੇ ਨਕਦ ਇਨਾਮ ਦਿੱਤੇ ਜਾਣਗੇ। ਇਸ ਨਾਲ ਖਿਡਾਰੀਆਂ ਨੂੰ ਉਤਸ਼ਾਹ ਮਿਲਣ ਦੇ ਨਾਲ-ਨਾਲ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਹੋਰ ਮਜ਼ਬੂਤੀ ਮਿਲਣ ਦੀ ਉਮੀਦ ਹੈ।

ਖੇਡਾਂ ਦੇ ਵੱਖ-ਵੱਖ ਪੜਾਅ ਵੀ ਨਿਰਧਾਰਤ ਕੀਤੇ ਗਏ ਹਨ। 3 ਤੋਂ 15 ਸਤੰਬਰ ਤੱਕ ਬਲਾਕ ਪੱਧਰ ਦੇ ਮੁਕਾਬਲੇ ਕਰਵਾਏ ਜਾਣਗੇ, ਜਦਕਿ 20 ਤੋਂ 30 ਸਤੰਬਰ ਤੱਕ ਜ਼ਿਲ੍ਹਾ ਪੱਧਰ ’ਤੇ ਖਿਡਾਰੀ ਆਪਣੀ ਕਾਬਲੀਅਤ ਦਾ ਪ੍ਰਦਰਸ਼ਨ ਕਰਨਗੇ। ਇਸ ਤੋਂ ਬਾਅਦ 10 ਅਕਤੂਬਰ ਤੋਂ 23 ਨਵੰਬਰ ਤੱਕ ਸੂਬਾ ਪੱਧਰੀ ਮੁਕਾਬਲੇ ਕਰਵਾਏ ਜਾਣਗੇ।

ਇਸ ਵਾਰ ਖੇਡਾਂ ਵਿੱਚ ਪੈਰਾ ਖਿਡਾਰੀਆਂ ਲਈ ਵੀ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ। 25 ਤੋਂ 28 ਨਵੰਬਰ ਤੱਕ ‘ਖੇਡਾਂ ਵਤਨ ਪੰਜਾਬ ਦੀਆਂ’ ਦੇ ਤਹਿਤ ਪੈਰਾ ਖੇਡਾਂ ਦੇ ਮੁਕਾਬਲੇ ਕਰਵਾਏ ਜਾਣਗੇ। ਇਸ ਨਾਲ ਦਿਵਿਆਂਗ ਖਿਡਾਰੀਆਂ ਨੂੰ ਵੀ ਸੂਬਾ ਪੱਧਰੀ ਮੰਚ ’ਤੇ ਆਪਣੀ ਖੇਡ ਪ੍ਰਤਿਭਾ ਦਿਖਾਉਣ ਦਾ ਮੌਕਾ ਮਿਲੇਗਾ।

ਸਰਕਾਰ ਵੱਲੋਂ ਇਸ ਵਾਰ ਵੱਡੀ ਗਿਣਤੀ ਵਿੱਚ ਖਿਡਾਰੀਆਂ ਦੀ ਸ਼ਮੂਲੀਅਤ ਨੂੰ ਦੇਖਦਿਆਂ ਖੇਡ ਮੁਕਾਬਲਿਆਂ ਨੂੰ ਵੱਖ-ਵੱਖ ਪੜਾਵਾਂ ਵਿੱਚ ਕਰਵਾਉਣ ਦੀ ਯੋਜਨਾ ਬਣਾਈ ਗਈ ਹੈ। ਬਲਾਕ ਪੱਧਰ ਤੋਂ ਸ਼ੁਰੂ ਹੋ ਕੇ ਜ਼ਿਲ੍ਹਾ ਅਤੇ ਫਿਰ ਸੂਬਾ ਪੱਧਰ ਤੱਕ ਪਹੁੰਚਣ ਵਾਲੇ ਇਨ੍ਹਾਂ ਮੁਕਾਬਲਿਆਂ ਰਾਹੀਂ ਖਿਡਾਰੀਆਂ ਨੂੰ ਆਪਣੀ ਯੋਗਤਾ ਸਾਬਤ ਕਰਨ ਲਈ ਲਗਾਤਾਰ ਮੌਕੇ ਮਿਲਣਗੇ।

‘ਖੇਡਾਂ ਵਤਨ ਪੰਜਾਬ ਦੀਆਂ’ ਦੇ ਇਸ ਪੜਾਅ ਦਾ ਸਮਾਪਨ 29 ਨਵੰਬਰ ਨੂੰ ਪਟਿਆਲਾ ਵਿਖੇ ਹੋਵੇਗਾ। ਸਰਕਾਰ ਵੱਲੋਂ ਉਮੀਦ ਜਤਾਈ ਜਾ ਰਹੀ ਹੈ ਕਿ 10 ਲੱਖ ਤੋਂ ਵੱਧ ਖਿਡਾਰੀਆਂ ਦੀ ਸ਼ਮੂਲੀਅਤ ਨਾਲ ਇਹ ਖੇਡ ਮਹਾਕੁੰਭ ਪੰਜਾਬ ਵਿੱਚ ਖੇਡਾਂ ਪ੍ਰਤੀ ਨਵਾਂ ਉਤਸ਼ਾਹ ਪੈਦਾ ਕਰੇਗਾ ਅਤੇ ਨੌਜਵਾਨਾਂ ਨੂੰ ਖੇਡ ਮੈਦਾਨਾਂ ਨਾਲ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਏਗਾ।

# ਪੰਜਾਬ ਯੂਨੀਵਰਸਿਟੀ ਵਿਦਿਆਰਥੀ ਕਾਊਂਸਲ ਚੋਣਾਂ ਦਾ ਐਲਾਨ, 31 ਅਗਸਤ ਨੂੰ ਪੈਣਗੀਆਂ ਵੋਟਾਂ

## 24 ਅਗਸਤ ਤੋਂ ਨਾਮਜ਼ਦਗੀ ਪ੍ਰਕਿਰਿਆ ਸ਼ੁਰੂ, 25 ਅਗਸਤ ਨੂੰ ਜਾਰੀ ਹੋਵੇਗੀ ਅੰਤਿਮ ਉਮੀਦਵਾਰਾਂ ਦੀ ਸੂਚੀ



**ਚੰਡੀਗੜ੍ਹ–** ਪੰਜਾਬ ਯੂਨੀਵਰਸਿਟੀ ਵਿੱਚ ਪੰਜਾਬ ਯੂਨੀਵਰਸਿਟੀ ਕੈਂਪਸ ਸਟੂਡੈਂਟਸ ਕਾਊਂਸਲ (PUCSC) ਦੀਆਂ ਚੋਣਾਂ 31 ਅਗਸਤ ਨੂੰ ਕਰਵਾਈਆਂ ਜਾਣਗੀਆਂ। ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਵਿਦਿਆਰਥੀ ਕਾਊਂਸਲ ਚੋਣਾਂ ਸਬੰਧੀ ਪੂਰਾ ਸ਼ਡਿਊਲ ਜਾਰੀ ਕਰ ਦਿੱਤਾ ਗਿਆ ਹੈ। ਚੋਣ ਪ੍ਰਕਿਰਿਆ ਦੀ ਸ਼ੁਰੂਆਤ 24 ਅਗਸਤ ਤੋਂ ਹੋਵੇਗੀ, ਜਦਕਿ ਵੋਟਿੰਗ 31 ਅਗਸਤ ਨੂੰ ਕਰਵਾਈ ਜਾਵੇਗੀ।

ਚੋਣ ਪ੍ਰੋਗਰਾਮ ਅਨੁਸਾਰ 24 ਅਗਸਤ ਨੂੰ ਸਵੇਰੇ 9.30 ਵਜੇ ਤੋਂ 10.30 ਵਜੇ ਤੱਕ ਉਮੀਦਵਾਰਾਂ ਵੱਲੋਂ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ ਜਾਣਗੇ। ਨਾਮਜ਼ਦਗੀ ਪੱਤਰ ਦਾਖ਼ਲ ਕਰਨ ਦੀ ਪ੍ਰਕਿਰਿਆ ਪੂਰੀ ਹੋਣ ਤੋਂ ਤੁਰੰਤ ਬਾਅਦ ਸਵੇਰੇ 10.35 ਵਜੇ ਤੋਂ ਨਾਮਜ਼ਦਗੀ ਪੱਤਰਾਂ ਦੀ ਜਾਂਚ ਦਾ ਕੰਮ ਸ਼ੁਰੂ ਕੀਤਾ ਜਾਵੇਗਾ।

ਨਾਮਜ਼ਦਗੀ ਪੱਤਰਾਂ ਦੀ ਜਾਂਚ ਤੋਂ ਬਾਅਦ ਦੁਪਹਿਰ 12 ਵਜੇ ਸਬੰਧਤ ਵਿਭਾਗ ਦੇ ਨੋਟਿਸ ਬੋਰਡ ’ਤੇ ਉਮੀਦਵਾਰਾਂ ਦੀ ਸੂਚੀ ਲਗਾਈ ਜਾਵੇਗੀ। ਇਸ ਤੋਂ ਬਾਅਦ ਉਮੀਦਵਾਰਾਂ ਜਾਂ ਸਬੰਧਤ ਧਿਰਾਂ ਨੂੰ ਨਾਮਜ਼ਦਗੀਆਂ ਸਬੰਧੀ ਇਤਰਾਜ਼ ਦਰਜ ਕਰਵਾਉਣ ਲਈ ਸਮਾਂ ਦਿੱਤਾ ਜਾਵੇਗਾ। ਦੁਪਹਿਰ 12.30 ਵਜੇ ਤੋਂ 1.30 ਵਜੇ ਤੱਕ ਇਤਰਾਜ਼ ਦਰਜ ਕਰਵਾਏ ਜਾ ਸਕਣਗੇ।

ਇਸ ਤੋਂ ਬਾਅਦ ਉਮੀਦਵਾਰਾਂ ਦੀ ਆਰਜ਼ੀ ਸੂਚੀ ਅਤੇ ਦਰਜ ਕੀਤੇ ਗਏ ਇਤਰਾਜ਼ ਦੁਪਹਿਰ 2.30 ਵਜੇ ਤੱਕ ਡੀਐੱਸਡਬਲਿਊ ਦਫ਼ਤਰ ਨੂੰ ਭੇਜਣ ਦੀ ਪ੍ਰਕਿਰਿਆ ਪੂਰੀ ਕੀਤੀ ਜਾਵੇਗੀ।

### 25 ਅਗਸਤ ਨੂੰ ਜਾਰੀ ਹੋਵੇਗੀ ਅੰਤਿਮ ਉਮੀਦਵਾਰਾਂ ਦੀ ਸੂਚੀ

ਚੋਣ ਸ਼ਡਿਊਲ ਮੁਤਾਬਕ 25 ਅਗਸਤ ਨੂੰ ਸਵੇਰੇ 10 ਵਜੇ ਮਨਜ਼ੂਰਸ਼ੁਦਾ ਉਮੀਦਵਾਰਾਂ ਦੀ ਸੂਚੀ ਜਾਰੀ ਕੀਤੀ ਜਾਵੇਗੀ। ਇਸ ਤੋਂ ਬਾਅਦ ਉਮੀਦਵਾਰਾਂ ਨੂੰ ਆਪਣੀ ਨਾਮਜ਼ਦਗੀ ਵਾਪਸ ਲੈਣ ਦਾ ਮੌਕਾ ਦਿੱਤਾ ਜਾਵੇਗਾ। ਨਾਮਜ਼ਦਗੀ ਵਾਪਸ ਲੈਣ ਦੀ ਪ੍ਰਕਿਰਿਆ ਸਵੇਰੇ 10.30 ਵਜੇ ਤੋਂ ਦੁਪਹਿਰ 12 ਵਜੇ ਤੱਕ ਚੱਲੇਗੀ।

ਨਾਮਜ਼ਦਗੀ ਵਾਪਸ ਲੈਣ ਦੀ ਮਿਆਦ ਖ਼ਤਮ ਹੋਣ ਤੋਂ ਬਾਅਦ ਚੋਣ ਮੈਦਾਨ ਵਿੱਚ ਰਹਿ ਗਏ ਉਮੀਦਵਾਰਾਂ ਦੀ ਅੰਤਿਮ ਸੂਚੀ ਤਿਆਰ ਕੀਤੀ ਜਾਵੇਗੀ। ਦੁਪਹਿਰ 2.30 ਵਜੇ ਡੀਐੱਸਡਬਲਿਊ ਦਫ਼ਤਰ ਵਿੱਚ ਚੋਣ ਲੜਨ ਵਾਲੇ ਉਮੀਦਵਾਰਾਂ ਦੀ ਅੰਤਿਮ ਸੂਚੀ ਜਾਰੀ ਕੀਤੀ ਜਾਵੇਗੀ।

ਇਸ ਤੋਂ ਬਾਅਦ ਵਿਦਿਆਰਥੀ ਕਾਊਂਸਲ ਚੋਣਾਂ ਲਈ ਪ੍ਰਚਾਰ ਅਤੇ ਹੋਰ ਚੋਣ ਗਤੀਵਿਧੀਆਂ ਨੂੰ ਤੇਜ਼ੀ ਮਿਲਣ ਦੀ ਉਮੀਦ ਹੈ। ਪੰਜਾਬ ਯੂਨੀਵਰਸਿਟੀ ਕੈਂਪਸ ਵਿੱਚ ਵਿਦਿਆਰਥੀ ਜਥੇਬੰਦੀਆਂ ਅਤੇ ਉਮੀਦਵਾਰਾਂ ਵੱਲੋਂ ਚੋਣਾਂ ਲਈ ਆਪਣੀਆਂ ਤਿਆਰੀਆਂ ਕੀਤੀਆਂ ਜਾਣਗੀਆਂ।

### 31 ਅਗਸਤ ਨੂੰ ਸਵੇਰੇ 9.30 ਵਜੇ ਸ਼ੁਰੂ ਹੋਵੇਗੀ ਵੋਟਿੰਗ

ਪੰਜਾਬ ਯੂਨੀਵਰਸਿਟੀ ਕੈਂਪਸ ਸਟੂਡੈਂਟਸ ਕਾਊਂਸਲ ਲਈ ਵੋਟਿੰਗ 31 ਅਗਸਤ ਨੂੰ ਸਵੇਰੇ 9.30 ਵਜੇ ਸ਼ੁਰੂ ਹੋਵੇਗੀ। ਵਿਦਿਆਰਥੀ ਆਪਣੇ ਪਸੰਦੀਦਾ ਉਮੀਦਵਾਰਾਂ ਦੇ ਹੱਕ ਵਿੱਚ ਵੋਟ ਪਾਉਣਗੇ। ਵੋਟਿੰਗ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਉਸੇ ਦਿਨ ਦੁਪਹਿਰ 12.30 ਵਜੇ ਤੋਂ ਵੋਟਾਂ ਦੀ ਗਿਣਤੀ ਸ਼ੁਰੂ ਕੀਤੀ ਜਾਵੇਗੀ।

ਚੋਣਾਂ ਦੇ ਨਤੀਜੇ ਅਤੇ ਅਗਲੀ ਪ੍ਰਕਿਰਿਆ ਸਬੰਧੀ ਵੀ ਯੂਨੀਵਰਸਿਟੀ ਵੱਲੋਂ ਸਮਾਂ-ਸਾਰਣੀ ਤੈਅ ਕੀਤੀ ਗਈ ਹੈ। ਵਿਭਾਗੀ ਨੁਮਾਇੰਦਿਆਂ ਦੀਆਂ ਚੋਣਾਂ ਨਾਲ ਸਬੰਧਤ ਨਤੀਜੇ 8 ਸਤੰਬਰ ਨੂੰ ਡੀਐੱਸਡਬਲਿਊ ਦਫ਼ਤਰ ਨੂੰ ਭੇਜੇ ਜਾਣਗੇ। ਇਸ ਤੋਂ ਬਾਅਦ ਐਗਜ਼ੈਕਟਿਵ ਦੀ ਚੋਣ 11 ਸਤੰਬਰ ਨੂੰ ਕਰਵਾਈ ਜਾਵੇਗੀ।

### ਪਹਿਲਾਂ ਸਤੰਬਰ ਦੇ ਪਹਿਲੇ ਹਫ਼ਤੇ ਚੋਣਾਂ ਕਰਵਾਉਣ ਦੀ ਸੀ ਤਜਵੀਜ਼

ਪੰਜਾਬ ਯੂਨੀਵਰਸਿਟੀ ਵਿੱਚ ਵਿਦਿਆਰਥੀ ਕਾਊਂਸਲ ਚੋਣਾਂ ਕਰਵਾਉਣ ਲਈ ਪਹਿਲਾਂ ਸਤੰਬਰ ਦੇ ਪਹਿਲੇ ਹਫ਼ਤੇ ਦਾ ਸਮਾਂ ਤਜਵੀਜ਼ ਕੀਤਾ ਗਿਆ ਸੀ। ਯੂਨੀਵਰਸਿਟੀ ਅਧਿਕਾਰੀਆਂ ਵੱਲੋਂ ਚੋਣਾਂ ਨੂੰ ਲੈ ਕੇ ਇਹ ਪ੍ਰਸਤਾਵ ਰੱਖਿਆ ਗਿਆ ਸੀ, ਪਰ ਪੁਲੀਸ ਬਲ ਦੀ ਉਪਲਬਧਤਾ ਨਾ ਹੋਣ ਕਾਰਨ ਇਸ ਤਜਵੀਜ਼ ਨੂੰ ਰੱਦ ਕਰ ਦਿੱਤਾ ਗਿਆ।

ਵਿਦਿਆਰਥੀ ਚੋਣਾਂ ਦੌਰਾਨ ਕੈਂਪਸ ਵਿੱਚ ਸੁਰੱਖਿਆ ਪ੍ਰਬੰਧਾਂ ਨੂੰ ਲੈ ਕੇ ਪੁਲੀਸ ਬਲ ਦੀ ਲੋੜ ਹੁੰਦੀ ਹੈ। ਇਸ ਕਾਰਨ ਪਹਿਲਾਂ ਤੈਅ ਕੀਤੇ ਗਏ ਸਮੇਂ ਮੁਤਾਬਕ ਚੋਣਾਂ ਕਰਵਾਉਣਾ ਸੰਭਵ ਨਹੀਂ ਹੋ ਸਕਿਆ।

ਇਸ ਤੋਂ ਬਾਅਦ ਪੰਜਾਬ ਯੂਨੀਵਰਸਿਟੀ ਵੱਲੋਂ 31 ਅਗਸਤ ਨੂੰ ਚੋਣਾਂ ਕਰਵਾਉਣ ਦੀ ਨਵੀਂ ਤਜਵੀਜ਼ ਰੱਖੀ ਗਈ। ਯੂਟੀ ਪ੍ਰਸ਼ਾਸਨ ਵੱਲੋਂ ਇਸ ਤਜਵੀਜ਼ ਨੂੰ ਮਨਜ਼ੂਰੀ ਦੇ ਦਿੱਤੀ ਗਈ, ਜਿਸ ਤੋਂ ਬਾਅਦ ਯੂਨੀਵਰਸਿਟੀ ਪ੍ਰਸ਼ਾਸਨ ਨੇ ਹੁਣ ਅਧਿਕਾਰਤ ਤੌਰ ’ਤੇ ਚੋਣ ਸ਼ਡਿਊਲ ਜਾਰੀ ਕਰ ਦਿੱਤਾ ਹੈ।

ਇਸ ਤਰ੍ਹਾਂ ਪੰਜਾਬ ਯੂਨੀਵਰਸਿਟੀ ਕੈਂਪਸ ਵਿੱਚ ਵਿਦਿਆਰਥੀ ਕਾਊਂਸਲ ਚੋਣਾਂ ਲਈ ਹੁਣ ਪ੍ਰਕਿਰਿਆ 24 ਅਗਸਤ ਤੋਂ ਸ਼ੁਰੂ ਹੋਵੇਗੀ ਅਤੇ 31 ਅਗਸਤ ਨੂੰ ਵਿਦਿਆਰਥੀ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨਗੇ। ਇਸ ਤੋਂ ਬਾਅਦ ਵਿਭਾਗੀ ਨੁਮਾਇੰਦਿਆਂ ਅਤੇ ਐਗਜ਼ੈਕਟਿਵ ਦੀ ਚੋਣ ਦੀ ਪ੍ਰਕਿਰਿਆ ਵੀ ਨਿਰਧਾਰਤ ਤਰੀਕਾਂ ਅਨੁਸਾਰ ਅੱਗੇ ਵਧੇਗੀ।

# ਹੇਮਕੁੰਟ ਸਾਹਿਬ ਦੀਆਂ 18 ਹਜ਼ਾਰ ਫੁੱਟ ਉੱਚੀਆਂ ਚੋਟੀਆਂ ’ਤੇ ਨਿਸ਼ਾਨ ਸਾਹਿਬ ਦੇ ਚੋਲੇ ਬਦਲੇ, 40 ਸਾਲਾਂ ਤੋਂ ਸੇਵਾ ਕਰ ਰਹੀ ਟੀਮ ਦਾ ਸਨਮਾਨ

**ਉੱਤਰਾਖੰਡ–** ਉੱਤਰਾਖੰਡ ਵਿਖੇ ਸਮੁੰਦਰ ਤਲ ਤੋਂ ਲਗਪਗ 15 ਹਜ਼ਾਰ ਫੁੱਟ ਤੋਂ ਵੱਧ ਦੀ ਉਚਾਈ ’ਤੇ ਸਥਾਪਿਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਆਲੇ-ਦੁਆਲੇ ਮੌਜੂਦ ਸੱਤ ਉੱਚੀਆਂ ਚੋਟੀਆਂ, ਜਿਨ੍ਹਾਂ ਨੂੰ ਸਪਤ ਸਰਿੰਗ ਵੀ ਕਿਹਾ ਜਾਂਦਾ ਹੈ, ’ਤੇ ਸਥਾਪਿਤ ਨਿਸ਼ਾਨ ਸਾਹਿਬ ਦੇ ਚੋਲੇ ਸਾਹਿਬ ਬਦਲਣ ਦੀ ਸੇਵਾ ਮੁਕੰਮਲ ਕੀਤੀ ਗਈ ਹੈ। ਇਸ ਔਖੀ ਅਤੇ ਜੋਖ਼ਮ ਭਰੀ ਸੇਵਾ ਨੂੰ ਨਿਭਾਉਣ ਵਾਲੀ ਟੀਮ ਦਾ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਵੱਲੋਂ ਵਿਸ਼ੇਸ਼ ਤੌਰ ’ਤੇ ਸਨਮਾਨ ਕੀਤਾ ਗਿਆ। ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ 10 ਅਕਤੂਬਰ ਨੂੰ ਸਮਾਪਤ ਹੋਵੇਗੀ।

ਜ਼ਿਕਰਯੋਗ ਹੈ ਕਿ ਇਹ ਟੀਮ ਪਿਛਲੇ ਲਗਪਗ 40 ਸਾਲਾਂ ਤੋਂ ਸੱਤ ਉੱਚੀਆਂ ਚੋਟੀਆਂ ’ਤੇ ਸਥਾਪਿਤ ਨਿਸ਼ਾਨ ਸਾਹਿਬ ਦੀ ਸੇਵਾ ਨਿਭਾਉਂਦੀ ਆ ਰਹੀ ਹੈ। ਇਨ੍ਹਾਂ ਸੱਤ ਚੋਟੀਆਂ ਵਿੱਚੋਂ ਸਭ ਤੋਂ ਉੱਚੀ ਚੋਟੀ ਦੀ ਉਚਾਈ ਲਗਪਗ 18 ਹਜ਼ਾਰ ਫੁੱਟ ਤੋਂ ਵੀ ਵੱਧ ਹੈ। ਇੰਨੀ ਉਚਾਈ ’ਤੇ ਪਹੁੰਚ ਕੇ ਨਿਸ਼ਾਨ ਸਾਹਿਬ ਦੇ ਚੋਲੇ ਬਦਲਣ ਦੀ ਸੇਵਾ ਕੋਈ ਆਮ ਕਾਰਜ ਨਹੀਂ, ਸਗੋਂ ਬੇਹੱਦ ਮੁਸ਼ਕਲ ਅਤੇ ਜੋਖ਼ਮ ਭਰਿਆ ਕਾਰਜ ਹੈ।

ਇਨ੍ਹਾਂ ਸੱਤ ਉੱਚੀਆਂ ਚੋਟੀਆਂ ’ਤੇ ਸਥਾਪਿਤ ਨਿਸ਼ਾਨ ਸਾਹਿਬ ਦੇ ਚੋਲੇ ਬਦਲਣ ਦੀ ਸੇਵਾ ਲੰਬੇ ਸਮੇਂ ਤੱਕ ਬਾਬਾ ਸ਼ੇਰ ਸਿੰਘ ਮਹਿਰਾਜ ਵੱਲੋਂ ਨਿਭਾਈ ਜਾਂਦੀ ਰਹੀ। ਬਾਬਾ ਸ਼ੇਰ ਸਿੰਘ ਦੋ ਸਾਲ ਪਹਿਲਾਂ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਤੋਂ ਬਾਅਦ ਉਨ੍ਹਾਂ ਦੀ ਹੀ ਇੱਕ ਟੀਮ ਵੱਲੋਂ ਇਸ ਮਹਾਨ ਸੇਵਾ ਨੂੰ ਅੱਗੇ ਜਾਰੀ ਰੱਖਿਆ ਜਾ ਰਿਹਾ ਹੈ। ਇਸ ਟੀਮ ਵਿੱਚ ਲਗਪਗ 30 ਤੋਂ 40 ਮੈਂਬਰ ਸ਼ਾਮਲ ਹਨ ਅਤੇ ਇਹ ਸਾਰੇ ਪਿੰਡ ਮਹਿਰਾਜ ਨਾਲ ਸਬੰਧਤ ਹਨ।

ਇਸ ਟੀਮ ਵੱਲੋਂ ਕੁਝ ਦਿਨ ਪਹਿਲਾਂ ਸੱਤੋਂ ਚੋਟੀਆਂ ’ਤੇ ਪਹੁੰਚ ਕੇ ਨਿਸ਼ਾਨ ਸਾਹਿਬ ਦੇ ਚੋਲੇ ਸਾਹਿਬ ਬਦਲਣ ਦੀ ਸੇਵਾ ਕੀਤੀ ਗਈ। ਬੀਤੇ ਕੱਲ੍ਹ ਜਦੋਂ



ਇਹ ਟੀਮ ਗੁਰਦੁਆਰਾ ਗੋਬਿੰਦ ਘਾਟ ਵਿਖੇ ਪੁੱਜੀ ਤਾਂ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਸੀਈਓ ਭਾਈ ਸੇਵਾ ਸਿੰਘ ਵੱਲੋਂ ਟੀਮ ਦੇ ਮੈਂਬਰਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਭਾਈ ਸੇਵਾ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਸਾਲਾਨਾ ਸੇਵਾ ਦੌਰਾਨ ਦੋ ਕਾਰਜ ਸਭ ਤੋਂ ਅਹਿਮ ਅਤੇ ਔਖੇ ਹੁੰਦੇ ਹਨ। ਇਨ੍ਹਾਂ ਵਿੱਚ ਪਹਿਲਾ ਕਾਰਜ ਗੁਰਦੁਆਰਾ ਗੋਬਿੰਦ ਧਾਮ ਤੋਂ ਲਗਪਗ ਛੇ ਕਿਲੋਮੀਟਰ ਦੀ ਦੂਰੀ ਅਤੇ ਬਹੁਤ ਜ਼ਿਆਦਾ ਉਚਾਈ ’ਤੇ ਸਥਾਪਿਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਤੱਕ ਜਾਣ ਵਾਲੇ ਰਸਤੇ ਨੂੰ ਤਿਆਰ ਕਰਨਾ ਹੈ। ਦੂਜਾ ਕਾਰਜ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਆਲੇ-ਦੁਆਲੇ ਦੀਆਂ ਸੱਤ ਉੱਚੀਆਂ ਚੋਟੀਆਂ ’ਤੇ ਸਥਾਪਿਤ ਨਿਸ਼ਾਨ ਸਾਹਿਬ ਦੀ ਸੇਵਾ ਕਰਨਾ ਹੈ।

ਭਾਈ ਸੇਵਾ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਨੂੰ ਜਾਣ ਵਾਲੇ ਰਸਤੇ ਵਿੱਚ ਸਰਦੀਆਂ ਦੌਰਾਨ ਪੂਰੀ ਤਰ੍ਹਾਂ ਬਰਫ ਜੰਮੀ ਹੁੰਦੀ ਹੈ। ਇਸ ਬਰਫ ਨੂੰ ਹਟਾ ਕੇ ਯਾਤਰੀਆਂ ਲਈ ਰਸਤਾ ਤਿਆਰ ਕਰਨ ਦਾ ਕੰਮ ਭਾਰਤੀ ਫੌਜ ਦੇ ਜਵਾਨਾਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੇਵਾਦਾਰਾਂ ਵੱਲੋਂ ਕੀਤਾ ਜਾਂਦਾ ਹੈ। ਪਰ ਸੱਤ ਉੱਚੀਆਂ ਚੋਟੀਆਂ ’ਤੇ ਸਥਾਪਿਤ ਨਿਸ਼ਾਨ ਸਾਹਿਬ ਦੀ ਸੇਵਾ ਸਿਰਫ਼ ਇਹੀ ਟੀਮ ਆਪਣੇ ਪੱਧਰ ’ਤੇ ਕਰਦੀ ਹੈ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਸੱਤ ਚੋਟੀਆਂ ਵਿੱਚੋਂ ਸਭ ਤੋਂ ਉੱਚੀ ਚੋਟੀ ਲਗਪਗ 18 ਹਜ਼ਾਰ ਫੁੱਟ ਤੋਂ ਵੀ ਵੱਧ ਉੱਚੀ ਹੈ। ਇਨ੍ਹਾਂ ਚੋਟੀਆਂ ’ਤੇ ਜਾਣ ਲਈ ਕੋਈ ਸਥਾਪਿਤ ਰਸਤਾ ਵੀ ਨਹੀਂ ਹੈ। ਟੀਮ ਦੇ ਮੈਂਬਰਾਂ ਨੂੰ ਬੇਹੱਦ ਔਖੇ ਅਤੇ ਖ਼ਤਰਨਾਕ ਪਹਾੜੀ ਰਸਤਿਆਂ ਰਾਹੀਂ ਉੱਚੀਆਂ ਚੋਟੀਆਂ ਤੱਕ ਪਹੁੰਚਣਾ ਪੈਂਦਾ ਹੈ। ਖ਼ਾਸ ਗੱਲ ਇਹ ਹੈ ਕਿ ਇਸ ਟੀਮ ਵਿੱਚ ਸ਼ਾਮਲ ਜ਼ਿਆਦਾਤਰ ਮੈਂਬਰ ਖੇਤੀਬਾੜੀ ਨਾਲ ਜੁੜੇ ਹੋਏ ਅਤੇ ਸਧਾਰਨ ਪਰਿਵਾਰਾਂ ਨਾਲ ਸਬੰਧਤ ਹਨ। ਉਨ੍ਹਾਂ ਕੋਲ ਉੱਚੇ ਪਹਾੜਾਂ ’ਤੇ ਚੜ੍ਹਨ ਸਬੰਧੀ ਕੋਈ ਵਿਸ਼ੇਸ਼ ਤਰਬੀਅਤ ਵੀ ਨਹੀਂ ਹੈ।

ਭਾਈ ਸੇਵਾ ਸਿੰਘ ਨੇ ਕਿਹਾ ਕਿ ਇਸ ਦੇ ਬਾਵਜੂਦ ਇਹ ਪੂਰੀ ਟੀਮ ਕੁਝ ਹੀ ਦਿਨਾਂ ਵਿੱਚ ਸੱਤੋਂ ਚੋਟੀਆਂ ’ਤੇ ਨਿਸ਼ਾਨ ਸਾਹਿਬ ਦੀ ਸੇਵਾ ਮੁਕੰਮਲ ਕਰ ਲੈਂਦੀ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਚੋਟੀਆਂ ਵਿੱਚੋਂ ਚੌਥੀ ਨੰਬਰ ਵਾਲੀ ਚੋਟੀ ’ਤੇ ਚੜ੍ਹਨ ਲਈ ਵਿਸ਼ੇਸ਼ ਤੌਰ ’ਤੇ ਵੱਡਾ ਜੋਖ਼ਮ ਉਠਾਉਣਾ ਪੈਂਦਾ ਹੈ। ਇੰਨੀ ਉਚਾਈ ਅਤੇ ਮੁਸ਼ਕਲ ਹਾਲਾਤ ਦੇ ਬਾਵਜੂਦ ਟੀਮ ਵੱਲੋਂ ਸਰੀਰ ਨੂੰ ਵਾਤਾਵਰਨ ਦੇ ਅਨੁਕੂਲ ਬਣਾਉਣ ਲਈ ਲੰਮਾ ਸਮਾਂ ਲਏ ਬਿਨਾਂ ਹੀ ਸੇਵਾ ਨੂੰ ਪੂਰਾ ਕਰ ਲਿਆ ਜਾਂਦਾ ਹੈ। ਉਨ੍ਹਾਂ ਇਸ ਨੂੰ ਗੁਰੂ ਸਾਹਿਬ ਦੀ ਕਿਰਪਾ ਦੱਸਿਆ।

ਉਨ੍ਹਾਂ ਦੱਸਿਆ ਕਿ ਇਸ ਸੇਵਾ ਦੀ ਸ਼ੁਰੂਆਤ ਲਗਪਗ 40 ਸਾਲ ਪਹਿਲਾਂ ਬਾਬਾ ਸ਼ੇਰ ਸਿੰਘ ਮਹਿਰਾਜ ਵੱਲੋਂ ਕੀਤੀ ਗਈ ਸੀ। ਬਾਬਾ ਸ਼ੇਰ ਸਿੰਘ ਜੀ ਅੰਤ ਤੱਕ ਇਸ ਸੇਵਾ ਨਾਲ ਜੁੜੇ ਰਹੇ। ਉਨ੍ਹਾਂ ਦੇ ਅਕਾਲ ਚਲਾਣੇ ਤੋਂ ਬਾਅਦ ਵੀ ਉਨ੍ਹਾਂ ਦੀ ਟੀਮ ਨੇ ਇਸ ਪਰੰਪਰਾ ਨੂੰ ਜਾਰੀ ਰੱਖਿਆ ਹੈ ਅਤੇ ਹਰ ਸਾਲ ਬੇਹੱਦ ਮੁਸ਼ਕਲ ਹਾਲਾਤਾਂ ਵਿੱਚ ਸੱਤ ਉੱਚੀਆਂ ਚੋਟੀਆਂ ’ਤੇ ਸਥਾਪਿਤ ਨਿਸ਼ਾਨ ਸਾਹਿਬ ਦੀ ਸੇਵਾ ਕਰ ਰਹੀ ਹੈ।

ਗੁਰਦੁਆਰਾ ਗੋਬਿੰਦ ਘਾਟ ਵਿਖੇ ਪਹੁੰਚੀ ਇਸ ਸੇਵਾਦਾਰ ਟੀਮ ਨੂੰ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਵੱਲੋਂ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਗੁਰੂ ਸਾਹਿਬ ਅੱਗੇ ਅਰਦਾਸ ਕੀਤੀ ਗਈ ਕਿ ਗੁਰੂ ਸਾਹਿਬ ਇਸ ਟੀਮ ਨੂੰ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਨਿਸ਼ਾਨ ਸਾਹਿਬ ਦੀ ਸੇਵਾ ਕਰਨ ਲਈ ਬਲ, ਹਿੰਮਤ ਅਤੇ ਤੰਦਰੁਸਤੀ ਬਖ਼ਸ਼ਣ।

ਭਾਈ ਸੇਵਾ ਸਿੰਘ ਨੇ ਇਹ ਵੀ ਦੱਸਿਆ ਕਿ 20 ਮਈ ਤੋਂ ਸ਼ੁਰੂ ਹੋਈ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ ਤਹਿਤ 19 ਅਗਸਤ ਤੱਕ ਲਗਪਗ 2 ਲੱਖ 62 ਹਜ਼ਾਰ ਸ਼ਰਧਾਲੂ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋ ਚੁੱਕੇ ਹਨ। ਉਨ੍ਹਾਂ ਮੁਤਾਬਕ ਇਹ ਪਿਛਲੇ ਇੱਕ ਦਹਾਕੇ ਦੌਰਾਨ ਸ਼ਰਧਾਲੂਆਂ ਦੀ ਸਭ ਤੋਂ ਵੱਡੀ ਗਿਣਤੀ ਹੈ। ਉਨ੍ਹਾਂ ਉਮੀਦ ਪ੍ਰਗਟਾਈ ਕਿ ਇਸ ਵਾਰ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਵਿਖੇ ਨਤਮਸਤਕ ਹੋਣ ਵਾਲੇ ਸ਼ਰਧਾਲੂਆਂ ਦੀ ਗਿਣਤੀ 3 ਲੱਖ ਤੋਂ ਵੀ ਵੱਧ ਹੋ ਜਾਵੇਗੀ। ਸੱਤ ਉੱਚੀਆਂ ਚੋਟੀਆਂ ’ਤੇ ਨਿਸ਼ਾਨ ਸਾਹਿਬ ਦੇ ਚੋਲੇ ਬਦਲਣ ਦੀ ਇਹ ਸੇਵਾ ਨਾ ਸਿਰਫ਼ ਸਿੱਖ ਸੰਗਤ ਦੀ ਸ਼ਰਧਾ ਅਤੇ ਸੇਵਾ-ਭਾਵਨਾ ਦੀ ਮਿਸਾਲ ਹੈ, ਸਗੋਂ ਪਹਾੜਾਂ ਦੀਆਂ ਅਤਿ ਮੁਸ਼ਕਲ ਅਤੇ ਚੁਣੌਤੀਪੂਰਨ ਸਥਿਤੀਆਂ ਵਿੱਚ ਵੀ ਨਿਸ਼ਾਨ ਸਾਹਿਬ ਪ੍ਰਤੀ ਸਮਰਪਣ ਦੀ ਇੱਕ ਵਿਲੱਖਣ ਉਦਾਹਰਨ ਵੀ ਹੈ।

# ਰੱਖੜੀ ’ਤੇ ਮਾਵਾਂ-ਧੀਆਂ ਸਤਿਕਾਰ ਯੋਜਨਾ ਦੀ ਵੱਡੀ ਕਿਸ਼ਤ, 9.88 ਲੱਖ ਔਰਤਾਂ ਦੇ ਖਾਤਿਆਂ ’ਚ ਪਹੁੰਚੇਗਾ ਤਿੰਨ ਮਹੀਨਿਆਂ ਦਾ ਭੱਤਾ

**ਚੰਡੀਗੜ੍ਹ –** ਪੰਜਾਬ ਸਰਕਾਰ ਵੱਲੋਂ ਮਾਵਾਂ-ਧੀਆਂ ਸਤਿਕਾਰ ਯੋਜਨਾ ਤਹਿਤ ਰੱਖੜੀ ਦੇ ਤਿਉਹਾਰ ਮੌਕੇ ਉਨ੍ਹਾਂ ਔਰਤਾਂ ਨੂੰ ਤਿੰਨ ਮਹੀਨਿਆਂ ਦਾ ਸਤਿਕਾਰ ਭੱਤਾ ਜਾਰੀ ਕੀਤਾ ਜਾਵੇਗਾ, ਜਿਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਹੁਣ ਤੱਕ ਇਸ ਯੋਜਨਾ ਦੀ ਰਕਮ ਨਹੀਂ ਪਹੁੰਚੀ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਰੱਖੜੀ ਦੇ ਤਿਉਹਾਰ ਮੌਕੇ ਸੂਬਾਈ ਸਮਾਗਮ ਦੌਰਾਨ ਯੋਜਨਾ ਦੇ ਤੀਜੇ ਪੜਾਅ ਦੀ ਸ਼ੁਰੂਆਤ ਕੀਤੀ ਜਾਵੇਗੀ।

ਪੰਜਾਬ ਸਰਕਾਰ ਨੇ ਮਾਵਾਂ-ਧੀਆਂ ਸਤਿਕਾਰ ਯੋਜਨਾ ਤਹਿਤ ਮਾਣ-ਭੱਤਾ ਦੇਣ ਦੀ ਸ਼ੁਰੂਆਤ ਪਹਿਲੀ ਜੁਲਾਈ ਤੋਂ ਕੀਤੀ ਸੀ। ਹੁਣ ਤੱਕ ਇਸ ਯੋਜਨਾ ਦਾ ਲਾਭ ਲੈਣ ਲਈ ਕੁੱਲ 75.50 ਲੱਖ ਔਰਤਾਂ ਰਜਿਸਟਰਡ ਹੋ ਚੁੱਕੀਆਂ ਹਨ। ਇਨ੍ਹਾਂ ਵਿੱਚੋਂ 51.62 ਲੱਖ ਔਰਤਾਂ ਜਨਰਲ ਵਰਗ ਨਾਲ ਸਬੰਧਤ ਹਨ, ਜਦਕਿ 23.88 ਲੱਖ ਔਰਤਾਂ ਦਲਿਤ ਵਰਗ ਨਾਲ ਸਬੰਧਤ ਹਨ।

ਸਰਕਾਰੀ ਜਾਣਕਾਰੀ ਅਨੁਸਾਰ ਯੋਜਨਾ ਦੀ ਸ਼ੁਰੂਆਤ ਮੌਕੇ ਤੋਂ ਹੁਣ ਤੱਕ 65.62 ਲੱਖ ਔਰਤਾਂ ਦੇ ਬੈਂਕ ਖਾਤਿਆਂ ਵਿੱਚ ਸਤਿਕਾਰ ਭੱਤੇ ਦੀ ਰਕਮ ਟਰਾਂਸਫਰ ਕੀਤੀ ਜਾ ਚੁੱਕੀ ਹੈ। ਹਾਲਾਂਕਿ 9.88 ਲੱਖ ਔਰਤਾਂ ਨੂੰ ਅਜੇ ਤੱਕ ਇਸ ਯੋਜਨਾ ਦੀ ਰਕਮ ਨਹੀਂ ਮਿਲੀ। ਇਨ੍ਹਾਂ ਔਰਤਾਂ ਦੇ ਖਾਤਿਆਂ ਵਿੱਚ ਰੱਖੜੀ ਦੇ ਤਿਉਹਾਰ ਮੌਕੇ ਤਿੰਨ ਮਹੀਨਿਆਂ ਦਾ ਭੱਤਾ ਇਕੱਠਾ ਭੇਜਿਆ ਜਾਵੇਗਾ।



ਮੁੱਢਲੇ ਪੜਾਅ ਵਿੱਚ ਔਰਤਾਂ ਨੂੰ ਜੁਲਾਈ ਤੋਂ ਸਤੰਬਰ ਤੱਕ ਤਿੰਨ ਮਹੀਨਿਆਂ ਦਾ ਸਤਿਕਾਰ ਭੱਤਾ ਇਕੱਠਾ ਦਿੱਤਾ ਜਾ ਰਿਹਾ ਹੈ। ਰੱਖੜੀ ਮੌਕੇ ਲਗਭਗ 348 ਕਰੋੜ ਰੁਪਏ ਦੀ ਰਕਮ ਔਰਤਾਂ ਦੇ ਬੈਂਕ ਖਾਤਿਆਂ ਵਿੱਚ ਟਰਾਂਸਫਰ ਕੀਤੀ ਜਾਣੀ ਹੈ। ਪੰਜਾਬ ਸਰਕਾਰ ਵੱਲੋਂ ਹੁਣ ਤੱਕ ਇਸ ਯੋਜਨਾ ਤਹਿਤ ਔਰਤਾਂ ਦੇ ਖਾਤਿਆਂ ਵਿੱਚ ਕਰੀਬ 2,275 ਕਰੋੜ ਰੁਪਏ ਭੇਜੇ ਜਾ ਚੁੱਕੇ ਹਨ।

ਯੋਜਨਾ ਤਹਿਤ ਮੌਜੂਦਾ ਰਜਿਸਟ੍ਰੇਸ਼ਨ ਦੇ ਆਧਾਰ ’ਤੇ ਪੰਜਾਬ ਸਰਕਾਰ ਨੂੰ ਹਰ ਸਾਲ ਲਗਭਗ 10,492.80 ਕਰੋੜ ਰੁਪਏ ਖਰਚ ਕਰਨੇ ਪੈਣਗੇ। ਇਸ ਹਿਸਾਬ ਨਾਲ ਹਰ ਮਹੀਨੇ ਕਰੀਬ 874.40 ਕਰੋੜ ਰੁਪਏ ਦਾ ਖਰਚਾ ਬਣਦਾ ਹੈ। ਔਸਤਨ ਇੱਕ ਦਿਨ ਦੇ ਹਿਸਾਬ ਨਾਲ ਦੇਖਿਆ ਜਾਵੇ ਤਾਂ ਔਰਤਾਂ ਨੂੰ ਹਰ ਰੋਜ਼ ਲਗਭਗ 28.74 ਕਰੋੜ ਰੁਪਏ ਦਾ ਸਤਿਕਾਰ ਭੱਤਾ ਦਿੱਤਾ ਜਾਵੇਗਾ।

ਜਾਣਕਾਰੀ ਅਨੁਸਾਰ ਇਸ ਯੋਜਨਾ ਲਈ ਔਰਤਾਂ ਦੀ ਰਜਿਸਟ੍ਰੇਸ਼ਨ ਇਸ ਸਮੇਂ 75.50 ਲੱਖ ’ਤੇ ਰੁਕੀ ਹੋਈ ਹੈ। ਹਾਲਾਂਕਿ ਸਰਕਾਰ ਵੱਲੋਂ ਪਹਿਲਾਂ ਇਸ ਯੋਜਨਾ ਦਾ ਲਾਭ ਲਗਭਗ 90 ਲੱਖ ਔਰਤਾਂ ਤੱਕ ਪਹੁੰਚਣ ਦਾ ਅਨੁਮਾਨ ਲਗਾਇਆ ਗਿਆ ਸੀ। ਪੰਜਾਬ ਵਿੱਚ ਔਰਤ ਵੋਟਰਾਂ ਦੀ ਗਿਣਤੀ ਇੱਕ ਕਰੋੜ ਤੋਂ ਵੱਧ ਹੈ, ਜਿਸ ਕਾਰਨ ਅਜੇ ਵੀ ਵੱਡੀ ਗਿਣਤੀ ਵਿੱਚ ਔਰਤਾਂ ਇਸ ਯੋਜਨਾ ਨਾਲ ਨਹੀਂ ਜੁੜੀਆਂ ਹਨ।

ਅਗਸਤ ਮਹੀਨੇ ਦੌਰਾਨ ਇਸ ਯੋਜਨਾ ਲਈ ਨਵੀਂ ਰਜਿਸਟ੍ਰੇਸ਼ਨ ਦੀ ਰਫ਼ਤਾਰ ਵੀ ਕਾਫ਼ੀ ਹੌਲੀ ਹੋਣ ਦੀ ਜਾਣਕਾਰੀ ਸਾਹਮਣੇ ਆਈ ਹੈ। ਸਰਕਾਰ ਵੱਲੋਂ ਯੋਜਨਾ ਦਾ ਲਾਭ ਵੱਧ ਤੋਂ ਵੱਧ ਯੋਗ ਔਰਤਾਂ ਤੱਕ ਪਹੁੰਚਾਉਣ ਲਈ ਰਜਿਸਟ੍ਰੇਸ਼ਨ ਪ੍ਰਕਿਰਿਆ ਜਾਰੀ ਰੱਖੀ ਜਾ ਰਹੀ ਹੈ।

ਮਾਵਾਂ-ਧੀਆਂ ਸਤਿਕਾਰ ਯੋਜਨਾ ਤਹਿਤ ਜਨਰਲ ਵਰਗ ਦੀਆਂ ਔਰਤਾਂ ਨੂੰ ਹਰ ਮਹੀਨੇ 1,000 ਰੁਪਏ, ਜਦਕਿ ਦਲਿਤ ਵਰਗ ਦੀਆਂ ਔਰਤਾਂ ਨੂੰ 1,500 ਰੁਪਏ ਪ੍ਰਤੀ ਮਹੀਨਾ ਸਤਿਕਾਰ ਭੱਤਾ ਦਿੱਤਾ ਜਾ ਰਿਹਾ ਹੈ। ਰੱਖੜੀ ਮੌਕੇ ਤਿੰਨ ਮਹੀਨਿਆਂ ਦੀ ਰਕਮ ਇਕੱਠੀ ਮਿਲਣ ਨਾਲ ਬਕਾਇਆ ਲਾਭਪਾਤਰੀ ਔਰਤਾਂ ਨੂੰ ਇੱਕੋ ਵਾਰ ਵੱਡੀ ਰਕਮ ਪ੍ਰਾਪਤ ਹੋਵੇਗੀ।

# 1984 ਸਿੱਖ ਵਿਰੋਧੀ ਦੰਗਿਆਂ ਦੇ ਦੋਸ਼ੀ ਸਾਬਕਾ ਕਾਂਗਰਸੀ ਸੰਸਦ ਮੈਂਬਰ ਸੱਜਣ ਕੁਮਾਰ ਦਾ ਦੇਹਾਂਤ

## ਉਮਰ ਕੈਦ ਦੀ ਸਜ਼ਾ ਕੱਟ ਰਹੇ ਸਨ ਸੱਜਣ ਕੁਮਾਰ, ਸਫ਼ਦਰਜੰਗ ਹਸਪਤਾਲ ਦੇ ਸੂਤਰਾਂ ਨੇ ਮੌਤ ਦੀ ਕੀਤੀ ਪੁਸ਼ਟੀ

**ਨਵੀਂ ਦਿੱਲੀ –** 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲਿਆਂ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਸਾਬਕਾ ਕਾਂਗਰਸੀ ਸੰਸਦ ਮੈਂਬਰ ਸੱਜਣ ਕੁਮਾਰ ਦਾ ਵੀਰਵਾਰ ਨੂੰ ਦੇਹਾਂਤ ਹੋ ਗਿਆ। ਸਫ਼ਦਰਜੰਗ ਹਸਪਤਾਲ ਦੇ ਸੂਤਰਾਂ ਨੇ ਉਨ੍ਹਾਂ ਦੀ ਮੌਤ ਦੀ ਪੁਸ਼ਟੀ ਕੀਤੀ ਹੈ। ਹਾਲਾਂਕਿ, ਹਸਪਤਾਲ ਵੱਲੋਂ ਅਜੇ ਤੱਕ ਉਨ੍ਹਾਂ ਦੀ ਮੌਤ ਦੇ ਕਾਰਨਾਂ ਸਬੰਧੀ ਕੋਈ ਸਪੱਸ਼ਟ ਜਾਣਕਾਰੀ ਜਨਤਕ ਨਹੀਂ ਕੀਤੀ ਗਈ।

ਸੱਜਣ ਕੁਮਾਰ 1984 ਦੇ ਸਿੱਖ ਵਿਰੋਧੀ ਦੰਗਿਆਂ ਨਾਲ ਜੁੜੇ ਕਈ ਮਾਮਲਿਆਂ ਵਿੱਚ ਦੋਸ਼ੀ ਠਹਿਰਾਏ ਗਏ ਸਨ ਅਤੇ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਉਹ ਆਪਣੀ ਸਜ਼ਾ ਦੌਰਾਨ ਜੇਲ੍ਹ ਵਿੱਚ ਬੰਦ ਸਨ ਅਤੇ ਬਾਅਦ ਵਿੱਚ ਸਿਹਤ ਸਬੰਧੀ ਕਾਰਨਾਂ ਕਰਕੇ ਹਸਪਤਾਲ ਵਿੱਚ ਇਲਾਜ ਅਧੀਨ ਸਨ।

### ਪੰਜ ਸਿੱਖਾਂ ਦੇ ਕਤਲ ਅਤੇ ਗੁਰਦੁਆਰਾ ਸਾੜਨ ਦੇ ਮਾਮਲੇ ’ਚ ਉਮਰ ਕੈਦ

ਦਿੱਲੀ ਹਾਈ ਕੋਰਟ ਨੇ 17 ਦਸੰਬਰ 2018 ਨੂੰ 1984 ਦੇ ਸਿੱਖ ਵਿਰੋਧੀ ਦੰਗਿਆਂ ਦੌਰਾਨ ਪੰਜ ਸਿੱਖਾਂ ਦੇ ਕਤਲ ਅਤੇ ਇੱਕ ਗੁਰਦੁਆਰੇ ਨੂੰ ਸਾੜਨ ਨਾਲ ਸਬੰਧਤ ਮਾਮਲੇ ਵਿੱਚ ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ।

ਇਸ ਮਾਮਲੇ ਵਿੱਚ ਉਨ੍ਹਾਂ ’ਤੇ ਦੰਗਿਆਂ ਦੌਰਾਨ ਹਿੰਸਾ ਅਤੇ ਕਤਲ ਨਾਲ ਸਬੰਧਤ ਗੰਭੀਰ ਦੋਸ਼ ਸਨ। ਹੇਠਲੀ ਅਦਾਲਤ ਵੱਲੋਂ ਪਹਿਲਾਂ ਉਨ੍ਹਾਂ ਨੂੰ ਬਰੀ ਕਰ ਦਿੱਤਾ ਗਿਆ ਸੀ, ਪਰ ਇਸ ਫ਼ੈਸਲੇ ਨੂੰ ਚੁਣੌਤੀ ਦਿੱਤੇ ਜਾਣ ਤੋਂ ਬਾਅਦ ਦਿੱਲੀ ਹਾਈ ਕੋਰਟ



ਨੇ ਮਾਮਲੇ ਦੀ ਮੁੜ ਸੁਣਵਾਈ ਕਰਦਿਆਂ ਉਨ੍ਹਾਂ ਨੂੰ ਦੋਸ਼ੀ ਕਰਾਰ ਦਿੱਤਾ ਅਤੇ ਉਮਰ ਕੈਦ ਦੀ ਸਜ਼ਾ ਸੁਣਾਈ।

ਇਸ ਫ਼ੈਸਲੇ ਤੋਂ ਬਾਅਦ ਸੱਜਣ ਕੁਮਾਰ ਨੂੰ ਜੇਲ੍ਹ ਭੇਜ ਦਿੱਤਾ ਗਿਆ ਸੀ। ਉਹ ਤਿਹਾੜ ਜੇਲ੍ਹ ਵਿੱਚ ਵੀ ਬੰਦ ਰਹੇ।

### ਇੱਕ ਹੋਰ ਮਾਮਲੇ ਵਿੱਚ ਵੀ ਸੁਣਾਈ ਗਈ ਸੀ ਉਮਰ ਕੈਦ

ਸੱਜਣ ਕੁਮਾਰ ਨੂੰ 1984 ਦੇ ਸਿੱਖ ਵਿਰੋਧੀ ਦੰਗਿਆਂ ਨਾਲ ਜੁੜੇ ਇੱਕ ਹੋਰ ਮਾਮਲੇ ਵਿੱਚ ਵੀ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਫਰਵਰੀ 2025 ਵਿੱਚ ਦਿੱਲੀ ਦੀ ਇੱਕ ਅਦਾਲਤ ਨੇ ਦੰਗਿਆਂ ਦੌਰਾਨ ਦੋ ਸਿੱਖ ਵਿਅਕਤੀਆਂ ਦੇ ਕਤਲ ਨਾਲ ਸਬੰਧਤ ਮਾਮਲੇ ਵਿੱਚ ਉਨ੍ਹਾਂ ਨੂੰ ਦੋਸ਼ੀ ਕਰਾਰ ਦਿੰਦਿਆਂ ਉਮਰ ਕੈਦ ਦੀ ਸਜ਼ਾ ਸੁਣਾਈ ਸੀ।

ਇਹ ਮਾਮਲਾ 1984 ਵਿੱਚ ਦਿੱਲੀ ਦੇ ਸਰਸਵਤੀ ਵਿਹਾਰ ਇਲਾਕੇ ਵਿੱਚ ਦੋ ਸਿੱਖ ਵਿਅਕਤੀਆਂ ਦੇ ਕਤਲ ਨਾਲ ਸਬੰਧਤ ਸੀ। ਇਸ ਤਰ੍ਹਾਂ ਸੱਜਣ ਕੁਮਾਰ ਵਿਰੁੱਧ 1984 ਦੇ ਦੰਗਿਆਂ ਨਾਲ ਸਬੰਧਤ ਕਈ ਮਾਮਲਿਆਂ ਵਿੱਚ ਕਾਨੂੰਨੀ ਕਾਰਵਾਈ ਚੱਲਦੀ ਰਹੀ ਅਤੇ ਉਨ੍ਹਾਂ ਨੂੰ ਵੱਖ-ਵੱਖ ਮਾਮਲਿਆਂ ਵਿੱਚ ਦੋਸ਼ੀ ਠਹਿਰਾਇਆ ਗਿਆ।

### ਤਿੰਨ ਵਾਰ ਲੋਕ ਸਭਾ ਮੈਂਬਰ ਰਹੇ ਸੱਜਣ ਕੁਮਾਰ

ਸੱਜਣ ਕੁਮਾਰ ਤਿੰਨ ਵਾਰ ਲੋਕ ਸਭਾ ਦੇ ਮੈਂਬਰ ਰਹੇ ਸਨ। ਉਨ੍ਹਾਂ ਨੇ ਆਊਟਰ ਦਿੱਲੀ ਲੋਕ ਸਭਾ ਹਲਕੇ ਦੀ ਨੁਮਾਇੰਦਗੀ ਕੀਤੀ ਸੀ। ਉਹ ਲੰਬੇ ਸਮੇਂ ਤੱਕ ਕਾਂਗਰਸ ਪਾਰਟੀ ਦੇ ਇੱਕ ਪ੍ਰਮੁੱਖ ਆਗੂ ਵਜੋਂ ਸਰਗਰਮ ਰਹੇ।

1984 ਦੇ ਦੰਗਿਆਂ ਨਾਲ ਸਬੰਧਤ ਮਾਮਲਿਆਂ ਵਿੱਚ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਸੱਜਣ ਕੁਮਾਰ ਨੇ 2018 ਵਿੱਚ ਕਾਂਗਰਸ ਪਾਰਟੀ ਤੋਂ ਅਸਤੀਫ਼ਾ ਦੇ ਦਿੱਤਾ ਸੀ। ਇਸ ਤੋਂ ਬਾਅਦ ਉਨ੍ਹਾਂ ਦੀ ਸਿਆਸੀ ਸਰਗਰਮੀ ਵੀ ਖ਼ਤਮ ਹੋ ਗਈ ਅਤੇ ਉਹ ਅਦਾਲਤੀ ਮਾਮਲਿਆਂ ਅਤੇ ਸਜ਼ਾ ਨਾਲ ਜੁੜੀ ਕਾਨੂੰਨੀ ਪ੍ਰਕਿਰਿਆ ਦਾ ਸਾਹਮਣਾ ਕਰਦੇ ਰਹੇ।

1984 ਦੇ ਸਿੱਖ ਵਿਰੋਧੀ ਦੰਗਿਆਂ ਨਾਲ ਸਬੰਧਤ ਮਾਮਲਿਆਂ ਵਿੱਚ ਸੱਜਣ ਕੁਮਾਰ ਦੀ ਦੋਸ਼ਸਿੱਧੀ ਨੂੰ ਲੰਬੇ ਸਮੇਂ ਤੋਂ ਪੀੜਤ ਪਰਿਵਾਰਾਂ ਲਈ ਮਹੱਤਵਪੂਰਨ ਕਾਨੂੰਨੀ ਵਿਕਾਸ ਵਜੋਂ ਦੇਖਿਆ ਜਾਂਦਾ ਰਿਹਾ ਹੈ। ਉਨ੍ਹਾਂ ਦੀ ਮੌਤ ਨਾਲ ਹੁਣ ਇਨ੍ਹਾਂ ਮਾਮਲਿਆਂ ਨਾਲ ਜੁੜੀ ਕਾਨੂੰਨੀ ਅਤੇ ਸਿਆਸੀ ਚਰਚਾ ਮੁੜ ਸਾਹਮਣੇ ਆ ਗਈ ਹੈ।

# ਪੰਜਾਬ ਬੰਦ ਦੌਰਾਨ ਗੋਲਡਨ ਗੇਟ ’ਤੇ ਪੁਲੀਸ ਕਾਰਵਾਈ, ਕਈ ਸਿੱਖ ਆਗੂ ਹਿਰਾਸਤ ਵਿੱਚ

**ਅੰਮ੍ਰਿਤਸਰ:** ਬੰਦੀ ਸਿੰਘਾਂ ਦੀ ਰਿਹਾਈ ਸਮੇਤ ਹੋਰ ਮੰਗਾਂ ਨੂੰ ਲੈ ਕੇ ਕੌਮੀ ਇਨਸਾਫ਼ ਮੋਰਚੇ ਵੱਲੋਂ ਦਿੱਤੇ ਪੰਜਾਬ ਬੰਦ ਦੇ ਸੱਦੇ ਦੌਰਾਨ ਅੰਮ੍ਰਿਤਸਰ ਦੇ ਗੋਲਡਨ ਗੇਟ ’ਤੇ ਆਵਾਜਾਈ ਰੋਕਣ ਦੀ ਕੋਸ਼ਿਸ਼ ਕਰ ਰਹੇ ਕਈ ਸਿੱਖ ਆਗੂਆਂ ਨੂੰ ਪੁਲੀਸ ਨੇ ਹਿਰਾਸਤ ਵਿੱਚ ਲੈ ਲਿਆ। ਪੁਲੀਸ ਵੱਲੋਂ ਹਿਰਾਸਤ ਵਿੱਚ ਲਏ ਗਏ ਆਗੂਆਂ ਵਿੱਚ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਮੀਤ ਪ੍ਰਧਾਨ ਭੁਪਿੰਦਰ ਸਿੰਘ, ਮਨਪ੍ਰੀਤ ਸਿੰਘ ਮੰਨਾ, ਭਾਈ ਗਗਨਦੀਪ ਸਿੰਘ ਅਤੇ ਹਰਪ੍ਰੀਤ ਸਿੰਘ ਬੰਟੀ ਸਮੇਤ ਫੈਡਰੇਸ਼ਨ ਦੇ ਹੋਰ ਮੈਂਬਰ ਸ਼ਾਮਲ ਹਨ।



ਸਿੱਖ ਜਥੇਬੰਦੀ ਨਾਲ ਜੁੜੇ ਆਗੂ ਅਤੇ ਮੈਂਬਰ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਅੰਮ੍ਰਿਤਸਰ ਰੋਡ ਸਥਿਤ ਗੋਲਡਨ ਗੇਟ ’ਤੇ ਆਵਾਜਾਈ ਬੰਦ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਇਸ ਦੌਰਾਨ ਪੁਲੀਸ ਨੇ ਮੌਕੇ ’ਤੇ ਕਾਰਵਾਈ ਕਰਦਿਆਂ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ।

ਪੰਜਾਬ ਭਰ ਵਿੱਚ ਸੁਰੱਖਿਆ ਦੇ ਸਖ਼ਤ ਪ੍ਰਬੰਧ

ਕੌਮੀ ਇਨਸਾਫ਼ ਮੋਰਚੇ ਵੱਲੋਂ 21 ਅਗਸਤ ਨੂੰ ਪੰਜਾਬ ਬੰਦ ਦਾ ਸੱਦਾ ਦਿੱਤੇ ਜਾਣ ਤੋਂ ਬਾਅਦ ਪੰਜਾਬ ਭਰ ਵਿੱਚ ਸੁਰੱਖਿਆ ਪ੍ਰਬੰਧ ਸਖ਼ਤ ਕਰ ਦਿੱਤੇ ਗਏ ਸਨ। ਸੰਵੇਦਨਸ਼ੀਲ ਥਾਵਾਂ ’ਤੇ ਵਾਧੂ ਪੁਲੀਸ ਬਲ ਤਾਇਨਾਤ ਕੀਤਾ ਗਿਆ ਅਤੇ ਵੱਖ-ਵੱਖ ਇਲਾਕਿਆਂ ਵਿੱਚ ਪੁਲੀਸ ਵੱਲੋਂ ਵਿਸ਼ੇਸ਼ ਨਿਗਰਾਨੀ ਰੱਖੀ ਗਈ।

ਚੰਡੀਗੜ੍ਹ ਵਿੱਚ ਵੀ ਪੰਜਾਬ ਨਾਲ ਲੱਗਦੀਆਂ ਸਰਹੱਦਾਂ ’ਤੇ ਪੁਲੀਸ ਵੱਲੋਂ ਚੌਕਸੀ ਵਧਾਈ ਗਈ ਸੀ। ਪ੍ਰਸ਼ਾਸਨ ਵੱਲੋਂ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਸੁਰੱਖਿਆ ਪ੍ਰਬੰਧਾਂ ਦੀ ਲਗਾਤਾਰ ਨਿਗਰਾਨੀ ਕੀਤੀ ਜਾ ਰਹੀ ਸੀ।

ਪੰਜਾਬ ਬੰਦ ਦੇ ਸੱਦੇ ਦੇ ਮੱਦੇਨਜ਼ਰ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁੱਖ ਦਫ਼ਤਰ ਵੀ ਬੰਦ ਰਿਹਾ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਵਿੱਦਿਅਕ ਅਦਾਰੇ ਅਤੇ ਹੋਰ ਸੰਸਥਾਵਾਂ ਵੀ ਬੰਦ ਰੱਖੀਆਂ ਗਈਆਂ।

ਪਟਿਆਲਾ ਦੇ ਪੁਲੀਸ ਕਪਤਾਨ ਮੋਹਿਤ ਅਗਰਵਾਲ ਨੇ ਕਿਹਾ ਕਿ ਸਥਿਤੀ ਨੂੰ ਲੈ ਕੇ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੈ ਅਤੇ ਪੰਜਾਬ ਬੰਦ ਕਾਫ਼ੀ ਹੱਦ ਤੱਕ ਸ਼ਾਂਤਮਈ ਰਿਹਾ। ਉਨ੍ਹਾਂ ਦੱਸਿਆ ਕਿ ਸਰਕਾਰੀ ਸਕੂਲ ਆਪਣੇ ਨਿਰਧਾਰਤ ਸਮੇਂ ਅਨੁਸਾਰ ਸਵੇਰੇ ਖੁੱਲ੍ਹੇ, ਜਦਕਿ ਕਈ ਨਿੱਜੀ ਸਕੂਲ ਬੰਦ ਰਹੇ।

ਮੋਹਾਲੀ ਤੇ ਚੰਡੀਗੜ੍ਹ ਵਿੱਚ ਵੀ ਬੰਦ ਦਾ ਅਸਰ

ਪੰਜਾਬ ਬੰਦ ਦੇ ਸੱਦੇ ਤੋਂ ਬਾਅਦ ਮੋਹਾਲੀ ਅਤੇ ਚੰਡੀਗੜ੍ਹ ਵਿੱਚ ਵੀ ਕਈ ਵਪਾਰਕ ਅਦਾਰਿਆਂ ਨੇ ਆਪਣੀਆਂ ਦੁਕਾਨਾਂ ਅਤੇ ਕਾਰੋਬਾਰੀ ਸੰਸਥਾਵਾਂ ਬੰਦ ਰੱਖਣ ਦਾ ਫ਼ੈਸਲਾ ਕੀਤਾ। ਵਧਦੇ ਤਣਾਅ ਦੇ ਮੱਦੇਨਜ਼ਰ ਕਈ ਵਪਾਰੀਆਂ ਵੱਲੋਂ ਦੁਪਹਿਰ ਤੱਕ ਕਾਰੋਬਾਰ ਬੰਦ ਰੱਖਿਆ ਗਿਆ।

ਕੌਮੀ ਇਨਸਾਫ਼ ਮੋਰਚੇ ਨੇ ਕਾਰੋਬਾਰ, ਆਵਾਜਾਈ, ਸੜਕੀ ਅਤੇ ਰੇਲ ਸੇਵਾਵਾਂ ਨੂੰ ਸਵੇਰੇ 7 ਵਜੇ ਤੋਂ ਦੁਪਹਿਰ 2 ਵਜੇ ਤੱਕ ਬੰਦ ਰੱਖਣ ਦਾ ਸੱਦਾ ਦਿੱਤਾ ਸੀ। ਮੋਰਚੇ ਦੇ ਆਗੂਆਂ ਮੁਤਾਬਕ ਇਸ ਦੌਰਾਨ ਸਿਰਫ਼ ਜ਼ਰੂਰੀ ਸੇਵਾਵਾਂ ਨੂੰ ਚੱਲਣ ਦੀ ਇਜਾਜ਼ਤ ਦਿੱਤੀ ਜਾਣੀ ਸੀ।

ਕਿਉਂ ਦਿੱਤਾ ਗਿਆ ਪੰਜਾਬ ਬੰਦ ਦਾ ਸੱਦਾ?

ਕੌਮੀ ਇਨਸਾਫ਼ ਮੋਰਚੇ ਵੱਲੋਂ ਪੁਲੀਸ ਕਾਰਵਾਈ, ਮੋਰਚੇ ਦੇ ਮੈਂਬਰਾਂ ਖ਼ਿਲਾਫ਼ ਦਰਜ ਐੱਫਆਈਆਰ ਅਤੇ ਬੰਦੀ ਸਿੰਘਾਂ ਦੀ ਲਗਾਤਾਰ ਨਜ਼ਰਬੰਦੀ ਦੇ ਵਿਰੋਧ ਵਿੱਚ ਪੰਜਾਬ ਬੰਦ ਦਾ ਸੱਦਾ ਦਿੱਤਾ ਗਿਆ ਸੀ।

ਮਾਮਲਾ 15 ਅਗਸਤ ਨੂੰ ਚੰਡੀਗੜ੍ਹ ਵਿੱਚ ਹੋਈ ਪੁਲੀਸ ਕਾਰਵਾਈ ਨਾਲ ਵੀ ਜੁੜਿਆ ਹੋਇਆ ਹੈ। ਉਸ ਦਿਨ ਕੌਮੀ ਇਨਸਾਫ਼ ਮੋਰਚੇ ਵੱਲੋਂ ਪੰਜਾਬ ਰਾਜ ਭਵਨ ਵੱਲ ਮਾਰਚ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਪੁਲੀਸ ਨੇ ਬੈਰੀਕੇਡ ਲਗਾ ਕੇ ਮਾਰਚ ਨੂੰ ਰੋਕਿਆ ਅਤੇ ਸਥਿਤੀ ਨੂੰ ਕਾਬੂ ਕਰਨ ਲਈ ਅੱਥਰੂ ਗੈਸ ਅਤੇ ਪਾਣੀ ਦੀਆਂ ਬੁਛਾੜਾਂ ਦੀ ਵਰਤੋਂ ਕੀਤੀ ਸੀ। ਇਸ ਤੋਂ ਬਾਅਦ ਮੋਰਚੇ ਦੇ ਆਗੂਆਂ ਅਤੇ ਸਮਰਥਕਾਂ ਖ਼ਿਲਾਫ਼ ਕਈ ਐੱਫਆਈਆਰ ਦਰਜ ਕੀਤੀਆਂ ਗਈਆਂ ਸਨ।

ਮੋਰਚੇ ਦੀਆਂ ਮੁੱਖ ਮੰਗਾਂ ਵਿੱਚ ਉਹਨਾਂ ਬੰਦੀ ਸਿੰਘਾਂ ਦੀ ਰਿਹਾਈ ਸ਼ਾਮਲ ਹੈ, ਜਿਨ੍ਹਾਂ ਬਾਰੇ ਮੋਰਚਾ ਕਹਿੰਦਾ ਹੈ ਕਿ ਉਹ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ, ਪਰ ਇਸ ਦੇ ਬਾਵਜੂਦ ਅਜੇ ਵੀ ਜੇਲ੍ਹਾਂ ਵਿੱਚ ਬੰਦ ਹਨ।

ਇਸ ਤੋਂ ਇਲਾਵਾ ਜਗਤਾਰ ਸਿੰਘ ਹਵਾਰਾ ਲਈ ਪੈਰੋਲ ਅਤੇ ਬੇਅਦਬੀ ਤੇ ਪੁਲੀਸ ਗੋਲੀਕਾਂਡ ਨਾਲ ਸਬੰਧਤ ਮਾਮਲਿਆਂ ਵਿੱਚ ਇਨਸਾਫ਼ ਦੀ ਮੰਗ ਵੀ ਮੋਰਚੇ ਵੱਲੋਂ ਕੀਤੀ ਜਾ ਰਹੀ ਹੈ।

ਕੌਮੀ ਇਨਸਾਫ਼ ਮੋਰਚੇ ਦੇ ਆਗੂ ਗੁਰਚਰਨ ਸਿੰਘ ਨੇ ਕਿਹਾ ਕਿ ਪੰਜਾਬ ਬੰਦ ਦਾ ਮਕਸਦ ਸਰਕਾਰ ਅਤੇ ਪ੍ਰਸ਼ਾਸਨ ਦਾ ਧਿਆਨ ਇਨ੍ਹਾਂ ਮੁੱਦਿਆਂ ਵੱਲ ਖਿੱਚਣਾ ਹੈ। ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਅਤੇ ਹੋਰ ਮੰਗਾਂ ਨੂੰ ਲੈ ਕੇ ਮੋਰਚਾ ਆਪਣਾ ਸੰਘਰਸ਼ ਜਾਰੀ ਰੱਖੇਗਾ।

ਪੰਜਾਬ ਬੰਦ ਦੌਰਾਨ ਵੱਖ-ਵੱਖ ਥਾਵਾਂ ’ਤੇ ਪੁਲੀਸ ਦੀ ਤਾਇਨਾਤੀ, ਆਵਾਜਾਈ ਅਤੇ ਬਾਜ਼ਾਰਾਂ ਦੀ ਸਥਿਤੀ ’ਤੇ ਨਜ਼ਰ ਰੱਖੀ ਗਈ। ਗੋਲਡਨ ਗੇਟ ’ਤੇ ਸਿੱਖ ਆਗੂਆਂ ਦੀ ਹਿਰਾਸਤ ਦੀ ਘਟਨਾ ਦੇ ਬਾਵਜੂਦ ਪ੍ਰਸ਼ਾਸਨ ਨੇ ਬੰਦ ਨੂੰ ਵੱਡੇ ਪੱਧਰ ’ਤੇ ਸ਼ਾਂਤਮਈ ਰਹਿਣ ਦੀ ਗੱਲ ਕਹੀ ਹੈ।

## ਸਰਹੱਦੀ ਪਿੰਡ ਜੱਟਾ ’ਚ ਘਰ ’ਤੇ ਦੋ ਗ੍ਰਨੇਡ ਸੁੱਟੇ, ਤਿੰਨ ਜ਼ਖ਼ਮੀ; ਗੁਰਜੀਤ ਔਜਲਾ ਨੇ ਕੀਤੀ ਸਖ਼ਤ ਨਿੰਦਾ

**ਅੰਮ੍ਰਿਤਸਰ:** ਸਰਹੱਦੀ ਪਿੰਡ ਜੱਟਾ ਵਿੱਚ ਬੀਤੀ ਰਾਤ ਇੱਕ ਸਾਬਕਾ ਫ਼ੌਜੀ ਦੇ ਘਰ ’ਤੇ ਦੋ ਅਣਪਛਾਤੇ ਮੋਟਰਸਾਈਕਲ ਸਵਾਰਾਂ ਵੱਲੋਂ ਦੋ ਗ੍ਰਨੇਡ ਸੁੱਟ ਕੇ ਹਮਲਾ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਹਮਲੇ ਵਿੱਚ ਦੋ ਔਰਤਾਂ ਸਮੇਤ ਤਿੰਨ ਵਿਅਕਤੀ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਧਮਾਕਿਆਂ ਕਾਰਨ ਘਰ ਅਤੇ ਉੱਥੇ ਖੜ੍ਹੀ ਕਾਰ ਨੂੰ ਵੀ ਭਾਰੀ ਨੁਕਸਾਨ ਪਹੁੰਚਿਆ।

ਪ੍ਰਾਪਤ ਜਾਣਕਾਰੀ ਮੁਤਾਬਕ ਘਟਨਾ ਬੀਤੀ ਰਾਤ ਕਰੀਬ ਪੌਣੇ ਨੌਂ ਵਜੇ ਵਾਪਰੀ। ਪਿੰਡ ਜੱਟਾ ਦੇ ਵਸਨੀਕ ਸਾਬਕਾ ਫ਼ੌਜੀ ਨਿਰਮਲ ਸਿੰਘ ਦੇ ਘਰ ’ਤੇ ਦੋ ਮੋਟਰਸਾਈਕਲ ਸਵਾਰ ਵਿਅਕਤੀਆਂ ਨੇ ਦੋ ਗ੍ਰਨੇਡ ਸੁੱਟੇ। ਹਮਲਾਵਰਾਂ ਨੇ ਆਪਣੇ ਚਿਹਰੇ ਕੱਪੜੇ ਨਾਲ ਢੱਕੇ ਹੋਏ ਸਨ ਅਤੇ ਧਮਾਕਿਆਂ ਤੋਂ ਬਾਅਦ ਉਹ ਮੌਕੇ ਤੋਂ ਫ਼ਰਾਰ ਹੋ ਗਏ।

ਹਮਲਾਵਰਾਂ ਵੱਲੋਂ ਸੁੱਟਿਆ ਗਿਆ ਪਹਿਲਾ ਗ੍ਰਨੇਡ ਘਰ ਦੇ ਬਾਹਰ ਖੜ੍ਹੀ ਸਵਿਫ਼ਟ ਕਾਰ ’ਤੇ ਜਾ ਵੱਜਿਆ, ਜਿਸ ਕਾਰਨ ਕਾਰ ਨੂੰ ਭਾਰੀ ਨੁਕਸਾਨ ਹੋਇਆ। ਇਸ ਤੋਂ ਬਾਅਦ ਦੂਜਾ ਗ੍ਰਨੇਡ ਘਰ ਦੇ ਵਿਹੜੇ ਵਿੱਚ ਡਿੱਗਿਆ ਅਤੇ ਜ਼ੋਰਦਾਰ ਧਮਾਕਾ ਹੋਇਆ। ਇਸ ਧਮਾਕੇ ਵਿੱਚ ਨਿਰਮਲ ਸਿੰਘ ਦਾ 30 ਸਾਲਾ ਪੁੱਤਰ ਜਸਪਾਲ ਸਿੰਘ, ਉਸ ਦੀ ਪਤਨੀ ਮਨਪ੍ਰੀਤ ਕੌਰ ਅਤੇ ਨਿਰਮਲ ਸਿੰਘ ਦੀ ਬੇਟੀ ਜ਼ਖ਼ਮੀ ਹੋ ਗਏ। ਨਿਰਮਲ ਸਿੰਘ ਦੀ ਬੇਟੀ ਇਸ ਸਮੇਂ ਆਪਣੇ ਪੇਕੇ ਘਰ ਰਹਿ ਰਹੀ ਸੀ।

ਧਮਾਕਾ ਇੰਨਾ ਜ਼ਬਰਦਸਤ ਸੀ ਕਿ ਆਸ-ਪਾਸ ਦੇ ਲੋਕਾਂ ਵਿੱਚ ਹਫੜਾ-ਦਫੜੀ ਮਚ ਗਈ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲੀਸ ਮੌਕੇ ’ਤੇ ਪਹੁੰਚੀ ਅਤੇ ਜਾਂਚ ਸ਼ੁਰੂ ਕਰ ਦਿੱਤੀ। ਪੁਲੀਸ ਵੱਲੋਂ ਹਮਲਾਵਰਾਂ ਦੀ ਪਛਾਣ ਅਤੇ ਉਨ੍ਹਾਂ ਤੱਕ ਪਹੁੰਚਣ ਲਈ ਪਿੰਡ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਵੀ ਖੰਗਾਲੀ ਜਾ ਰਹੀ ਹੈ।

ਨਿਰਮਲ ਸਿੰਘ ਨੇ ਦੱਸਿਆ ਕਿ ਉਸ ਨੂੰ ਕਿਸੇ ਵਿਅਕਤੀ ’ਤੇ ਕੋਈ ਸ਼ੱਕ ਨਹੀਂ ਹੈ ਅਤੇ ਨਾ ਹੀ ਉਸ ਦੀ ਕਿਸੇ ਨਾਲ ਕੋਈ ਦੁਸ਼ਮਣੀ ਹੈ। ਉਸ ਮੁਤਾਬਕ ਹਮਲਾਵਰ ਮੋਟਰਸਾਈਕਲ ’ਤੇ ਆਏ ਸਨ ਅਤੇ ਉਨ੍ਹਾਂ ਦੇ ਮੂੰਹ ਬੰਨ੍ਹੇ ਹੋਏ ਸਨ। ਪੁਲੀਸ ਵੱਲੋਂ ਹਮਲੇ ਦੇ ਕਾਰਨਾਂ ਅਤੇ ਇਸ ਪਿੱਛੇ ਸ਼ਾਮਲ ਵਿਅਕਤੀਆਂ ਬਾਰੇ ਵੱਖ-ਵੱਖ ਪਹਿਲੂਆਂ ਤੋਂ ਜਾਂਚ ਕੀਤੀ ਜਾ ਰਹੀ ਹੈ।

ਪੁਲੀਸ ਇਸ ਮਾਮਲੇ ਵਿੱਚ ਨੇੜਲੇ ਇਲਾਕੇ ਨਾਲ ਜੁੜੇ ਸੰਭਾਵਿਤ ਗੈਂਗਸਟਰ ਨੈੱਟਵਰਕ ਦੇ ਪੱਖ ਨੂੰ ਵੀ ਜਾਂਚ ਦੇ ਘੇਰੇ ਵਿੱਚ ਰੱਖ ਰਹੀ ਹੈ। ਪਿੰਡ ਵਾਸੀਆਂ ਮੁਤਾਬਕ ਜੱਟਾ ਦੇ ਨਾਲ ਲੱਗਦਾ ਪਿੰਡ ਗੈਂਗਸਟਰ ਹੈਪੀ ਪਾਸੀਆ ਨਾਲ ਜੋੜਿਆ ਜਾਂਦਾ ਹੈ। ਹਾਲਾਂਕਿ ਹਮਲੇ ਪਿੱਛੇ ਕਿਸੇ ਵਿਸ਼ੇਸ਼ ਵਿਅਕਤੀ ਜਾਂ ਗਰੁੱਪ ਦੀ ਸ਼ਮੂਲੀਅਤ ਦੀ ਅਜੇ ਪੁਸ਼ਟੀ ਨਹੀਂ ਹੋਈ ਹੈ।

ਗੁਰਜੀਤ ਔਜਲਾ ਨੇ ਕੀਤੀ ਹਮਲੇ ਦੀ ਸਖ਼ਤ ਨਿੰਦਾ

ਸਰਹੱਦੀ ਪਿੰਡ ਜੱਟਾ ਵਿੱਚ ਹੋਏ ਇਸ ਗ੍ਰਨੇਡ ਹਮਲੇ ਦੀ ਅੰਮ੍ਰਿਤਸਰ ਤੋਂ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਸਖ਼ਤ ਨਿੰਦਾ ਕੀਤੀ ਹੈ। ਉਨ੍ਹਾਂ ਦੱਸਿਆ ਕਿ ਹਮਲੇ ਦਾ ਸ਼ਿਕਾਰ ਹੋਇਆ ਪਰਿਵਾਰ ਉਨ੍ਹਾਂ ਦੇ ਰਿਸ਼ਤੇਦਾਰਾਂ ਵਿੱਚੋਂ ਹੈ ਅਤੇ ਇਹ ਪਰਿਵਾਰ ਲੰਬੇ ਸਮੇਂ ਤੋਂ ਕਾਂਗਰਸ ਨਾਲ ਜੁੜਿਆ ਹੋਇਆ ਹੈ। ਔਜਲਾ ਨੇ ਕਿਹਾ ਕਿ ਪੀੜਤ ਪਰਿਵਾਰ ਨਾਲ ਉਨ੍ਹਾਂ ਦੇ ਨਿੱਜੀ ਅਤੇ ਪਰਿਵਾਰਕ ਸਬੰਧ ਹਨ ਅਤੇ ਇਸ ਮੁਸ਼ਕਲ ਸਮੇਂ ਵਿੱਚ ਉਹ ਪਰਿਵਾਰ ਦੇ ਨਾਲ ਖੜ੍ਹੇ ਹਨ।

ਸੰਸਦ ਮੈਂਬਰ ਨੇ ਕਿਹਾ ਕਿ ਇਸ ਘਟਨਾ ਨੂੰ ਸਿਰਫ਼ ਇੱਕ ਪਰਿਵਾਰ ’ਤੇ ਹੋਇਆ ਹਮਲਾ ਮੰਨ ਕੇ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਦੇ ਅਨੁਸਾਰ ਇਹ ਘਟਨਾ ਸਰਹੱਦੀ ਇਲਾਕਿਆਂ ਵਿੱਚ ਕਾਨੂੰਨ-ਵਿਵਸਥਾ ਅਤੇ ਗੈਂਗਸਟਰਵਾਦ ਨਾਲ ਜੁੜੀਆਂ ਚਿੰਤਾਵਾਂ ਨੂੰ ਉਜਾਗਰ ਕਰਦੀ ਹੈ।

ਔਜਲਾ ਨੇ ਪੁਲੀਸ ਅਤੇ ਸਰਕਾਰ ਤੋਂ ਮੰਗ ਕੀਤੀ ਕਿ ਹਮਲੇ ਵਿੱਚ ਸ਼ਾਮਲ ਸਾਰੇ ਦੋਸ਼ੀਆਂ ਨੂੰ ਜਲਦ ਤੋਂ ਜਲਦ ਗ੍ਰਿਫ਼ਤਾਰ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਜਾਂਚ ਦੌਰਾਨ ਕਿਸੇ ਸਥਾਨਕ ਵਿਅਕਤੀ ਦੀ ਭੂਮਿਕਾ ਸਾਹਮਣੇ ਆਉਂਦੀ ਹੈ ਤਾਂ ਉਸ ਦੀ ਵੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ।

ਉਨ੍ਹਾਂ ਪੀੜਤ ਪਰਿਵਾਰ ਨੂੰ ਤੁਰੰਤ ਸੁਰੱਖਿਆ ਮੁਹੱਈਆ ਕਰਵਾਉਣ ਅਤੇ ਦੋਸ਼ੀਆਂ ਖ਼ਿਲਾਫ਼ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ। ਔਜਲਾ ਨੇ ਕਿਹਾ ਕਿ ਸਰਹੱਦੀ ਇਲਾਕਿਆਂ ਦੇ ਲੋਕਾਂ ਨੂੰ ਡਰ ਦੇ ਮਾਹੌਲ ਵਿੱਚ ਰਹਿਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ ਅਤੇ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਹਰ ਨਾਗਰਿਕ ਦੀ ਜਾਨ ਅਤੇ ਮਾਲ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ। ਪੁਲੀਸ ਵੱਲੋਂ ਮਾਮਲੇ ਦੀ ਜਾਂਚ ਜਾਰੀ ਹੈ ਅਤੇ ਹਮਲਾਵਰਾਂ ਦੀ ਪਛਾਣ, ਹਮਲੇ ਦੇ ਕਾਰਨ ਅਤੇ ਇਸ ਪਿੱਛੇ ਸੰਭਾਵਿਤ ਸਾਜ਼ਿਸ਼ ਬਾਰੇ ਤੱਥ ਇਕੱਠੇ ਕੀਤੇ ਜਾ ਰਹੇ ਹਨ।

## ਪੰਜਾਬ ’ਚ ਸਮਾਰਟ ਮੀਟਰਾਂ ਨੂੰ ਲੈ ਕੇ ਵੱਡਾ ਫ਼ੈਸਲਾ, ਸਾਰੇ ਟੈਂਡਰ ਰੱਦ; ਹੁਣ 26 ਲੱਖ ਮੀਟਰਾਂ ਲਈ ਹੋਵੇਗਾ ਇੱਕੋ ਟੈਂਡਰ

**ਚੰਡੀਗੜ੍ਹ-** ਪੰਜਾਬ ਵਿੱਚ ਸਮਾਰਟ ਮੀਟਰਾਂ ਦੀ ਸਥਾਪਨਾ ਨੂੰ ਲੈ ਕੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪਾਵਰਕੌਮ) ਨੇ ਵੱਡਾ ਫ਼ੈਸਲਾ ਲਿਆ ਹੈ। ਪਾਵਰਕੌਮ ਨੇ ਸਮਾਰਟ ਮੀਟਰ ਲਗਾਉਣ ਨਾਲ ਸਬੰਧਤ ਸਾਰੇ ਟੈਂਡਰ ਰੱਦ ਕਰ ਦਿੱਤੇ ਹਨ। ਇਸ ਦੇ ਨਾਲ ਹੀ ਹੁਣ ਪੂਰੇ ਪੰਜਾਬ ਵਿੱਚ ਪਹਿਲੇ ਪੜਾਅ ਤਹਿਤ ਲਗਾਏ ਜਾਣ ਵਾਲੇ ਕਰੀਬ 26 ਲੱਖ ਸਮਾਰਟ ਮੀਟਰਾਂ ਲਈ ਇੱਕੋ ਨਵਾਂ ਟੈਂਡਰ ਜਾਰੀ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ।

ਪਾਵਰਕੌਮ ਵੱਲੋਂ ਜਨਤਕ ਖੇਤਰ ਦੀ ਕੰਪਨੀ ਟੈਲੀਕਮਿਊਨੀਕੇਸ਼ਨਜ਼ ਕੰਸਲਟੈਂਟਸ ਇੰਡੀਆ ਲਿਮਟਿਡ (ਟੀ.ਸੀ.ਆਈ.ਐੱਲ.) ਨੂੰ ਦਿੱਤਾ ਗਿਆ ‘ਲੈਟਰ ਆਫ਼ ਐਵਾਰਡ’ ਵੀ ਰੱਦ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਕੰਪਨੀ ਵੱਲੋਂ ਜਮ੍ਹਾਂ ਕਰਵਾਈ ਗਈ 9.86 ਕਰੋੜ ਰੁਪਏ ਦੀ ਪਰਫਾਰਮੈਂਸ ਬੈਂਕ ਗਾਰੰਟੀ ਵੀ ਜ਼ਬਤ ਕਰ ਲਈ ਗਈ ਹੈ। ਹਾਲਾਂਕਿ ਟੀ.ਸੀ.ਆਈ.ਐੱਲ. ਨੇ ਪਾਵਰਕੌਮ ਦੇ ਇਸ ਫ਼ੈਸਲੇ ਨੂੰ ਗ਼ੈਰ-ਕਾਨੂੰਨੀ ਕਰਾਰ ਦਿੰਦਿਆਂ ਕਾਨੂੰਨੀ ਕਾਰਵਾਈ ਦੀ ਚਿਤਾਵਨੀ ਦਿੱਤੀ ਹੈ।

ਕੇਂਦਰੀ ਬਿਜਲੀ ਮੰਤਰਾਲੇ ਦੀ ਰੀਵੈਂਪਡ ਡਿਸਟ੍ਰੀਬਿਊਸ਼ਨ ਸੈਕਟਰ ਸਕੀਮ (ਆਰ.ਡੀ.ਐੱਸ.ਐੱਸ.) ਤਹਿਤ ਪੰਜਾਬ ਵਿੱਚ ਸਮਾਰਟ ਮੀਟਰ ਲਗਾਉਣ ਲਈ ਪਾਵਰਕੌਮ ਵੱਲੋਂ ਟੈਂਡਰ ਜਾਰੀ ਕੀਤੇ ਗਏ ਸਨ। ਕੇਂਦਰੀ ਜ਼ੋਨ ਲਈ ਟੀ.ਸੀ.ਆਈ.ਐੱਲ. ਨੂੰ 30 ਜਨਵਰੀ 2026 ਨੂੰ 328.83 ਕਰੋੜ ਰੁਪਏ ਦਾ ਮੂਲ ਐਵਾਰਡ ਜਾਰੀ ਕੀਤਾ ਗਿਆ ਸੀ। ਇਸ ਤੋਂ ਬਾਅਦ ਕੰਪਨੀ ਨੇ 13 ਫਰਵਰੀ ਨੂੰ 9.86 ਕਰੋੜ ਰੁਪਏ ਦੀ ਬੈਂਕ ਗਾਰੰਟੀ ਜਮ੍ਹਾਂ ਕਰਵਾਈ ਸੀ।

ਇਸ ਟੈਂਡਰ ਤਹਿਤ ਕੇਂਦਰੀ ਜ਼ੋਨ ਵਿੱਚ 4.52 ਲੱਖ ਸਮਾਰਟ ਮੀਟਰ ਲਗਾਏ ਜਾਣੇ ਸਨ। ਸਮੁੱਚੇ ਪੰਜਾਬ ਵਿੱਚ ਪਹਿਲੇ ਪੜਾਅ ਤਹਿਤ ਕਰੀਬ 26 ਲੱਖ ਸਮਾਰਟ ਮੀਟਰ ਲਗਾਉਣ ਦੀ ਯੋਜਨਾ ਸੀ।

ਪਾਵਰਕੌਮ ਦੇ ਹੋਲ ਟਾਈਮ ਡਾਇਰੈਕਟਰਾਂ ਦੀ 28 ਜੁਲਾਈ ਨੂੰ ਹੋਈ 330ਵੀਂ ਮੀਟਿੰਗ ਵਿੱਚ ਕੇਂਦਰੀ ਜ਼ੋਨ ਦਾ ਟੈਂਡਰ ਰੱਦ ਕਰਨ ਦਾ ਫ਼ੈਸਲਾ ਕੀਤਾ ਗਿਆ। ਇਸ ਤੋਂ ਬਾਅਦ 3 ਅਗਸਤ ਨੂੰ ਕੰਪਨੀ ਦਾ ‘ਲੈਟਰ ਆਫ਼ ਐਵਾਰਡ’ ਰੱਦ ਕਰ ਦਿੱਤਾ ਗਿਆ। ਇਸ ਦੇ ਨਾਲ ਹੀ ਬਾਕੀ ਜ਼ੋਨਾਂ ਦੇ ਟੈਂਡਰ ਵੀ ਰੱਦ ਕਰ ਦਿੱਤੇ ਗਏ ਹਨ।

ਸਬ ਵੈਂਡਰ ਬਦਲਣ ਨੂੰ ਲੈ ਕੇ ਵਿਵਾਦ

ਪਾਵਰਕੌਮ ਦਾ ਦੋਸ਼ ਹੈ ਕਿ ਟੀ.ਸੀ.ਆਈ.ਐੱਲ. ਨੇ ਬੋਲੀ ਦੇ ਸਮੇਂ ‘ਮੈਸਰਜ਼ ਆਦਿਆ ਸਮਾਰਟ ਮੀਟਰਿੰਗ’ ਨੂੰ ਆਪਣਾ ਸਬ-ਕੰਟਰੈਕਟਰ ਦੱਸਿਆ ਸੀ। ਪਰ ‘ਲੈਟਰ ਆਫ਼ ਐਵਾਰਡ’ ਜਾਰੀ ਹੋਣ ਤੋਂ ਬਾਅਦ ਕੰਪਨੀ ਨੇ ਪਾਵਰਕੌਮ ਦੀ ਪਹਿਲਾਂ ਤੋਂ ਮਨਜ਼ੂਰੀ ਲਏ ਬਿਨਾਂ ਆਪਣਾ ਸਬ-ਵੈਂਡਰ ਬਦਲ ਦਿੱਤਾ। ਪਾਵਰਕੌਮ ਮੁਤਾਬਕ ਇਹ ਟੈਂਡਰ ਦੀਆਂ ਨਿਰਧਾਰਤ ਸ਼ਰਤਾਂ ਦੀ ਉਲੰਘਣਾ ਹੈ ਅਤੇ ਇਸੇ ਕਾਰਨ ਐਵਾਰਡ ਰੱਦ ਕਰਕੇ ਬੈਂਕ ਗਾਰੰਟੀ ਜ਼ਬਤ ਕੀਤੀ ਗਈ ਹੈ।

ਦੂਜੇ ਪਾਸੇ ਟੀ.ਸੀ.ਆਈ.ਐੱਲ. ਨੇ ਪਾਵਰਕੌਮ ਦੇ ਦੋਸ਼ਾਂ ਨੂੰ ਪੂਰੀ ਤਰ੍ਹਾਂ ਰੱਦ ਕੀਤਾ ਹੈ। ਕੰਪਨੀ ਨੇ ਪਾਵਰਕੌਮ ਨੂੰ ਭੇਜੇ ਪੱਤਰ ਵਿੱਚ ਦਾਅਵਾ ਕੀਤਾ ਕਿ ਮੁੱਖ ਇਕਰਾਰਨਾਮੇ ’ਤੇ ਦਸਤਖ਼ਤ ਕਰਨ ਵਿੱਚ ਪਾਵਰਕੌਮ ਵੱਲੋਂ ਲਗਭਗ ਸੱਤ ਮਹੀਨਿਆਂ ਦੀ ਦੇਰੀ ਕੀਤੀ ਗਈ। ਕੰਪਨੀ ਦਾ ਇਹ ਵੀ ਕਹਿਣਾ ਹੈ ਕਿ ਐਵਾਰਡ ਰੱਦ ਕਰਨ ਤੋਂ ਪਹਿਲਾਂ ਉਸ ਨੂੰ ਕੋਈ ਅਧਿਕਾਰਤ ਨੋਟਿਸ ਨਹੀਂ ਦਿੱਤਾ ਗਿਆ।

ਟੀ.ਸੀ.ਆਈ.ਐੱਲ. ਨੇ ਆਪਣੀ 9.86 ਕਰੋੜ ਰੁਪਏ ਦੀ ਬੈਂਕ ਗਾਰੰਟੀ ਬਿਨਾਂ ਸ਼ਰਤ ਰਿਲੀਜ਼ ਕਰਨ ਦੀ ਮੰਗ ਕੀਤੀ ਹੈ। ਕੰਪਨੀ ਵੱਲੋਂ ਜੂਨ ਵਿੱਚ ਪਾਵਰਕੌਮ ਦੇ ਸੀ.ਐੱਮ.ਡੀ. ਬਸੰਤ ਗਰਗ ਅਤੇ ਜੁਲਾਈ ਵਿੱਚ ਪੰਜਾਬ ਦੇ ਮੁੱਖ ਸਕੱਤਰ ਕੋਲ ਮੁੱਖ ਇਕਰਾਰਨਾਮਾ ਸਾਈਨ ਕਰਨ ਦਾ ਮਾਮਲਾ ਉਠਾਇਆ ਗਿਆ ਸੀ। ਇਸ ਤੋਂ ਇਲਾਵਾ ਕੰਪਨੀ ਨੇ 5 ਅਗਸਤ ਨੂੰ ਆਪਣੇ ਸਬ-ਕੰਸੋਰਟੀਅਮ ਭਾਈਵਾਲ ’ਤੇ ਵੀ ਪਾਬੰਦੀ ਲਗਾ ਦਿੱਤੀ ਸੀ।

ਹੁਣ ਪੂਰੇ ਪੰਜਾਬ ਲਈ ਇੱਕੋ ਟੈਂਡਰ

ਪਾਵਰਕੌਮ ਦੇ ਸੀ.ਐੱਮ.ਡੀ. ਬਸੰਤ ਗਰਗ ਨੇ ਕਿਹਾ ਕਿ ਪੰਜ ਜ਼ੋਨਾਂ ਵਿੱਚੋਂ ਸਿਰਫ਼ ਕੇਂਦਰੀ ਜ਼ੋਨ ਲਈ ਹੀ ਸਮਾਰਟ ਮੀਟਰ ਲਗਾਉਣ ਦਾ ਐਵਾਰਡ ਹੋਇਆ ਸੀ। ਉਨ੍ਹਾਂ ਮੁਤਾਬਕ ਟੀ.ਸੀ.ਆਈ.ਐੱਲ. ਵੱਲੋਂ ‘ਲੈਟਰ ਆਫ਼ ਐਵਾਰਡ’ ਦੀਆਂ ਸ਼ਰਤਾਂ ਦੀ ਉਲੰਘਣਾ ਕੀਤੀ ਗਈ, ਜਿਸ ਕਾਰਨ ਐਵਾਰਡ ਰੱਦ ਕਰਕੇ ਬੈਂਕ ਗਾਰੰਟੀ ਜ਼ਬਤ ਕੀਤੀ ਗਈ। ਉਨ੍ਹਾਂ ਸਪੱਸ਼ਟ ਕੀਤਾ ਕਿ ਕੰਪਨੀ ਨਾਲ ਹਾਲੇ ਮੁੱਖ ਇਕਰਾਰਨਾਮਾ ਵੀ ਸਾਈਨ ਨਹੀਂ ਹੋਇਆ ਸੀ।

ਬਸੰਤ ਗਰਗ ਨੇ ਦੱਸਿਆ ਕਿ ਬਾਕੀ ਜ਼ੋਨਾਂ ਦੇ ਟੈਂਡਰ ਵੀ ਰੱਦ ਕਰ ਦਿੱਤੇ ਗਏ ਹਨ ਅਤੇ ਹੁਣ ਸਮੁੱਚੇ ਪੰਜਾਬ ਲਈ ਇੱਕੋ ਨਵਾਂ ਟੈਂਡਰ ਜਾਰੀ ਕੀਤਾ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਕੇਂਦਰੀ ਯੋਜਨਾ ਤਹਿਤ ਮਿਲਣ ਵਾਲੀ ਸਬਸਿਡੀ ਦਾ ਲਾਭ ਸਮਾਰਟ ਮੀਟਰ ਲਗਾਉਣ ਲਈ ਲਿਆ ਜਾਵੇਗਾ।

ਸਮਾਰਟ ਮੀਟਰਾਂ ’ਤੇ ਸਰਕਾਰੀ ਖ਼ਜ਼ਾਨੇ ਦਾ ਸਵਾਲ

ਤਕਨੀਕੀ ਮਾਹਿਰਾਂ ਮੁਤਾਬਕ ਕੇਂਦਰ ਸਰਕਾਰ ਵੱਲੋਂ ਆਰ.ਡੀ.ਐੱਸ.ਐੱਸ. ਤਹਿਤ ਟੋਟੈਕਸ ਮਾਡਲ ਅਧੀਨ ਪ੍ਰਤੀ ਸਮਾਰਟ ਮੀਟਰ 900 ਰੁਪਏ ਦੀ ਸਬਸਿਡੀ ਦਿੱਤੀ ਜਾਂਦੀ ਹੈ। ਮਾਹਿਰਾਂ ਨੇ ਖ਼ਦਸ਼ਾ ਜ਼ਾਹਰ ਕੀਤਾ ਹੈ ਕਿ ਜੇਕਰ ਨਵੇਂ ਟੈਂਡਰ ਕੈਪੈਕਸ ਮਾਡਲ ਤਹਿਤ ਜਾਰੀ ਕੀਤੇ ਜਾਂਦੇ ਹਨ ਤਾਂ ਇਸ ਨਾਲ ਸਰਕਾਰੀ ਖ਼ਜ਼ਾਨੇ ’ਤੇ ਕਰੋੜਾਂ ਰੁਪਏ ਦਾ ਵਾਧੂ ਬੋਝ ਪੈ ਸਕਦਾ ਹੈ।

ਪੰਜਾਬ ਵਿੱਚ ਇਸ ਤੋਂ ਪਹਿਲਾਂ ਵੀ ਸਮਾਰਟ ਮੀਟਰਾਂ ਦੇ ਟੈਂਡਰਾਂ ਦਾ ਕਿਸਾਨ ਜਥੇਬੰਦੀਆਂ ਵੱਲੋਂ ਵਿਰੋਧ ਕੀਤਾ ਜਾਂਦਾ ਰਿਹਾ ਹੈ। ਵਿਰੋਧ ਦੇ ਚਲਦਿਆਂ ਪਿਛਲੇ ਸਮੇਂ ਵਿੱਚ ਕਈ ਵਾਰ ਟੈਂਡਰ ਰੱਦ ਕਰਨ ਦੀ ਸਥਿਤੀ ਬਣੀ। ਹੁਣ ਨਵੇਂ ਸਿਰੇ ਤੋਂ ਪੂਰੇ ਪੰਜਾਬ ਲਈ ਇੱਕੋ ਟੈਂਡਰ ਜਾਰੀ ਕਰਨ ਦੇ ਫ਼ੈਸਲੇ ਨਾਲ ਇਹ ਮਾਮਲਾ ਮੁੜ ਚਰਚਾ ਵਿੱਚ ਆ ਗਿਆ ਹੈ।

## ਅਕਾਲੀ-ਭਾਜਪਾ ਗੱਠਜੋੜ ਦੀ ਮੁੜ ਚਰਚਾ ਤੇਜ਼, ਮਜੀਠੀਆ ਬੋਲੇ- ਪੰਜਾਬ ਦੇ ਹਿੱਤ ਲਈ ਇਕੱਠੇ ਆਉਣ ਦੀ ਮੰਗ



**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵਿਚਾਲੇ ਮੁੜ ਗੱਠਜੋੜ ਦੀਆਂ ਚਰਚਾਵਾਂ ਦਰਮਿਆਨ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਹੈ ਕਿ ਪੰਜਾਬ ਦੇ ਲੋਕ ਚਾਹੁੰਦੇ ਹਨ ਕਿ ਦੋਵੇਂ ਪਾਰਟੀਆਂ ਮੁੜ ਇਕੱਠੀਆਂ ਹੋਣ। ਉਨ੍ਹਾਂ ਕਿਹਾ ਕਿ ਇਸ ਸਬੰਧੀ ਆਉਣ ਵਾਲੇ ਸਮੇਂ ਵਿੱਚ ਸਥਿਤੀ ਹੋਰ ਸਪੱਸ਼ਟ ਹੋਵੇਗੀ ਅਤੇ ਦੋਵਾਂ ਪਾਰਟੀਆਂ ਦੀ ਕੇਂਦਰੀ ਤੇ ਸੂਬਾਈ ਲੀਡਰਸ਼ਿਪ ਆਪਸੀ ਵਿਚਾਰ-ਵਟਾਂਦਰੇ ਤੋਂ ਬਾਅਦ ਅੰਤਿਮ ਫ਼ੈਸਲਾ ਲਵੇਗੀ।

ਮਜੀਠੀਆ ਦਾ ਇਹ ਬਿਆਨ ਉਨ੍ਹਾਂ ਦੀ ਭੈਣ ਅਤੇ ਬਠਿੰਡਾ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਵੱਲੋਂ ਭਾਜਪਾ ਦੀ ਅਗਵਾਈ ਵਾਲੇ ਐੱਨਡੀਏ ਵਿੱਚ ਮੁੜ ਸ਼ਾਮਲ ਹੋਣ ਬਾਰੇ ਦਿੱਤੇ ਸੰਕੇਤ ਤੋਂ ਇੱਕ ਦਿਨ ਬਾਅਦ ਆਇਆ ਹੈ। ਇਸ ਤੋਂ ਬਾਅਦ ਪੰਜਾਬ ਦੀ ਸਿਆਸਤ ਵਿੱਚ ਅਕਾਲੀ-ਭਾਜਪਾ ਗੱਠਜੋੜ ਦੀ ਮੁੜ ਸੰਭਾਵਨਾ ਨੂੰ ਲੈ ਕੇ ਚਰਚਾ ਤੇਜ਼ ਹੋ ਗਈ ਹੈ।

ਬਿਕਰਮ ਮਜੀਠੀਆ ਨੇ ਕਿਹਾ ਕਿ ਖੇਤੀ ਕਾਨੂੰਨਾਂ ਦੇ ਮੁੱਦੇ ਤੋਂ ਬਾਅਦ ਅਕਾਲੀ ਦਲ ਅਤੇ ਭਾਜਪਾ ਦੇ ਰਸਤੇ ਵੱਖ ਹੋ ਗਏ ਸਨ। ਉਨ੍ਹਾਂ ਕਿਹਾ ਕਿ ਇਹ ਇੱਕ ਇਤਿਹਾਸਕ ਤੱਥ ਹੈ ਕਿ ਦੋਵਾਂ ਪਾਰਟੀਆਂ ਵਿਚਾਲੇ ਲੰਬੇ ਸਮੇਂ ਤੱਕ ਗੱਠਜੋੜ ਰਿਹਾ, ਪਰ ਹੁਣ ਪੰਜਾਬ ਦੇ ਹਾਲਾਤ ਪਹਿਲਾਂ ਨਾਲੋਂ ਬਦਲ ਚੁੱਕੇ ਹਨ।

ਉਨ੍ਹਾਂ ਅਨੁਸਾਰ ਸੂਬੇ ਵਿੱਚ ਵਿਗੜ ਰਹੀ ਕਾਨੂੰਨ-ਵਿਵਸਥਾ, ਸਰਹੱਦੀ ਹਾਲਾਤ, ਵਿਕਾਸ, ਰੁਜ਼ਗਾਰ ਅਤੇ ਹੋਰ ਅਹਿਮ ਮੁੱਦਿਆਂ ਨੂੰ ਦੇਖਦਿਆਂ ਲੋਕ ਚਾਹੁੰਦੇ ਹਨ ਕਿ ਅਕਾਲੀ ਦਲ ਅਤੇ ਭਾਜਪਾ ਮੁੜ ਇੱਕ ਮੰਚ ’ਤੇ ਆਉਣ। ਮਜੀਠੀਆ ਨੇ ਕਿਹਾ ਕਿ ਦੋਵਾਂ ਧਿਰਾਂ ਦਾ ਇਕੱਠੇ ਹੋਣਾ ਪੰਜਾਬ ਦੀ ਭਾਈਚਾਰਕ ਸਾਂਝ ਅਤੇ ਅਮਨ-ਸ਼ਾਂਤੀ ਲਈ ਵੀ ਜ਼ਰੂਰੀ ਹੈ।

‘ਵਾਜਪਾਈ-ਬਾਦਲ ਦੌਰ ਦੀ ਸਾਂਝ ਸਫ਼ਲ ਰਹੀ’

ਮਜੀਠੀਆ ਨੇ ਅਕਾਲੀ ਦਲ ਅਤੇ ਭਾਜਪਾ ਦੇ ਪੁਰਾਣੇ ਗੱਠਜੋੜ ਨੂੰ ਯਾਦ ਕਰਦਿਆਂ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਦੌਰ ਵਿੱਚ ਦੋਵਾਂ ਪਾਰਟੀਆਂ ਦੀ ਸਾਂਝ ਭਾਈਚਾਰੇ, ਅਮਨ-ਸ਼ਾਂਤੀ ਅਤੇ ਹਿੰਦੂ-ਸਿੱਖ ਏਕਤਾ ’ਤੇ ਆਧਾਰਿਤ ਸੀ।

ਉਨ੍ਹਾਂ ਕਿਹਾ ਕਿ ਉਸ ਸਮੇਂ ਦਾ ਗੱਠਜੋੜ ਪੰਜਾਬ ਅਤੇ ਕੇਂਦਰ ਦੋਵਾਂ ਪੱਧਰਾਂ ’ਤੇ ਸਫ਼ਲ ਰਿਹਾ ਸੀ। ਮਜੀਠੀਆ ਨੇ ਕਿਹਾ ਕਿ ਮੌਜੂਦਾ ਹਾਲਾਤਾਂ ਵਿੱਚ ਵੀ ਪੰਜਾਬ ਦੇ ਲੋਕ ਇਸ ਤਰ੍ਹਾਂ ਦੀ ਸਿਆਸੀ ਸਾਂਝ ਨੂੰ ਮੁੜ ਦੇਖਣਾ ਚਾਹੁੰਦੇ ਹਨ।

ਹਰਸਿਮਰਤ ਕੌਰ ਬਾਦਲ ਦੇ ਬਿਆਨ ਤੋਂ ਬਾਅਦ ਚਰਚਾ ਤੇਜ਼

ਇਸ ਤੋਂ ਪਹਿਲਾਂ ਹਰਸਿਮਰਤ ਕੌਰ ਬਾਦਲ ਨੇ ਕਿਹਾ ਸੀ ਕਿ ਪੰਜਾਬ ਦੇ ਵਿਕਾਸ, ਤਰੱਕੀ ਅਤੇ ਲੋਕਾਂ ਦੀ ਭਲਾਈ ਲਈ ਜਿਹੜੇ ਗੱਠਜੋੜ ਪਹਿਲਾਂ ਲਾਹੇਵੰਦ ਸਾਬਤ ਹੋਏ ਹਨ, ਉਨ੍ਹਾਂ ਨੂੰ ਮੁੜ ਸੁਰਜੀਤ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਦੇ ਇਸ ਬਿਆਨ ਨੂੰ ਅਕਾਲੀ ਦਲ ਵੱਲੋਂ ਭਾਜਪਾ ਦੀ ਅਗਵਾਈ ਵਾਲੇ ਐੱਨਡੀਏ ਵਿੱਚ ਮੁੜ ਵਾਪਸੀ ਦੇ ਸੰਭਾਵਿਤ ਸੰਕੇਤ ਵਜੋਂ ਦੇਖਿਆ ਗਿਆ।

ਮਜੀਠੀਆ ਨੇ ਵੀ ਇਸੇ ਸੰਦਰਭ ਵਿੱਚ ਕਿਹਾ ਕਿ ਹਰਸਿਮਰਤ ਕੌਰ ਬਾਦਲ ਨੇ ਆਪਣਾ ਸੰਕੇਤ ਦਿੱਤਾ ਹੈ ਅਤੇ ਲੋਕਾਂ ਦੀ ਇੱਛਾ ਵੀ ਇਸੇ ਦਿਸ਼ਾ ਵਿੱਚ ਹੈ। ਹਾਲਾਂਕਿ ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਅੰਤਿਮ ਫ਼ੈਸਲਾ ਦੋਵਾਂ ਪਾਰਟੀਆਂ ਦੀ ਉੱਚ ਲੀਡਰਸ਼ਿਪ ਵੱਲੋਂ ਆਪਸੀ ਗੱਲਬਾਤ ਤੋਂ ਬਾਅਦ ਹੀ ਲਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਖੇਤੀ ਕਾਨੂੰਨਾਂ ਦੇ ਵਿਵਾਦ ਤੋਂ ਬਾਅਦ ਦੋਵਾਂ ਪਾਰਟੀਆਂ ਦੇ ਰਸਤੇ ਵੱਖ ਹੋਏ ਸਨ, ਪਰ ਮੌਜੂਦਾ ਪੰਜਾਬ ਦੀ ਸਿਆਸੀ ਅਤੇ ਸਮਾਜਿਕ ਸਥਿਤੀ ਨੂੰ ਦੇਖਦਿਆਂ ਮੁੜ ਇਕੱਠੇ ਹੋਣ ਦੀ ਮੰਗ ਸਾਹਮਣੇ ਆ ਰਹੀ ਹੈ। ਇਸ ਬਿਆਨ ਨਾਲ ਪੰਜਾਬ ਦੀ ਸਿਆਸਤ ਵਿੱਚ ਆਉਣ ਵਾਲੇ ਸਮੇਂ ਦੌਰਾਨ ਅਕਾਲੀ ਦਲ ਅਤੇ ਭਾਜਪਾ ਦੇ ਸੰਭਾਵਿਤ ਸਿਆਸੀ ਸਮੀਕਰਨਾਂ ਨੂੰ ਲੈ ਕੇ ਚਰਚਾ ਹੋਰ ਤੇਜ਼ ਹੋਣ ਦੇ ਆਸਾਰ ਹਨ।

## 1984 ਦੰਗਿਆਂ ਦੀ ਗਵਾਹ ਜਗਦੀਸ਼ ਕੌਰ: ਧਮਕੀਆਂ ਤੇ ਲਾਲਚ ਦੇ ਬਾਵਜੂਦ ਨਹੀਂ ਛੱਡੀ ਇਨਸਾਫ਼ ਦੀ ਲੜਾਈ

**ਅੰਮ੍ਰਿਤਸਰ:** 1984 ਦੇ ਸਿੱਖ ਵਿਰੋਧੀ ਦੰਗਿਆਂ ਨਾਲ ਜੁੜੇ ਮਾਮਲਿਆਂ ਵਿੱਚ ਅੰਮ੍ਰਿਤਸਰ ਦੀ ਜਗਦੀਸ਼ ਕੌਰ ਦੀ ਗਵਾਹੀ ਨੂੰ ਇੱਕ ਅਹਿਮ ਮੋੜ ਵਜੋਂ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਦੀ ਅਦਾਲਤ ਵਿੱਚ ਦਿੱਤੀ ਗਵਾਹੀ ਨੇ ਸਾਬਕਾ ਕਾਂਗਰਸੀ ਆਗੂ ਸੱਜਣ ਕੁਮਾਰ ਖ਼ਿਲਾਫ਼ ਮਾਮਲੇ ਨੂੰ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਸੱਜਣ ਕੁਮਾਰ, ਜਿਸ ਨੂੰ ਬਾਅਦ ਵਿੱਚ ਉਮਰ ਕੈਦ ਦੀ ਸਜ਼ਾ ਹੋਈ, ਦੀ ਤਿਹਾੜ ਜੇਲ੍ਹ ਵਿੱਚ ਮੌਤ ਹੋ ਚੁੱਕੀ ਹੈ, ਪਰ 1984 ਦੀ ਹਿੰਸਾ ਦੇ ਪੀੜਤ ਪਰਿਵਾਰ ਅੱਜ ਵੀ ਉਸ ਦੌਰ ਦੇ ਦਰਦ ਅਤੇ ਡਰ ਨੂੰ ਯਾਦ ਕਰਦੇ ਹਨ।



ਜਗਦੀਸ਼ ਕੌਰ ਨੇ ਆਪਣੇ ਪਤੀ, 18 ਸਾਲਾ ਪੁੱਤਰ ਅਤੇ ਤਿੰਨ ਚਚੇਰੇ ਭਰਾਵਾਂ ਨੂੰ 1984 ਦੀ ਹਿੰਸਾ ਦੌਰਾਨ ਗੁਆ ਦਿੱਤਾ ਸੀ। ਉਨ੍ਹਾਂ ਨਾਲ ਜੁੜਿਆ ਮਾਮਲਾ ਦਿੱਲੀ ਦੀ ਪਾਮ ਕਾਲੋਨੀ, ਰਾਜ ਨਗਰ ਹੱਤਿਆਕਾਂਡ ਵਜੋਂ ਜਾਣਿਆ ਗਿਆ। ਇਸ ਕੇਸ ਦੀ ਸੁਣਵਾਈ ਦੌਰਾਨ ਜਗਦੀਸ਼ ਕੌਰ ਦੀ ਗਵਾਹੀ ਨੇ ਨਾ ਸਿਰਫ਼ ਸੱਜਣ ਕੁਮਾਰ ਦੀ ਭੂਮਿਕਾ ਨਾਲ ਸਬੰਧਤ ਗੰਭੀਰ ਦੋਸ਼ ਸਾਹਮਣੇ ਲਿਆਂਦੇ, ਸਗੋਂ ਉਸ ਸਮੇਂ ਦੀ ਪੁਲੀਸ ਦੀ ਕਾਰਗੁਜ਼ਾਰੀ ’ਤੇ ਵੀ ਗੰਭੀਰ ਸਵਾਲ ਖੜ੍ਹੇ ਕੀਤੇ।

17 ਦਸੰਬਰ 2018 ਨੂੰ ਦਿੱਲੀ ਹਾਈ ਕੋਰਟ ਨੇ ਹੇਠਲੀ ਅਦਾਲਤ ਵੱਲੋਂ ਸੱਜਣ ਕੁਮਾਰ ਨੂੰ ਬਰੀ ਕਰਨ ਵਾਲੇ ਫ਼ੈਸਲੇ ਨੂੰ ਪਲਟ ਦਿੱਤਾ ਸੀ। ਅਦਾਲਤ ਨੇ ਮਾਮਲੇ ਵਿੱਚ ਮੌਜੂਦ ਗਵਾਹੀਆਂ ਅਤੇ ਸਬੂਤਾਂ ’ਤੇ ਵਿਚਾਰ ਕਰਦਿਆਂ ਸੱਜਣ ਕੁਮਾਰ ਨੂੰ ਦੋਸ਼ੀ ਕਰਾਰ ਦਿੱਤਾ। ਇਸ ਫ਼ੈਸਲੇ ਤੋਂ ਬਾਅਦ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਅਤੇ ਉਹ ਜੇਲ੍ਹ ਚਲਾ ਗਿਆ।

ਜਗਦੀਸ਼ ਕੌਰ ਮੁਤਾਬਕ ਇਨਸਾਫ਼ ਹਾਸਲ ਕਰਨ ਦੀ ਇਹ ਲੜਾਈ ਉਨ੍ਹਾਂ ਲਈ ਬੇਹੱਦ ਮੁਸ਼ਕਲ ਰਹੀ। ਉਨ੍ਹਾਂ ਨੇ ਦੱਸਿਆ ਕਿ ਕੇਸ ਵਾਪਸ ਲੈਣ ਲਈ ਉਨ੍ਹਾਂ ’ਤੇ ਦਬਾਅ ਪਾਇਆ ਗਿਆ ਅਤੇ ਉਨ੍ਹਾਂ ਨੂੰ ਕਥਿਤ ਤੌਰ ’ਤੇ 8 ਕਰੋੜ ਰੁਪਏ, ਇੱਕ ਪਲਾਟ ਅਤੇ ਵਿਦੇਸ਼ ਵਿੱਚ ਵਸਾਉਣ ਵਰਗੇ ਲਾਲਚ ਵੀ ਦਿੱਤੇ ਗਏ। ਪਰ ਉਨ੍ਹਾਂ ਨੇ ਇਹ ਸਭ ਠੁਕਰਾ ਦਿੱਤਾ ਅਤੇ ਆਪਣੇ ਪਰਿਵਾਰ ਲਈ ਇਨਸਾਫ਼ ਦੀ ਲੜਾਈ ਜਾਰੀ ਰੱਖੀ।

ਉਨ੍ਹਾਂ ਦਾ ਕਹਿਣਾ ਸੀ ਕਿ ਉਹ ਆਪਣੇ ਬੱਚਿਆਂ ਦੀ ਪਰਵਰਿਸ਼ ਲਈ ਛੋਟੇ-ਮੋਟੇ ਕੰਮ ਕਰਦੇ ਰਹੇ, ਪਰ ਉਨ੍ਹਾਂ ਨੇ ਨਾ ਆਪਣੀ ਹਿੰਮਤ ਛੱਡੀ ਅਤੇ ਨਾ ਹੀ ਆਪਣੇ ਪਰਿਵਾਰ ਨਾਲ ਹੋਈ ਹਿੰਸਾ ਲਈ ਇਨਸਾਫ਼ ਦੀ ਮੰਗ ਤੋਂ ਪਿੱਛੇ ਹਟੇ। ਉਨ੍ਹਾਂ ਨੇ ਆਪਣੇ ਦ੍ਰਿੜ੍ਹ ਇਰਾਦੇ ਨੂੰ ਬਿਆਨ ਕਰਦਿਆਂ ਕਿਹਾ ਸੀ, “ਮੈਂ ਇੱਕ ਸਰਦਾਰਨੀ ਹਾਂ ਅਤੇ ਮੈਂ ਕਿਸੇ ਤੋਂ ਨਹੀਂ ਡਰਦੀ।”

ਪੁਲੀਸ ਚੌਕੀ ਵਿੱਚ ਸੁਣੀ ਉਹ ਗੱਲ

ਦਿੱਲੀ ਹਾਈ ਕੋਰਟ ਦੇ ਫ਼ੈਸਲੇ ਵਿੱਚ ਦਰਜ ਵੇਰਵਿਆਂ ਮੁਤਾਬਕ 2 ਨਵੰਬਰ 1984 ਨੂੰ ਸਵੇਰੇ ਕਰੀਬ 9 ਵਜੇ ਜਗਦੀਸ਼ ਕੌਰ ਸ਼ਿਕਾਇਤ ਦਰਜ ਕਰਵਾਉਣ ਲਈ ਪੁਲੀਸ ਚੌਕੀ ਗਈ ਸੀ। ਉੱਥੇ ਉਨ੍ਹਾਂ ਨੇ ਇੱਕ ਜਨਤਕ ਸਭਾ ਹੋ ਰਹੀ ਦੇਖੀ, ਜਿਸ ਵਿੱਚ ਉਸ ਸਮੇਂ ਦਾ ਸਥਾਨਕ ਸੰਸਦ ਮੈਂਬਰ ਸੱਜਣ ਕੁਮਾਰ ਵੀ ਮੌਜੂਦ ਸੀ।

ਅਦਾਲਤੀ ਰਿਕਾਰਡ ਵਿੱਚ ਜਗਦੀਸ਼ ਕੌਰ ਦੀ ਗਵਾਹੀ ਦੇ ਹਵਾਲੇ ਨਾਲ ਸੱਜਣ ਕੁਮਾਰ ਵੱਲੋਂ ਕਥਿਤ ਤੌਰ ’ਤੇ ਭੜਕਾਊ ਬਿਆਨ ਦੇਣ ਦਾ ਜ਼ਿਕਰ ਹੈ। ਗਵਾਹੀ ਮੁਤਾਬਕ ਉੱਥੇ ਸਿੱਖਾਂ ਖ਼ਿਲਾਫ਼ ਹਿੰਸਾ ਕਰਨ ਅਤੇ ਉਨ੍ਹਾਂ ਲੋਕਾਂ ਨੂੰ ਵੀ ਨਿਸ਼ਾਨਾ ਬਣਾਉਣ ਦੀ ਗੱਲ ਕਹੀ ਗਈ ਜੋ ਸਿੱਖਾਂ ਨੂੰ ਪਨਾਹ ਦੇ ਰਹੇ ਸਨ।

ਜਗਦੀਸ਼ ਕੌਰ ਨੇ ਪੁਲੀਸ ਚੌਕੀ ਦੇ ਇੰਚਾਰਜ ਅਧਿਕਾਰੀ ਵੱਲੋਂ ਕਥਿਤ ਤੌਰ ’ਤੇ ਦੰਗਾਕਾਰੀਆਂ ਨੂੰ ਇਹ ਪੁੱਛਦੇ ਸੁਣਨ ਦੀ ਗੱਲ ਵੀ ਅਦਾਲਤ ਵਿੱਚ ਦੱਸੀ ਕਿ ਉਨ੍ਹਾਂ ਨੇ “ਕਿੰਨੇ ਮੁਰਗੇ ਭੁੰਨ ਦਿੱਤੇ?” ਇਹ ਸ਼ਬਦ ਉਨ੍ਹਾਂ ਲਈ ਉਸ ਸਮੇਂ ਦੀ ਹਿੰਸਾ ਅਤੇ ਪੁਲੀਸ ਦੀ ਭੂਮਿਕਾ ਦੀ ਭਿਆਨਕ ਤਸਵੀਰ ਬਣ ਕੇ ਰਹਿ ਗਏ।

ਅਦਾਲਤ ਦੇ ਫ਼ੈਸਲੇ ਵਿੱਚ ਵੀ ਇਸ ਗਵਾਹੀ ਨੂੰ ਗੰਭੀਰਤਾ ਨਾਲ ਦਰਜ ਕੀਤਾ ਗਿਆ। ਜਗਦੀਸ਼ ਕੌਰ ਨੇ ਦੱਸਿਆ ਕਿ ਇਸ ਦੌਰਾਨ ਉਨ੍ਹਾਂ ਦਾ ਇਨਸਾਨੀਅਤ ਅਤੇ ਪ੍ਰਬੰਧ ’ਤੇ ਵਿਸ਼ਵਾਸ ਬੁਰੀ ਤਰ੍ਹਾਂ ਹਿੱਲ ਗਿਆ ਸੀ। ਆਪਣੇ ਪਰਿਵਾਰ ਦੇ ਮੈਂਬਰਾਂ ਦੀ ਹੱਤਿਆ ਦੇ ਬਾਵਜੂਦ ਉਨ੍ਹਾਂ ਨੇ ਸਾਲਾਂ ਤੱਕ ਅਦਾਲਤੀ ਲੜਾਈ ਜਾਰੀ ਰੱਖੀ।

ਸਾਲਾਂ ਦੇ ਸੰਘਰਸ਼ ਤੋਂ ਬਾਅਦ ਮਿਲਿਆ ਅਦਾਲਤੀ ਇਨਸਾਫ਼

ਜਗਦੀਸ਼ ਕੌਰ ਦੀ ਕਹਾਣੀ 1984 ਦੇ ਦੰਗਿਆਂ ਦੇ ਪੀੜਤ ਪਰਿਵਾਰਾਂ ਵੱਲੋਂ ਦਹਾਕਿਆਂ ਤੱਕ ਇਨਸਾਫ਼ ਲਈ ਕੀਤੇ ਸੰਘਰਸ਼ ਦੀ ਇੱਕ ਮਿਸਾਲ ਵਜੋਂ ਸਾਹਮਣੇ ਆਉਂਦੀ ਹੈ। ਧਮਕੀਆਂ, ਕਥਿਤ ਲਾਲਚ ਅਤੇ ਲੰਬੀ ਕਾਨੂੰਨੀ ਪ੍ਰਕਿਰਿਆ ਦੇ ਬਾਵਜੂਦ ਉਨ੍ਹਾਂ ਨੇ ਆਪਣੀ ਗਵਾਹੀ ਤੋਂ ਪਿੱਛੇ ਹਟਣ ਤੋਂ ਇਨਕਾਰ ਕੀਤਾ।

ਸੱਜਣ ਕੁਮਾਰ ਨੂੰ ਬਾਅਦ ਵਿੱਚ ਉਮਰ ਕੈਦ ਦੀ ਸਜ਼ਾ ਹੋਈ ਅਤੇ ਉਸ ਨੇ ਆਪਣੀ ਜ਼ਿੰਦਗੀ ਦੇ ਆਖਰੀ ਸਾਲ ਜੇਲ੍ਹ ਵਿੱਚ ਬਿਤਾਏ। ਉਸ ਦੀ ਮੌਤ ਤੋਂ ਬਾਅਦ ਵੀ ਜਗਦੀਸ਼ ਕੌਰ ਲਈ ਇਹ ਸਿਰਫ਼ ਇੱਕ ਮੁਕੱਦਮੇ ਦਾ ਅੰਤ ਨਹੀਂ, ਸਗੋਂ ਦਹਾਕਿਆਂ ਤੱਕ ਚੱਲੀ ਉਸ ਲੜਾਈ ਦੀ ਇੱਕ ਮਹੱਤਵਪੂਰਨ ਕੜੀ ਹੈ, ਜਿਸ ਵਿੱਚ ਉਨ੍ਹਾਂ ਨੇ ਆਪਣੇ ਪਰਿਵਾਰ ਨਾਲ ਹੋਈ ਹਿੰਸਾ ਲਈ ਇਨਸਾਫ਼ ਦੀ ਮੰਗ ਨੂੰ ਜਿਊਂਦਾ ਰੱਖਿਆ।




# ਸੰਤ ਲੌਂਗੋਵਾਲ ਦੀ 41ਵੀਂ ਬਰਸੀ ’ਤੇ ਪੰਜਾਬ ਦੀ ਅਮਨ-ਸ਼ਾਂਤੀ ਅਤੇ ਪੰਥਕ ਹੱਕਾਂ ਦੀ ਗੱਲ, ਵੱਖ-ਵੱਖ ਆਗੂਆਂ ਵੱਲੋਂ ਸ਼ਰਧਾਂਜਲੀਆਂ

## ਹਰਪਾਲ ਸਿੰਘ ਚੀਮਾ ਨੇ ਕਿਹਾ- ਸੰਤ ਲੌਂਗੋਵਾਲ ਨੇ ਪੰਜਾਬ ਦੀ ਅਮਨ-ਸ਼ਾਂਤੀ ਲਈ ਦਿੱਤੀ ਸ਼ਹਾਦਤ; ਗਿਆਨੀ ਹਰਪ੍ਰੀਤ ਸਿੰਘ ਨੇ ਸਿਧਾਂਤਕ ਤੇ ਪੰਜਾਬ-ਪੱਖੀ ਸੋਚ ਮਜ਼ਬੂਤ ਕਰਨ ’ਤੇ ਦਿੱਤਾ ਜ਼ੋਰ

ਸੰਤ ਹਰਚੰਦ ਸਿੰਘ ਲੌਂਗੋਵਾਲ ਦੀ 41ਵੀਂ ਬਰਸੀ ਮੌਕੇ ਪੰਜਾਬ ਦੇ ਵੱਖ-ਵੱਖ ਸਿਆਸੀ ਅਤੇ ਧਾਰਮਿਕ ਆਗੂਆਂ ਵੱਲੋਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਸੰਤ ਲੌਂਗੋਵਾਲ ਵੱਲੋਂ ਪੰਜਾਬ ਦੀ ਅਮਨ-ਸ਼ਾਂਤੀ, ਭਾਈਚਾਰਕ ਏਕਤਾ ਅਤੇ ਪੰਥਕ ਹੱਕਾਂ ਲਈ ਕੀਤੇ ਸੰਘਰਸ਼ ਅਤੇ ਦਿੱਤੀ ਸ਼ਹਾਦਤ ਨੂੰ ਯਾਦ ਕੀਤਾ ਗਿਆ। ਵੱਖ-ਵੱਖ ਥਾਵਾਂ ’ਤੇ ਸ਼ਹੀਦੀ ਸਮਾਗਮ ਅਤੇ ਹੋਰ ਪ੍ਰੋਗਰਾਮ ਕਰਵਾਏ ਗਏ, ਜਿਨ੍ਹਾਂ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ, ਸਿਆਸੀ ਆਗੂਆਂ ਅਤੇ ਪਾਰਟੀ ਵਰਕਰਾਂ ਨੇ ਸ਼ਮੂਲੀਅਤ ਕੀਤੀ।

ਪੰਜਾਬ ਦੇ ਵਿੱਤ, ਯੋਜਨਾ, ਕਰ ਅਤੇ ਆਬਕਾਰੀ ਮੰਤਰੀ ਹਰਪਾਲ ਸਿੰਘ ਚੀਮਾ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਮੌਕੇ ਰੈੱਡ ਕਰਾਸ ਵੱਲੋਂ ਲਗਾਏ ਗਏ ਖ਼ੂਨਦਾਨ ਕੈਂਪ ਵਿੱਚ ਸ਼ਮੂਲੀਅਤ ਕੀਤੀ ਅਤੇ ਸੰਤ ਲੌਂਗੋਵਾਲ ਦੀ ਕੁਰਬਾਨੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਕੈਬਨਿਟ ਮੰਤਰੀ ਅਮਨ ਅਰੋੜਾ ਦੀ ਪਤਨੀ ਸਬੀਨਾ ਅਰੋੜਾ ਵੀ ਮੌਜੂਦ ਸਨ।

ਸ੍ਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ 41 ਸਾਲ ਪਹਿਲਾਂ ਸੰਤ ਲੌਂਗੋਵਾਲ ਨੇ ਪੰਜਾਬ ਦੀ ਅਮਨ-ਸ਼ਾਂਤੀ ਲਈ ਆਪਣੀ ਸ਼ਹਾਦਤ ਦਿੱਤੀ ਸੀ। ਉਨ੍ਹਾਂ ਕਿਹਾ ਕਿ ਸੰਤ ਲੌਂਗੋਵਾਲ ਦੀ ਕੁਰਬਾਨੀ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ ਅਤੇ ਇਹ ਕੁਰਬਾਨੀ ਅਜਾਈਂ ਨਹੀਂ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੰਤ ਲੌਂਗੋਵਾਲ ਵੱਲੋਂ ਦਰਸਾਏ ਗਏ ਸ਼ਾਂਤੀ ਅਤੇ ਭਾਈਚਾਰਕ ਸਾਂਝ ਦੇ ਮਾਰਗ ’ਤੇ ਚੱਲਦਿਆਂ ਉਨ੍ਹਾਂ ਦੀ ਕੁਰਬਾਨੀ ਨੂੰ ਪ੍ਰਣਾਮ ਕਰਦੀ ਹੈ।

ਸ੍ਰੀ ਚੀਮਾ ਨੇ ਇਹ ਵੀ ਦੱਸਿਆ ਕਿ ਬੰਗਲੂਰੂ ਵਿੱਚ ਹੋ ਰਹੀ ਵਿਸ਼ਵ ਪੱਧਰੀ ਕਾਨਫਰੰਸ ਵਿੱਚ ਉਦਯੋਗ ਮੰਤਰੀ ਵਜੋਂ ਪੰਜਾਬ ਸਰਕਾਰ ਦੀ ਨੁਮਾਇੰਦਗੀ ਕਰ ਰਹੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਨੇ ਵੀ ਸੰਤ ਲੌਂਗੋਵਾਲ ਨੂੰ ਯਾਦ ਕਰਦਿਆਂ ਉਨ੍ਹਾਂ ਪ੍ਰਤੀ ਸ਼ਰਧਾ ਪ੍ਰਗਟਾਈ ਹੈ।

ਸੰਤ ਲੌਂਗੋਵਾਲ ਦੀ ਯਾਦ ਵਿੱਚ ਲਗਾਏ ਗਏ ਖ਼ੂਨਦਾਨ ਕੈਂਪ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਖ਼ੂਨਦਾਨ ਕਰਕੇ ਸੰਤ ਲੌਂਗੋਵਾਲ ਨੂੰ ਸ਼ਰਧਾਂਜਲੀ ਦਿੱਤੀ। ਇਸ ਮੌਕੇ ਸੇਵਾ ਅਤੇ ਲੋਕ ਭਲਾਈ ਦੀ ਭਾਵਨਾ ਨਾਲ ਲੋਕਾਂ ਨੇ ਖ਼ੂਨਦਾਨ ਵਿੱਚ ਹਿੱਸਾ ਲਿਆ।




**ਮੀਡੀਆ ਦੀ ਆਜ਼ਾਦੀ ਨੂੰ ਲੈ ਕੇ ਹਰਪਾਲ ਚੀਮਾ ਦਾ ਬਿਆਨ**

ਇਸ ਮੌਕੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਮੀਡੀਆ ਅਤੇ ਪੱਤਰਕਾਰਾਂ ਨਾਲ ਸਬੰਧਤ ਮੁੱਦੇ ’ਤੇ ਵੀ ਆਪਣਾ ਪੱਖ ਰੱਖਿਆ। ਉਨ੍ਹਾਂ ਸਪਸ਼ਟ ਕੀਤਾ ਕਿ ਪੰਜਾਬ ਸਰਕਾਰ ਕਿਸੇ ਵੀ ਪੱਤਰਕਾਰ ਜਾਂ ਮੀਡੀਆ ਹਾਊਸ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਨਹੀਂ ਕਰ ਰਹੀ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਹਰ ਨਾਗਰਿਕ ਅਤੇ ਮੀਡੀਆ ਨੂੰ ਪੂਰੀ ਆਜ਼ਾਦੀ ਨਾਲ ਆਪਣੀ ਗੱਲ ਰੱਖਣ ਦਾ ਹੱਕ ਹੈ।

ਜਥੇਬੰਦੀਆਂ ਵੱਲੋਂ ਕੀਤੇ ਜਾ ਰਹੇ ਧਰਨਿਆਂ ਸਬੰਧੀ ਉਨ੍ਹਾਂ ਕਿਹਾ ਕਿ ਚੋਣਾਂ ਦੇ ਸਮੇਂ ਜਾਂ ਆਮ ਦਿਨਾਂ ਵਿੱਚ ਆਪਣੀਆਂ ਮੰਗਾਂ ਸਰਕਾਰ ਅੱਗੇ ਰੱਖਣਾ ਜਥੇਬੰਦੀਆਂ ਦਾ ਹੱਕ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਅਗਵਾਈ ਹੇਠ ਬਣੀ ਕੈਬਨਿਟ ਸਬ-ਕਮੇਟੀ ਵੱਲੋਂ ਲਗਾਤਾਰ ਵੱਖ-ਵੱਖ ਜਥੇਬੰਦੀਆਂ ਨਾਲ ਬੈਠਕਾਂ ਕੀਤੀਆਂ ਜਾ ਰਹੀਆਂ ਹਨ ਅਤੇ ਕਈ ਜਾਇਜ਼ ਮੰਗਾਂ ਨੂੰ ਮੰਨਿਆ ਵੀ ਗਿਆ ਹੈ।

**ਡੀਏ ਦੇ ਬਕਾਏ ਬਾਰੇ ਵੀ ਦਿੱਤੀ ਜਾਣਕਾਰੀ**

ਡੀਏ ਦੇ ਬਕਾਏ ਸਬੰਧੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਅਕਾਲੀ-ਭਾਜਪਾ ਅਤੇ ਕਾਂਗਰਸ ਦੀਆਂ ਸਰਕਾਰਾਂ ਦੇ ਕਾਰਜਕਾਲ ਦੌਰਾਨ ਲਗਪਗ 14 ਕਰੋੜ ਰੁਪਏ ਤੋਂ ਵੱਧ ਦਾ ਡੀਏ ਬਕਾਇਆ ਛੱਡਿਆ ਗਿਆ ਸੀ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਇਸ ਵਿੱਚੋਂ ਕਰੀਬ 5,000 ਤੋਂ 6,000 ਕਰੋੜ ਰੁਪਏ ਦਾ ਭੁਗਤਾਨ ਕੀਤਾ ਜਾ ਚੁੱਕਾ ਹੈ ਅਤੇ ਬਾਕੀ ਰਹਿੰਦਾ ਬਕਾਇਆ ਵੀ ਜਲਦ ਅਦਾ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੀ ਸ਼ਾਂਤੀ ਅਤੇ ਹਰ ਵਰਗ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ। ਇਸ ਮੌਕੇ ਓਐੱਸਡੀ ਤਪਿੰਦਰ ਸਿੰਘ ਸੋਹੀ, ਰਸ਼ਪਾਲ ਕੌਰ, ਕੁਲਦੀਪ ਸਿੰਘ ਬੰਟੀ ਮਾਨ, ਕਰਮਜੀਤ ਕੌਰ, ਬਲਵਿੰਦਰ ਸਿੰਘ ਢਿੱਲੋਂ, ਅੰਮ੍ਰਿਤਪਾਲ ਸਿੰਘ ਸਿੱਧੂ ਸਮੇਤ ਕਈ ਹੋਰ ਆਗੂ ਅਤੇ ਪਤਵੰਤੇ ਹਾਜ਼ਰ ਸਨ।

**ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ- ਸੰਤ ਲੌਂਗੋਵਾਲ ਦੀ ਕੁਰਬਾਨੀ ਪੰਜਾਬ ਲਈ ਮਾਰਗਦਰਸ਼ਨ**

ਸ਼੍ਰੋਮਣੀ ਅਕਾਲੀ ਦਲ ਪੁਨਰਸਰਜੀਤ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਅਤੇ ਮਹਾਨ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ 41ਵਾਂ ਸ਼ਹੀਦੀ ਦਿਹਾੜਾ ਲੌਂਗੋਵਾਲ ਦੀ ਅਨਾਜ ਮੰਡੀ ਵਿਖੇ ਮਨਾਇਆ ਗਿਆ। ਸ਼ਹੀਦੀ ਸਮਾਗਮ ਵਿੱਚ ਅਕਾਲੀ ਸੋਚ ਨਾਲ ਜੁੜੇ ਵੱਡੀ ਗਿਣਤੀ ਵਿੱਚ ਲੋਕਾਂ, ਪਾਰਟੀ ਆਗੂਆਂ ਅਤੇ ਵਰਕਰਾਂ ਨੇ ਸ਼ਮੂਲੀਅਤ ਕੀਤੀ ਅਤੇ ਸੰਤ ਲੌਂਗੋਵਾਲ ਦੀ ਕੁਰਬਾਨੀ ਨੂੰ ਸਿਜਦਾ ਕੀਤਾ।

ਸਮਾਗਮ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਪੁਨਰਸਰਜੀਤ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਪੰਜਾਬ ਵਿੱਚ ਅਮਨ, ਸ਼ਾਂਤੀ, ਭਾਈਚਾਰਕ ਏਕਤਾ ਅਤੇ ਪੰਥਕ ਹੱਕਾਂ ਲਈ ਆਪਣਾ ਜੀਵਨ ਸਮਰਪਿਤ ਕੀਤਾ ਸੀ। ਉਨ੍ਹਾਂ ਕਿਹਾ ਕਿ ਸੰਤ ਲੌਂਗੋਵਾਲ ਦੀ ਸ਼ਹਾਦਤ ਪੰਜਾਬ ਦੇ ਇਤਿਹਾਸ ਦਾ ਇੱਕ ਅਮਿਟ ਅਧਿਆਇ ਹੈ।

ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਅੱਜ ਪੰਜਾਬ ਇੱਕ ਗੰਭੀਰ ਤਰਾਸਦੀ ਅਤੇ ਬਹੁਪੱਖੀ ਸੰਕਟ ਵਿੱਚੋਂ ਲੰਘ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਸੰਕਟ ਵਿੱਚੋਂ ਪੰਜਾਬ ਨੂੰ ਬਾਹਰ ਕੱਢਣ ਲਈ ਸਿਰਫ਼ ਸੱਤਾ ਦੀ ਰਾਜਨੀਤੀ ਕਾਫ਼ੀ ਨਹੀਂ, ਸਗੋਂ ਸਿਧਾਂਤਕ, ਪੰਥਕ ਅਤੇ ਪੰਜਾਬ-ਪੱਖੀ ਸੋਚ ਨੂੰ ਮੁੜ ਮਜ਼ਬੂਤ ਕਰਨ ਦੀ ਲੋੜ ਹੈ।

ਉਨ੍ਹਾਂ ਕਿਹਾ ਕਿ ਸੰਤ ਲੌਂਗੋਵਾਲ ਦੀ ਸੋਚ ਅਤੇ ਉਨ੍ਹਾਂ ਦੀ ਕੁਰਬਾਨੀ ਅੱਜ ਵੀ ਪੰਜਾਬ ਲਈ ਮਾਰਗਦਰਸ਼ਨ ਦਾ ਕੰਮ ਕਰ ਸਕਦੀ ਹੈ। ਉਨ੍ਹਾਂ ਅਨੁਸਾਰ ਪੰਜਾਬ ਦੀ ਅਮਨ-ਸ਼ਾਂਤੀ, ਏਕਤਾ ਅਤੇ ਹੱਕਾਂ ਦੀ ਰਾਖੀ ਲਈ ਸੰਤ ਲੌਂਗੋਵਾਲ ਦੇ ਸੰਘਰਸ਼ ਤੋਂ ਪ੍ਰੇਰਣਾ ਲੈਣ ਦੀ ਲੋੜ ਹੈ।

**ਹਰਸਿਮਰਤ ਕੌਰ ਬਾਦਲ, ਮਜੀਠੀਆ, ਧਾਮੀ ਅਤੇ ਸਰਨਾ ਵੱਲੋਂ ਵੀ ਸ਼ਰਧਾਂਜਲੀ**

ਸ਼੍ਰੋਮਣੀ ਅਕਾਲੀ ਦਲ ਵੱਲੋਂ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ 41ਵੀਂ ਬਰਸੀ ਮੌਕੇ ਸ਼ਹੀਦ ਭਾਈ ਮਨੀ ਸਿੰਘ ਖਾਲਸਾ ਕਾਲਜ, ਲੌਂਗੋਵਾਲ ਵਿਖੇ ਵਿਸ਼ਾਲ ਸ਼ਹੀਦੀ ਕਾਨਫਰੰਸ ਕਰਵਾਈ ਗਈ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਅਤੇ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ, ਬਿਕਰਮ ਸਿੰਘ ਮਜੀਠੀਆ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਪਰਮਜੀਤ ਸਿੰਘ ਸਰਨਾ ਸਮੇਤ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਨੇ ਸੰਤ ਲੌਂਗੋਵਾਲ ਨੂੰ ਸ਼ਰਧਾਂਜਲੀ ਭੇਟ ਕੀਤੀ।

ਸ਼ਹੀਦੀ ਕਾਨਫਰੰਸ ਦੌਰਾਨ ਆਗੂਆਂ ਨੇ ਸੰਤ ਲੌਂਗੋਵਾਲ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਪੰਜਾਬ ਦੀ ਮੌਜੂਦਾ ਸਿਆਸੀ ਅਤੇ ਸਮਾਜਿਕ ਸਥਿਤੀ ਬਾਰੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਵੱਲੋਂ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਵੀ ਵਰਕਰਾਂ ਅਤੇ ਸਮਰਥਕਾਂ ਨੂੰ ਸਰਗਰਮ ਹੋਣ ਦਾ ਸੱਦਾ ਦਿੱਤਾ ਗਿਆ।

ਹਰਸਿਮਰਤ ਕੌਰ ਬਾਦਲ ਨੇ ਸੰਤ ਲੌਂਗੋਵਾਲ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਜਦੋਂ ਵੀ ਸ਼੍ਰੋਮਣੀ ਅਕਾਲੀ ਦਲ ਅਮਨ ਅਤੇ ਸ਼ਾਂਤੀ ਦੀ ਰਾਹ ’ਤੇ ਚੱਲਦਾ ਹੈ ਤਾਂ ਉਸ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸੰਤ ਲੌਂਗੋਵਾਲ ਨੇ ਪੰਜਾਬ ਦੀ ਅਮਨ-ਸ਼ਾਂਤੀ ਲਈ ਸ਼ਹਾਦਤ ਦਿੱਤੀ ਸੀ ਅਤੇ ਉਨ੍ਹਾਂ ’ਤੇ ਹਮਲਾ ਗੁਰੂ ਘਰ ਵਿੱਚ ਹੋਇਆ ਸੀ।

ਬੀਬਾ ਬਾਦਲ ਨੇ ਕਿਹਾ ਕਿ ਹੁਣ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ’ਤੇ ਵੀ ਦੋ ਵਾਰ ਗੁਰੂ ਘਰ ਵਿਖੇ ਹਮਲਾ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਹਮਲਿਆਂ ਤੋਂ ਉਹ ਘਬਰਾਉਣ ਵਾਲੇ ਨਹੀਂ ਹਨ ਅਤੇ ਪਾਰਟੀ ਆਪਣੇ ਸਿਧਾਂਤਾਂ ’ਤੇ ਕਾਇਮ ਰਹੇਗੀ।

ਪੰਜਾਬ ਸਰਕਾਰ ’ਤੇ ਨਿਸ਼ਾਨਾ ਸਾਧਦਿਆਂ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਸੂਬੇ ਵਿੱਚ ਹਾਲਾਤ ਅਜਿਹੇ ਬਣਾ ਦਿੱਤੇ ਗਏ ਹਨ ਕਿ ਗੁਰੂ ਘਰ ਵਿੱਚ ਵੀ ਸਿੱਖ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰ ਰਹੇ। ਉਨ੍ਹਾਂ ਦੋਸ਼ ਲਗਾਇਆ ਕਿ ਕੁਝ ਲੋਕ ਸਰਕਾਰਾਂ ਦੇ ਪਿੱਠੂ ਬਣ ਕੇ ਹਮਲੇ ਕਰ ਰਹੇ ਹਨ।

ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਪੰਜਾਬ ਦਿੱਲੀ ਵਾਲਿਆਂ ਦਾ ਨਹੀਂ ਹੈ, ਸਗੋਂ ਪੰਜਾਬ ਪੰਜਾਬੀਆਂ ਦਾ ਹੈ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਸੂਬੇ ਦੇ ਹਿੱਤਾਂ, ਅਮਨ-ਸ਼ਾਂਤੀ ਅਤੇ ਆਪਣੇ ਹੱਕਾਂ ਲਈ ਇਕਜੁੱਟ ਹੋਣ ਦਾ ਸੱਦਾ ਦਿੱਤਾ।

ਸੰਤ ਹਰਚੰਦ ਸਿੰਘ ਲੌਂਗੋਵਾਲ ਦੀ 41ਵੀਂ ਬਰਸੀ ਮੌਕੇ ਹੋਏ ਇਨ੍ਹਾਂ ਵੱਖ-ਵੱਖ ਸਮਾਗਮਾਂ ਦੌਰਾਨ ਜਿੱਥੇ ਉਨ੍ਹਾਂ ਦੀ ਸ਼ਹਾਦਤ ਅਤੇ ਪੰਜਾਬ ਲਈ ਕੀਤੇ ਕਾਰਜਾਂ ਨੂੰ ਯਾਦ ਕੀਤਾ ਗਿਆ, ਉੱਥੇ ਪੰਜਾਬ ਦੀ ਮੌਜੂਦਾ ਸਥਿਤੀ, ਅਮਨ-ਸ਼ਾਂਤੀ, ਭਾਈਚਾਰਕ ਏਕਤਾ, ਮੀਡੀਆ ਦੀ ਆਜ਼ਾਦੀ ਅਤੇ ਸੂਬੇ ਦੇ ਹਿੱਤਾਂ ਨਾਲ ਜੁੜੇ ਵੱਖ-ਵੱਖ ਮੁੱਦਿਆਂ ’ਤੇ ਵੀ ਸਿਆਸੀ ਆਗੂਆਂ ਵੱਲੋਂ ਆਪਣੇ ਵਿਚਾਰ ਪ੍ਰਗਟ ਕੀਤੇ ਗਏ।

# ਪੰਜਾਬ ਸਮੇਤ 8 ਸਰਹੱਦੀ ਸੂਬਿਆਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ’ਚ ਨਾਗਰਿਕਤਾ ਪ੍ਰਕਿਰਿਆ ਹੋਈ ਸੌਖੀ, ਡੀਸੀਜ਼ ਨੂੰ ਮਿਲੇ ਵੱਡੇ ਅਧਿਕਾਰ

## ਪਾਕਿਸਤਾਨ, ਅਫਗਾਨਿਸਤਾਨ ਤੇ ਬੰਗਲਾਦੇਸ਼ ਦੇ ਗੈਰ-ਮੁਸਲਿਮ ਘੱਟ ਗਿਣਤੀਆਂ ਦੀਆਂ ਨਾਗਰਿਕਤਾ ਅਰਜ਼ੀਆਂ ਹੁਣ ਜ਼ਿਲ੍ਹਾ ਕੁਲੈਕਟਰ ਪੱਧਰ ’ਤੇ ਹੋਣਗੀਆਂ ਨਿਪਟਾਰਾ

ਕੇਂਦਰ ਸਰਕਾਰ ਨੇ ਪਾਕਿਸਤਾਨ, ਅਫਗਾਨਿਸਤਾਨ ਅਤੇ ਬੰਗਲਾਦੇਸ਼ ਤੋਂ ਭਾਰਤ ਆਏ ਗੈਰ-ਮੁਸਲਿਮ ਘੱਟ ਗਿਣਤੀਆਂ ਨੂੰ ਨਾਗਰਿਕਤਾ ਦੇਣ ਦੀ ਪ੍ਰਕਿਰਿਆ ਨੂੰ ਹੋਰ ਸੌਖਾ ਕਰਨ ਲਈ ਨਾਗਰਿਕਤਾ ਨਿਯਮ, 2009 ਵਿੱਚ ਮਹੱਤਵਪੂਰਨ ਸੋਧ ਕੀਤੀ ਹੈ। ਇਸ ਤਹਿਤ ਪੰਜਾਬ ਸਮੇਤ ਦੇਸ਼ ਦੇ ਕੁਝ ਸਰਹੱਦੀ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਜ਼ਿਲ੍ਹਾ ਕੁਲੈਕਟਰਾਂ ਨੂੰ ਨਾਗਰਿਕਤਾ ਦੇਣ ਨਾਲ ਸਬੰਧਤ ਅਰਜ਼ੀਆਂ ਪ੍ਰਾਪਤ ਕਰਨ, ਉਨ੍ਹਾਂ ਦੀ ਜਾਂਚ ਕਰਨ ਅਤੇ ਨਿਪਟਾਰਾ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ।

ਗ੍ਰਹਿ ਮੰਤਰਾਲੇ ਨੇ ਇਸ ਸਬੰਧੀ ‘ਨਾਗਰਿਕਤਾ (ਤੀਜੀ ਸੋਧ) ਨਿਯਮ, 2026’ ਨੂੰ ਨੋਟੀਫਾਈ ਕਰ ਦਿੱਤਾ ਹੈ। ਨਵੇਂ ਨਿਯਮਾਂ ਰਾਹੀਂ ਨਾਗਰਿਕਤਾ ਨਿਯਮਾਂ ਦੇ ਨਿਯਮ 11ਏ ਵਿੱਚ ਨਵਾਂ ਉਪ-ਨਿਯਮ 6 ਜੋੜਿਆ ਗਿਆ ਹੈ। ਇਸ ਸੋਧ ਦਾ ਉਦੇਸ਼ ਨਾਗਰਿਕਤਾ ਦੀਆਂ ਅਰਜ਼ੀਆਂ ਦੇ ਨਿਪਟਾਰੇ ਵਿੱਚ ਹੋ ਰਹੀ ਦੇਰੀ ਨੂੰ ਘਟਾਉਣਾ ਅਤੇ ਪ੍ਰਕਿਰਿਆ ਨੂੰ ਜ਼ਿਲ੍ਹਾ ਪੱਧਰ ’ਤੇ ਹੋਰ ਪ੍ਰਭਾਵਸ਼ਾਲੀ ਬਣਾਉਣਾ ਹੈ।

ਨਵੇਂ ਪ੍ਰਬੰਧਾਂ ਅਨੁਸਾਰ ਪੰਜਾਬ, ਗੁਜਰਾਤ, ਰਾਜਸਥਾਨ, ਪੱਛਮੀ ਬੰਗਾਲ, ਅਸਮ ਅਤੇ ਤ੍ਰਿਪੁਰਾ ਦੇ ਸਰਹੱਦੀ ਖੇਤਰਾਂ ਦੇ ਨਾਲ-ਨਾਲ ਜੰਮੂ-ਕਸ਼ਮੀਰ ਅਤੇ ਲੱਦਾਖ ਦੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਆਮ ਤੌਰ ’ਤੇ ਰਹਿਣ ਵਾਲੇ ਯੋਗ ਬਿਨੈਕਾਰਾਂ ਦੀਆਂ ਅਰਜ਼ੀਆਂ ਸਬੰਧਤ ਅਧਿਕਾਰ ਖੇਤਰ ਵਾਲੇ ਜ਼ਿਲ੍ਹਾ ਕੁਲੈਕਟਰ ਵੱਲੋਂ ਪ੍ਰਾਪਤ ਅਤੇ ਨਿਪਟਾਈਆਂ ਜਾ ਸਕਣਗੀਆਂ। ਅਸਮ ਅਤੇ ਤ੍ਰਿਪੁਰਾ ਦੇ ਕਬਾਇਲੀ ਖੇਤਰਾਂ ਨੂੰ ਇਸ ਪ੍ਰਬੰਧ ਤੋਂ ਬਾਹਰ ਰੱਖਿਆ ਗਿਆ ਹੈ।

ਇਹ ਪ੍ਰਬੰਧ ਨਾਗਰਿਕਤਾ ਐਕਟ ਦੀ ਧਾਰਾ 6ਬੀ ਤਹਿਤ ਆਉਣ ਵਾਲੇ ਮਾਮਲਿਆਂ ’ਤੇ ਲਾਗੂ ਹੋਵੇਗਾ। ਧਾਰਾ 6ਬੀ ਤਹਿਤ ਹਿੰਦੂ, ਸਿੱਖ, ਜੈਨ, ਬੋਧ, ਪਾਰਸੀ ਅਤੇ ਇਸਾਈ ਘੱਟ ਗਿਣਤੀਆਂ ਨਾਲ ਸਬੰਧਤ ਯੋਗ ਵਿਅਕਤੀਆਂ ਨੂੰ ਨਿਰਧਾਰਤ




ਸ਼ਰਤਾਂ ਪੂਰੀਆਂ ਕਰਨ ’ਤੇ ਭਾਰਤੀ ਨਾਗਰਿਕਤਾ ਲਈ ਅਰਜ਼ੀ ਦੇਣ ਦੀ ਵਿਵਸਥਾ ਹੈ।

**ਲੰਬਿਤ ਅਰਜ਼ੀਆਂ ਵੀ ਕੁਲੈਕਟਰਾਂ ਨੂੰ ਕੀਤੀਆਂ ਜਾਣਗੀਆਂ ਤਬਦੀਲ**

ਨਵੇਂ ਨਿਯਮਾਂ ਵਿੱਚ ਮੌਜੂਦਾ ਨਾਗਰਿਕਤਾ ਪ੍ਰਕਿਰਿਆ ਨਾਲ ਜੁੜੀਆਂ ਲੰਬਿਤ ਅਰਜ਼ੀਆਂ ਬਾਰੇ ਵੀ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ। ਹੁਣ ਤੱਕ ਸੀਏਏ ਤਹਿਤ ਸਸ਼ਕਤ ਕਮੇਟੀਆਂ ਅਤੇ ਜ਼ਿਲ੍ਹਾ ਪੱਧਰੀ ਕਮੇਟੀਆਂ ਕੋਲ ਨਾਗਰਿਕਤਾ ਦੇਣ ਨਾਲ ਸਬੰਧਤ ਅਧਿਕਾਰ ਸਨ।

ਸੋਧੇ ਹੋਏ ਨਿਯਮਾਂ ਅਨੁਸਾਰ ਪੰਜਾਬ, ਗੁਜਰਾਤ, ਰਾਜਸਥਾਨ, ਪੱਛਮੀ ਬੰਗਾਲ, ਅਸਮ, ਤ੍ਰਿਪੁਰਾ, ਜੰਮੂ-ਕਸ਼ਮੀਰ ਅਤੇ ਲੱਦਾਖ ਦੀਆਂ ਸਸ਼ਕਤ ਕਮੇਟੀਆਂ ਅਤੇ ਜ਼ਿਲ੍ਹਾ ਪੱਧਰੀ ਕਮੇਟੀਆਂ ਕੋਲ ਲੰਬਿਤ ਪਈਆਂ ਨਾਗਰਿਕਤਾ ਐਕਟ, 1955 ਦੀ ਧਾਰਾ 6ਬੀ ਤਹਿਤ ਸਾਰੀਆਂ ਅਰਜ਼ੀਆਂ ਸਬੰਧਤ ਜ਼ਿਲ੍ਹਾ ਕੁਲੈਕਟਰ ਨੂੰ ਤਬਦੀਲ ਕੀਤੀਆਂ ਜਾਣਗੀਆਂ।

ਇਸ ਨਾਲ ਇਨ੍ਹਾਂ ਅਰਜ਼ੀਆਂ ਦੇ ਨਿਪਟਾਰੇ ਦੀ ਜ਼ਿੰਮੇਵਾਰੀ ਜ਼ਿਲ੍ਹਾ ਪੱਧਰ ’ਤੇ ਤਬਦੀਲ ਹੋ ਜਾਵੇਗੀ ਅਤੇ ਬਿਨੈਕਾਰਾਂ ਨੂੰ ਨਾਗਰਿਕਤਾ ਦੀ ਪ੍ਰਕਿਰਿਆ ਲਈ ਪਹਿਲਾਂ ਨਾਲੋਂ ਵੱਖਰੇ ਪ੍ਰਸ਼ਾਸਨਿਕ ਪੱਧਰ ’ਤੇ ਕਾਰਵਾਈ ਕਰਵਾਉਣ ਦੀ ਸਹੂਲਤ ਮਿਲੇਗੀ।

**ਬਿਨੈਕਾਰਾਂ ਨੂੰ ਆਨਲਾਈਨ ਜਮ੍ਹਾਂ ਕਰਵਾਉਣੀ ਹੋਵੇਗੀ ਅਰਜ਼ੀ**

ਨਵੇਂ ਨਿਯਮਾਂ ਤਹਿਤ ਧਾਰਾ 6ਬੀ ਅਧੀਨ ਰਜਿਸਟ੍ਰੇਸ਼ਨ ਜਾਂ ਨੈਚੁਰਲਾਈਜ਼ੇਸ਼ਨ ਰਾਹੀਂ ਨਾਗਰਿਕਤਾ ਪ੍ਰਾਪਤ ਕਰਨ ਦੇ ਇੱਛੁਕ ਬਿਨੈਕਾਰਾਂ ਨੂੰ ਆਪਣੀਆਂ ਅਰਜ਼ੀਆਂ ਇਲੈਕਟ੍ਰਾਨਿਕ ਤਰੀਕੇ ਨਾਲ ਸਬੰਧਤ ਅਧਿਕਾਰ ਖੇਤਰ ਵਾਲੇ ਕੁਲੈਕਟਰ ਕੋਲ ਜਮ੍ਹਾਂ ਕਰਵਾਉਣੀਆਂ ਪੈਣਗੀਆਂ।

ਅਰਜ਼ੀ ਪ੍ਰਾਪਤ ਹੋਣ ਤੋਂ ਬਾਅਦ ਫਾਰਮ ੀਯ ਵਿੱਚ ਇਲੈਕਟ੍ਰਾਨਿਕ ਰਸੀਦ ਤਿਆਰ ਕੀਤੀ ਜਾਵੇਗੀ। ਇਸ ਤੋਂ ਬਾਅਦ ਕੁਲੈਕਟਰ ਵੱਲੋਂ ਬਿਨੈਕਾਰ ਵੱਲੋਂ ਜਮ੍ਹਾਂ ਕਰਵਾਏ ਗਏ ਦਸਤਾਵੇਜ਼ਾਂ ਦੀ ਤਸਦੀਕ ਕੀਤੀ ਜਾਵੇਗੀ ਅਤੇ ਉਸ ਦੀ ਯੋਗਤਾ ਨਿਰਧਾਰਤ ਕਰਨ ਲਈ ਲੋੜ ਅਨੁਸਾਰ ਜਾਂਚ ਵੀ ਕੀਤੀ ਜਾ ਸਕੇਗੀ।

ਕੁਲੈਕਟਰ ਵੱਲੋਂ ਬਿਨੈਕਾਰ ਨੂੰ ਨਾਗਰਿਕਤਾ ਐਕਟ ਦੀ ਦੂਜੀ ਅਨੁਸੂਚੀ ਵਿੱਚ ਨਿਰਧਾਰਤ ਵਫ਼ਾਦਾਰੀ ਦੀ ਸਹੁੰ ਵੀ ਚੁਕਾਈ ਜਾਵੇਗੀ। ਇਸ ਤੋਂ ਬਾਅਦ ਧਾਰਾ 6ਬੀ ਤਹਿਤ ਬਿਨੈਕਾਰ ਦੀ ਯੋਗਤਾ ਦੀ ਜਾਂਚ ਕੀਤੀ ਜਾਵੇਗੀ।

**ਯੋਗਤਾ ਪੂਰੀ ਹੋਣ ’ਤੇ ਕੁਲੈਕਟਰ ਦੇ ਸਕੇਗਾ ਨਾਗਰਿਕਤਾ**

ਸੋਧੇ ਹੋਏ ਨਿਯਮਾਂ ਵਿੱਚ ਕੁਲੈਕਟਰ ਨੂੰ ਨਾਗਰਿਕਤਾ ਪ੍ਰਕਿਰਿਆ ਵਿੱਚ ਅਹਿਮ ਅਧਿਕਾਰ ਦਿੱਤਾ ਗਿਆ ਹੈ। ਜੇਕਰ ਕੁਲੈਕਟਰ ਵੱਲੋਂ ਜਾਂਚ ਤੋਂ ਬਾਅਦ ਇਹ ਸੰਤੁਸ਼ਟੀ ਪ੍ਰਗਟ ਕੀਤੀ ਜਾਂਦੀ ਹੈ ਕਿ ਬਿਨੈਕਾਰ ਰਜਿਸਟ੍ਰੇਸ਼ਨ ਜਾਂ ਨੈਚੁਰਲਾਈਜ਼ੇਸ਼ਨ ਰਾਹੀਂ ਭਾਰਤੀ ਨਾਗਰਿਕਤਾ ਹਾਸਲ ਕਰਨ ਲਈ ਯੋਗ ਅਤੇ ਢੁਕਵਾਂ ਵਿਅਕਤੀ ਹੈ ਤਾਂ ਕੁਲੈਕਟਰ ਉਸ ਨੂੰ ਭਾਰਤ ਦੀ ਨਾਗਰਿਕਤਾ ਪ੍ਰਦਾਨ ਕਰ ਸਕੇਗਾ।

ਨਿਯਮਾਂ ਵਿੱਚ ਅਰਜ਼ੀ ਰੱਦ ਕਰਨ ਦੀ ਵਿਵਸਥਾ ਵੀ ਰੱਖੀ ਗਈ ਹੈ। ਜੇਕਰ ਬਿਨੈਕਾਰ ਨੂੰ ਉਚਿਤ ਮੌਕਾ ਦਿੱਤੇ ਜਾਣ ਦੇ ਬਾਵਜੂਦ ਉਹ ਆਪਣੀ ਅਰਜ਼ੀ ਦੀ ਪੁਸ਼ਟੀ ਕਰਨ ਅਤੇ ਵਫ਼ਾਦਾਰੀ ਦੀ ਸਹੁੰ ਚੁੱਕਣ ਲਈ ਨਿੱਜੀ ਤੌਰ ’ਤੇ ਹਾਜ਼ਰ ਹੋਣ ਵਿੱਚ ਅਸਫਲ ਰਹਿੰਦਾ ਹੈ ਤਾਂ ਉਸ ਦੀ ਅਰਜ਼ੀ ਰੱਦ ਕੀਤੀ ਜਾ ਸਕਦੀ ਹੈ।

**ਨਾਗਰਿਕਤਾ ਨਿਯਮਾਂ ਅਤੇ ਫਾਰਮਾਂ ਵਿੱਚ ਵੀ ਕੀਤੀਆਂ ਗਈਆਂ ਸੋਧਾਂ**

ਕੇਂਦਰ ਸਰਕਾਰ ਨੇ ਨਾਗਰਿਕਤਾ ਨਿਯਮਾਂ ਦੇ ਹੋਰ ਕਈ ਪ੍ਰਬੰਧਾਂ ਵਿੱਚ ਵੀ ਸੋਧ ਕੀਤੀ ਹੈ। ਨਿਯਮ 14 ਅਤੇ 15 ਵਿੱਚ ਸਸ਼ਕਤ ਕਮੇਟੀ ਦੇ ਹਵਾਲਿਆਂ ਤੋਂ ਬਾਅਦ ‘ਜਾਂ ਕੁਲੈਕਟਰ, ਜਿਵੇਂ ਵੀ ਮਾਮਲਾ ਹੋਵੇ’ ਸ਼ਬਦ ਜੋੜੇ ਗਏ ਹਨ। ਇਸੇ ਤਰ੍ਹਾਂ ਨਿਯਮ 38 ਵਿੱਚ ਵੀ ਅਧਿਕਾਰਤ ਅਧਿਕਾਰੀ ਦੇ ਨਾਲ ਕੁਲੈਕਟਰ ਨੂੰ ਸ਼ਾਮਲ ਕਰਨ ਲਈ ਤਬਦੀਲੀ ਕੀਤੀ ਗਈ ਹੈ।

ਸਰਕਾਰ ਵੱਲੋਂ ਅਨੁਸੂਚੀ-1 ਵਿੱਚ ਸ਼ਾਮਲ ਵੱਖ-ਵੱਖ ਨਾਗਰਿਕਤਾ ਫਾਰਮਾਂ ਵਿੱਚ ਵੀ ਸੋਧ ਕੀਤੀ ਗਈ ਹੈ। ਇਨ੍ਹਾਂ ਵਿੱਚ ਫਾਰਮ ੀਅ, ੀੀਅ, ੀੜਅ, ੜਅ, ੜੀਅ, ੜੀੀਅ ਅਤੇ ੜੀੀੀਅ ਸ਼ਾਮਲ ਹਨ।

ਨਿਰਧਾਰਤ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਆਮ ਤੌਰ ’ਤੇ ਰਹਿਣ ਵਾਲੇ ਬਿਨੈਕਾਰਾਂ ਲਈ ਹੁਣ ਪੂਰੇ ਕੀਤੇ ਗਏ ਫਾਰਮ ਸਬੰਧਤ ਅਧਿਕਾਰ ਖੇਤਰ ਵਾਲੇ ਕੁਲੈਕਟਰ ਕੋਲ ਜਮ੍ਹਾਂ ਕਰਵਾਏ ਜਾਣਗੇ। ਕੁਲੈਕਟਰ ਇਨ੍ਹਾਂ ਅਰਜ਼ੀਆਂ ਦੀ ਨਿਯਮ 11ਏ ਅਧੀਨ ਪ੍ਰਕਿਰਿਆ ਕਰੇਗਾ ਅਤੇ ਉਨ੍ਹਾਂ ਦਾ ਨਿਪਟਾਰਾ ਕਰੇਗਾ।

**19 ਅਗਸਤ ਦੇ ਵੱਖਰੇ ਹੁਕਮ ਤੋਂ ਬਾਅਦ ਨਵੀਂ ਸੋਧ**

ਗ੍ਰਹਿ ਮੰਤਰਾਲੇ ਵੱਲੋਂ ਇਹ ਨੋਟੀਫਿਕੇਸ਼ਨ ਨਾਗਰਿਕਤਾ ਐਕਟ, 1955 ਦੀ ਧਾਰਾ 18 ਤਹਿਤ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦਿਆਂ ਜਾਰੀ ਕੀਤਾ ਗਿਆ ਹੈ। ਨਾਗਰਿਕਤਾ ਨਿਯਮ ਪਹਿਲੀ ਵਾਰ ਫਰਵਰੀ 2009 ਵਿੱਚ ਨੋਟੀਫਾਈ ਕੀਤੇ ਗਏ ਸਨ। ਤਾਜ਼ਾ ਸੋਧ ਤੋਂ ਪਹਿਲਾਂ ਇਨ੍ਹਾਂ ਨਿਯਮਾਂ ਵਿੱਚ ਆਖਰੀ ਵਾਰ 18 ਮਈ 2026 ਨੂੰ ਤਬਦੀਲੀ ਕੀਤੀ ਗਈ ਸੀ।

ਇਹ ਤਾਜ਼ਾ ਸੋਧ ਗ੍ਰਹਿ ਮੰਤਰਾਲੇ ਵੱਲੋਂ 19 ਅਗਸਤ ਨੂੰ ਜਾਰੀ ਕੀਤੇ ਗਏ ਇੱਕ ਵੱਖਰੇ ਹੁਕਮ ਤੋਂ ਬਾਅਦ ਆਈ ਹੈ। ਉਸ ਹੁਕਮ ਤਹਿਤ ਨਿਰਧਾਰਤ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਸਸ਼ਕਤ ਕਮੇਟੀਆਂ ਅਤੇ ਜ਼ਿਲ੍ਹਾ ਪੱਧਰੀ ਕਮੇਟੀਆਂ ਕੋਲ ਲੰਬਿਤ ਪਈਆਂ ਧਾਰਾ 6ਬੀ ਅਧੀਨ ਨਾਗਰਿਕਤਾ ਅਰਜ਼ੀਆਂ ਨੂੰ ਸਬੰਧਤ ਜ਼ਿਲ੍ਹਾ ਕੁਲੈਕਟਰਾਂ ਨੂੰ ਤਬਦੀਲ ਕਰਨ ਦੀ ਵਿਵਸਥਾ ਕੀਤੀ ਗਈ ਹੈ।

ਇਸ ਤਰ੍ਹਾਂ ਕੇਂਦਰ ਸਰਕਾਰ ਦੀ ਤਾਜ਼ਾ ਕਾਰਵਾਈ ਨਾਲ ਪੰਜਾਬ ਸਮੇਤ ਸਰਹੱਦੀ ਸੂਬਿਆਂ ਵਿੱਚ ਧਾਰਾ 6ਬੀ ਅਧੀਨ ਨਾਗਰਿਕਤਾ ਲਈ ਅਰਜ਼ੀ ਦੇਣ ਵਾਲੇ ਯੋਗ ਬਿਨੈਕਾਰਾਂ ਦੀ ਪ੍ਰਕਿਰਿਆ ਨੂੰ ਜ਼ਿਲ੍ਹਾ ਪੱਧਰ ’ਤੇ ਲਿਆਉਣ ਦਾ ਰਾਹ ਸਾਫ਼ ਹੋ ਗਿਆ ਹੈ। ਨਵੇਂ ਪ੍ਰਬੰਧ ਤਹਿਤ ਕੁਲੈਕਟਰਾਂ ਨੂੰ ਅਰਜ਼ੀਆਂ ਦੀ ਜਾਂਚ ਤੋਂ ਲੈ ਕੇ ਯੋਗ ਬਿਨੈਕਾਰਾਂ ਨੂੰ ਨਾਗਰਿਕਤਾ ਪ੍ਰਦਾਨ ਕਰਨ ਤੱਕ ਦੀ ਮਹੱਤਵਪੂਰਨ ਜ਼ਿੰਮੇਵਾਰੀ ਦਿੱਤੀ ਗਈ ਹੈ।



# ਈਡੀ ਦੀ ਚਿੱਠੀ ਮਗਰੋਂ ਮਜੀਠੀਆ ਦਾ ਵੱਡਾ ਹਮਲਾ: 'ਪੰਜਾਬ ਦੇ ਮੁੱਖ ਮੰਤਰੀ ਦਫ਼ਤਰ 'ਚ ਚੱਲ ਰਿਹੈ ਭ੍ਰਿਸ਼ਟਾਚਾਰ ਦਾ ਰੈਕੇਟ'

### ਅਕਾਲੀ ਆਗੂ ਨੇ ਸੀਐੱਮਓ ਅਧਿਕਾਰੀਆਂ ਖ਼ਿਲਾਫ਼ ਐੱਫਆਈਆਰ ਦੀ ਕੀਤੀ ਮੰਗ; ਕਿਹਾ- ਕਾਰਵਾਈ ਨਾ ਹੋਈ ਤਾਂ ਹਾਈਕੋਰਟ ਦਾ ਦਰਵਾਜ਼ਾ ਖੜਕਾਵਾਂਗੇ



ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਪੰਜਾਬ ਦੇ ਮੁੱਖ ਮੰਤਰੀ ਦਫ਼ਤਰ ਵਿੱਚ ਵੱਡੇ ਪੱਧਰ 'ਤੇ ਭ੍ਰਿਸ਼ਟਾਚਾਰ ਹੋਣ ਦੇ ਦੋਸ਼ ਲਗਾਉਂਦਿਆਂ ਸਰਕਾਰ 'ਤੇ ਤਿੱਖਾ ਸਿਆਸੀ ਹਮਲਾ ਕੀਤਾ ਹੈ। ਮਜੀਠੀਆ ਨੇ ਮੁੱਖ ਮੰਤਰੀ ਦਫ਼ਤਰ ਨਾਲ ਜੁੜੇ ਅਧਿਕਾਰੀਆਂ ਖ਼ਿਲਾਫ਼ ਕੇਸ ਦਰਜ ਕਰਨ ਅਤੇ ਮਾਮਲੇ ਦੀ ਗੰਭੀਰ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ।

ਨਵੀਂ ਦਿੱਲੀ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਜੀਠੀਆ ਨੇ ਦਾਅਵਾ ਕੀਤਾ ਕਿ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ 7 ਅਗਸਤ ਨੂੰ ਪੰਜਾਬ ਦੇ ਪੁਲੀਸ ਡਾਇਰੈਕਟਰ ਜਨਰਲ (ਡੀਜੀਪੀ) ਨੂੰ ਨਿਤਿਨ ਗੋਹਲ ਅਤੇ ਹੋਰ ਵਿਅਕਤੀਆਂ ਖ਼ਿਲਾਫ਼ ਐੱਫਆਈਆਰ ਦਰਜ ਕਰਨ ਲਈ ਪੱਤਰ ਭੇਜਿਆ ਸੀ। ਉਨ੍ਹਾਂ ਕਿਹਾ ਕਿ ਪੱਤਰ ਭੇਜੇ ਜਾਣ ਦੇ ਬਾਵਜੂਦ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ।

ਮਜੀਠੀਆ ਨੇ ਦੋਸ਼ ਲਗਾਇਆ ਕਿ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਦੀ ਸਰਪ੍ਰਸਤੀ ਹੇਠ ਮੁੱਖ ਮੰਤਰੀ ਭਗਵੰਤ ਮਾਨ ਦੇ ਦਫ਼ਤਰ ਤੋਂ ਕਥਿਤ ਤੌਰ 'ਤੇ ਵੱਡਾ ਭ੍ਰਿਸ਼ਟਾਚਾਰ ਚਲਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਹੈ ਜਦੋਂ ਮੁੱਖ ਮੰਤਰੀ ਦਫ਼ਤਰ ਨਾਲ ਜੁੜੇ ਕਥਿਤ ਭ੍ਰਿਸ਼ਟਾਚਾਰ ਬਾਰੇ ਈਡੀ ਵੱਲੋਂ ਪੰਜਾਬ ਪੁਲੀਸ ਨੂੰ ਪੱਤਰ ਲਿਖਿਆ ਗਿਆ ਹੈ।

**'ਈਡੀ ਦੇ ਪੱਤਰ 'ਤੇ ਕਾਰਵਾਈ ਨਾ ਕਰਨਾ ਸੁਪਰੀਮ ਕੋਰਟ ਦੇ ਹੁਕਮਾਂ ਦੀ ਉਲੰਘਣਾ'**

ਅਕਾਲੀ ਆਗੂ ਨੇ ਦਾਅਵਾ ਕੀਤਾ ਕਿ ਈਡੀ ਦੇ ਪੱਤਰ ਨੂੰ ਦਸ ਦਿਨ ਬੀਤ ਜਾਣ ਦੇ ਬਾਵਜੂਦ ਐੱਫਆਈਆਰ ਦਰਜ ਨਾ ਕਰਨਾ ਸੁਪਰੀਮ ਕੋਰਟ ਦੇ ਹੁਕਮਾਂ ਦੀ ਉਲੰਘਣਾ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਅਤੇ ਪੁਲੀਸ ਵੱਲੋਂ ਜਲਦ ਕਾਰਵਾਈ ਨਾ ਕੀਤੀ ਗਈ ਤਾਂ ਉਹ ਦੋਸ਼ੀਆਂ ਖ਼ਿਲਾਫ਼ ਤੁਰੰਤ ਐੱਫਆਈਆਰ ਦਰਜ ਕਰਵਾਉਣ ਲਈ ਹਾਈਕੋਰਟ ਦਾ ਰੁਖ਼ ਕਰਨਗੇ।

ਮਜੀਠੀਆ ਨੇ ਕਿਹਾ ਕਿ ਮਾਮਲੇ ਨੂੰ ਸਿਰਫ਼ ਸਿਆਸੀ ਦੋਸ਼ਾਂ ਤੱਕ ਸੀਮਤ ਨਹੀਂ ਰੱਖਿਆ ਜਾਣਾ ਚਾਹੀਦਾ, ਸਗੋਂ ਈਡੀ ਵੱਲੋਂ ਉਠਾਏ ਗਏ ਮੁੱਦਿਆਂ ਦੀ ਕਾਨੂੰਨੀ ਅਤੇ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ।

**ਅਸਲਾ ਲਾਇਸੈਂਸਾਂ ਨੂੰ ਲੈ ਕੇ ਵੀ ਗੰਭੀਰ ਦੋਸ਼**

ਈਡੀ ਵੱਲੋਂ ਪੰਜਾਬ ਸਰਕਾਰ ਨੂੰ ਭੇਜੇ ਪੱਤਰ ਵਿੱਚ ਸਰਕਾਰੀ ਗੁਪਤਤਾ ਕਾਨੂੰਨ ਦੀ ਕਥਿਤ ਉਲੰਘਣਾ ਅਤੇ ਕੁਝ ਧਿਰਾਂ ਨੂੰ ਫ਼ਾਇਦਾ ਪਹੁੰਚਾਉਣ ਲਈ ਸਰਕਾਰੀ ਨਿਯਮਾਂ ਵਿੱਚ ਕਥਿਤ ਤਬਦੀਲੀਆਂ ਦਾ ਮੁੱਦਾ ਚੁੱਕੇ ਜਾਣ ਦੀ ਗੱਲ ਵੀ ਮਜੀਠੀਆ ਨੇ ਕੀਤੀ।

ਉਨ੍ਹਾਂ ਦੋਸ਼ ਲਗਾਇਆ ਕਿ ਕੁਝ ਅਧਿਕਾਰੀ ਅਸਲਾ ਲਾਇਸੈਂਸ ਜਾਰੀ ਕਰਨ ਅਤੇ ਉਨ੍ਹਾਂ ਵਿੱਚ ਤਬਦੀਲੀਆਂ ਕਰਨ ਦੇ ਬਦਲੇ ਕਥਿਤ ਤੌਰ 'ਤੇ ਰਿਸ਼ਵਤ ਲੈ ਰਹੇ ਹਨ। ਮਜੀਠੀਆ ਨੇ ਕਿਹਾ ਕਿ ਪੰਜਾਬ ਇੱਕ ਸਰਹੱਦੀ ਸੂਬਾ ਹੋਣ ਕਾਰਨ ਅਸਲਾ ਲਾਇਸੈਂਸਾਂ ਨਾਲ ਜੁੜੇ ਮਾਮਲੇ ਨੂੰ ਬਹੁਤ ਗੰਭੀਰਤਾ ਨਾਲ ਲੈਣ ਦੀ ਲੋੜ ਹੈ।

ਉਨ੍ਹਾਂ ਮੁਤਾਬਕ ਈਡੀ ਦੇ ਪੱਤਰ ਵਿੱਚ ਨੀਤੀਗਤ ਬਦਲਾਅ, ਵਿਭਾਗੀ ਨਿਯਮਾਂ ਵਿੱਚ ਸੋਧ, ਪ੍ਰਸ਼ਾਸਕੀ ਮਨਜ਼ੂਰੀਆਂ, ਟੈਂਡਰਾਂ ਦੀਆਂ ਸ਼ਰਤਾਂ ਵਿੱਚ ਤਬਦੀਲੀ ਅਤੇ ਮਨੀ ਲਾਂਡਰਿੰਗ ਨਾਲ ਸਬੰਧਤ ਮਾਮਲਿਆਂ ਦਾ ਵੀ ਜ਼ਿਕਰ ਹੈ।

ਮਜੀਠੀਆ ਨੇ ਮੰਗ ਕੀਤੀ ਕਿ ਜੇਕਰ ਜਾਂਚ ਵਿੱਚ ਦੋਸ਼ ਸਾਬਤ ਹੁੰਦੇ ਹਨ ਤਾਂ ਸਬੰਧਤ ਵਿਅਕਤੀਆਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਜਿਨ੍ਹਾਂ ਦੋਸ਼ੀਆਂ ਕੋਲ ਵਿਦੇਸ਼ੀ ਨਾਗਰਿਕਤਾ ਜਾਂ ਐੱਨਆਰਆਈ ਦਰਜਾ ਹੈ, ਉਨ੍ਹਾਂ ਦੇ ਪਾਸਪੋਰਟ ਜ਼ਬਤ ਕੀਤੇ ਜਾਣ ਤਾਂ ਜੋ ਉਹ ਜਾਂਚ ਤੋਂ ਬਚ ਕੇ ਵਿਦੇਸ਼ ਨਾ ਜਾ ਸਕਣ।

**ਸੁਖਬੀਰ ਬਾਦਲ 'ਤੇ ਹਮਲੇ ਦਾ ਵੀ ਚੁੱਕਿਆ ਮੁੱਦਾ**

ਮਜੀਠੀਆ ਨੇ ਮਹਾਰਾਸ਼ਟਰ ਦੇ ਨਾਂਦੇੜ ਵਿੱਚ ਇੱਕ ਗੁਰਦੁਆਰੇ ਵਿੱਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਹੋਏ ਹਮਲੇ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ 2024 ਵਿੱਚ ਅੰਮ੍ਰਿਤਸਰ ਵਿੱਚ ਵੀ ਸੁਖਬੀਰ ਬਾਦਲ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਹੋਈ ਸੀ।

ਉਨ੍ਹਾਂ ਨਾਰਾਇਣ ਸਿੰਘ ਚੌੜਾ ਦਾ ਹਵਾਲਾ ਦਿੰਦਿਆਂ ਦੋਸ਼ ਲਗਾਇਆ ਕਿ ਉਸ ਨੂੰ ਆਈਐੱਸਆਈ ਤੋਂ ਸਿਖਲਾਈ ਮਿਲੀ ਸੀ ਅਤੇ ਮਾਨ ਸਰਕਾਰ ਵੱਲੋਂ ਉਸ ਨੂੰ ਤਿੰਨ ਮਹੀਨਿਆਂ ਵਿੱਚ ਜ਼ਮਾਨਤ 'ਤੇ ਬਾਹਰ ਕੱਢ ਦਿੱਤਾ ਗਿਆ। ਮਜੀਠੀਆ ਨੇ ਇਨ੍ਹਾਂ ਦੋਸ਼ਾਂ ਦੇ ਆਧਾਰ 'ਤੇ ਸਰਕਾਰ ਦੀਆਂ ਨੀਤੀਆਂ 'ਤੇ ਸਵਾਲ ਚੁੱਕੇ ਅਤੇ ਕਿਹਾ ਕਿ 'ਆਪ' ਦੀਆਂ ਕਥਿਤ ਦੋਹਰੀਆਂ ਨੀਤੀਆਂ ਸਾਹਮਣੇ ਆ ਰਹੀਆਂ ਹਨ।

ਅਕਾਲੀ ਆਗੂ ਨੇ ਦੋਸ਼ ਲਗਾਇਆ ਕਿ ਸਿਆਸੀ ਫ਼ਾਇਦੇ ਲਈ ਹਿੰਸਾ ਨੂੰ ਕਥਿਤ ਤੌਰ 'ਤੇ ਜਾਇਜ਼ ਠਹਿਰਾਇਆ ਜਾ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਸੁਖਬੀਰ ਸਿੰਘ ਬਾਦਲ 'ਤੇ ਹੋਏ ਦੋਵਾਂ ਹਮਲਿਆਂ ਦੀ ਕੌਮੀ ਜਾਂਚ ਏਜੰਸੀ (ਐੱਨਆਈਏ) ਤੋਂ ਜਾਂਚ ਕਰਵਾਈ ਜਾਵੇ, ਤਾਂ ਜੋ ਇਹ ਪਤਾ ਲੱਗ ਸਕੇ ਕਿ ਇਨ੍ਹਾਂ ਘਟਨਾਵਾਂ ਪਿੱਛੇ ਕੌਣ ਹੈ ਅਤੇ ਕਿਹੜੀ ਧਿਰ ਵੱਲੋਂ ਕਥਿਤ ਤੌਰ 'ਤੇ ਹਿੰਸਾ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ।

ਮਜੀਠੀਆ ਦੇ ਇਨ੍ਹਾਂ ਬਿਆਨਾਂ ਨੇ ਪੰਜਾਬ ਦੀ ਸਿਆਸਤ ਵਿੱਚ ਇੱਕ ਵਾਰ ਫਿਰ ਭ੍ਰਿਸ਼ਟਾਚਾਰ, ਸਰਕਾਰੀ ਅਧਿਕਾਰੀਆਂ ਦੀ ਭੂਮਿਕਾ ਅਤੇ ਕਾਨੂੰਨ-ਵਿਵਸਥਾ ਨਾਲ ਜੁੜੇ ਮੁੱਦਿਆਂ ਨੂੰ ਕੇਂਦਰ ਵਿੱਚ ਲਿਆ ਦਿੱਤਾ ਹੈ। ਹਾਲਾਂਕਿ, ਮਜੀਠੀਆ ਵੱਲੋਂ ਲਗਾਏ ਗਏ ਦੋਸ਼ਾਂ ਦੀ ਕਾਨੂੰਨੀ ਪੁਸ਼ਟੀ ਹੋਣਾ ਅਜੇ ਬਾਕੀ ਹੈ ਅਤੇ ਸਰਕਾਰ ਜਾਂ ਸਬੰਧਤ ਅਧਿਕਾਰੀਆਂ ਵੱਲੋਂ ਇਨ੍ਹਾਂ ਦੋਸ਼ਾਂ 'ਤੇ ਆਪਣਾ ਪੱਖ ਰੱਖਿਆ ਜਾਣਾ ਬਾਕੀ ਹੈ।

# ਪੰਜਾਬ ਚੋਣਾਂ ਤੋਂ ਪਹਿਲਾਂ 'ਵਾਰਿਸ ਪੰਜਾਬ ਦੇ' ਦਾ ਵੱਡਾ ਐਲਾਨ, 15 ਸਤੰਬਰ ਤੱਕ 50-60 ਉਮੀਦਵਾਰਾਂ ਦੇ ਨਾਵਾਂ ਦਾ ਹੋਵੇਗਾ ਖੁਲਾਸਾ

### ਤਰਸੇਮ ਸਿੰਘ ਖਾਲਸਾ ਨੇ ਭੀਖੀ 'ਚ ਦੱਸਿਆ ਪਾਰਟੀ ਦਾ ਚੋਣੀ ਪਲਾਨ; ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਔਲਖ 'ਵਾਰਿਸ ਪੰਜਾਬ ਦੇ' 'ਚ ਸ਼ਾਮਲ




ਆਉਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਨੂੰ ਲੈ ਕੇ 'ਅਕਾਲੀ ਦਲ (ਵਾਰਿਸ ਪੰਜਾਬ ਦੇ)' ਨੇ ਆਪਣੀ ਚੋਣੀ ਤਿਆਰੀ ਤੇਜ਼ ਕਰ ਦਿੱਤੀ ਹੈ। ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਖਾਲਸਾ ਨੇ ਮਾਨਸਾ ਜ਼ਿਲ੍ਹੇ ਦੇ ਭੀਖੀ ਵਿੱਚ ਇੱਕ ਪ੍ਰੋਗਰਾਮ ਦੌਰਾਨ ਪਾਰਟੀ ਦੀ ਚੋਣੀ ਰਣਨੀਤੀ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਪਾਰਟੀ ਇੱਕ ਮਹੀਨੇ ਤੋਂ ਵੀ ਘੱਟ ਸਮੇਂ ਵਿੱਚ ਵਿਧਾਨ ਸਭਾ ਚੋਣਾਂ ਲਈ ਆਪਣੇ ਕਰੀਬ ਅੱਧੇ ਉਮੀਦਵਾਰਾਂ ਦਾ ਐਲਾਨ ਕਰ ਦੇਵੇਗੀ।

ਤਰਸੇਮ ਸਿੰਘ ਨੇ ਕਿਹਾ ਕਿ ਪਾਰਟੀ ਨੇ ਉਮੀਦਵਾਰਾਂ ਦੀ ਚੋਣ ਲਈ ਪਹਿਲਾਂ ਹੀ ਪੰਜ ਮੈਂਬਰੀ ਕਮੇਟੀ ਦਾ ਗਠਨ ਕਰ ਦਿੱਤਾ ਹੈ। ਇਸ ਕਮੇਟੀ ਵੱਲੋਂ ਉਮੀਦਵਾਰਾਂ ਦੀ ਚੋਣ ਲਈ ਵੱਖ-ਵੱਖ ਹਲਕਿਆਂ ਵਿੱਚ ਪਾਰਟੀ ਦੀ ਕਾਰਗੁਜ਼ਾਰੀ ਅਤੇ ਹਲਕਾ ਇੰਚਾਰਜਾਂ ਦੀ ਸਰਗਰਮੀ ਨੂੰ ਧਿਆਨ ਵਿੱਚ ਰੱਖਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਜਿਹੜੇ ਹਲਕਾ ਇੰਚਾਰਜ ਪਾਰਟੀ ਵੱਲੋਂ ਤੈਅ ਕੀਤੀਆਂ ਸ਼ਰਤਾਂ ਨੂੰ ਪੂਰਾ ਕਰਦੇ ਹਨ ਅਤੇ ਜਿਨ੍ਹਾਂ ਨੇ ਆਪਣੇ ਖੇਤਰ ਵਿੱਚ ਚੰਗਾ ਕੰਮ ਕੀਤਾ ਹੈ, ਉਨ੍ਹਾਂ ਨੂੰ ਵਿਧਾਨ ਸਭਾ ਚੋਣਾਂ ਲਈ ਟਿਕਟਾਂ ਦਿੱਤੀਆਂ ਜਾਣਗੀਆਂ। ਉਨ੍ਹਾਂ ਦੇ ਮੁਤਾਬਕ ਪਾਰਟੀ ਇਸ ਮਹੀਨੇ ਜਾਂ ਵੱਧ ਤੋਂ ਵੱਧ 15 ਸਤੰਬਰ ਤੱਕ 50 ਤੋਂ 60 ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕਰ ਸਕਦੀ ਹੈ।

**ਅੰਮ੍ਰਿਤਪਾਲ ਸਿੰਘ ਦੇ ਚੋਣ ਲੜਨ ਨੂੰ ਲੈ ਕੇ ਵੀ ਸਪੱਸ਼ਟਤਾ ਨਹੀਂ**

ਅੰਮ੍ਰਿਤਪਾਲ ਸਿੰਘ ਦੇ ਬਠਿੰਡਾ ਜ਼ਿਲ੍ਹੇ ਦੇ ਤਲਵੰਡੀ ਸਾਬੋ ਵਿਧਾਨ ਸਭਾ ਹਲਕੇ ਤੋਂ ਚੋਣ ਲੜਨ ਦੀਆਂ ਚਰਚਾਵਾਂ ਬਾਰੇ ਪੁੱਛੇ ਜਾਣ 'ਤੇ ਤਰਸੇਮ ਸਿੰਘ ਖਾਲਸਾ ਨੇ ਕਿਹਾ ਕਿ ਇਸ ਬਾਰੇ ਅਜੇ ਪਾਰਟੀ ਵੱਲੋਂ ਕੋਈ ਅੰਤਿਮ ਫ਼ੈਸਲਾ ਨਹੀਂ ਲਿਆ ਗਿਆ।

ਉਨ੍ਹਾਂ ਕਿਹਾ ਕਿ ਅੰਮ੍ਰਿਤਪਾਲ ਸਿੰਘ ਨੂੰ ਕਿਸ ਵਿਧਾਨ ਸਭਾ ਹਲਕੇ ਤੋਂ ਚੋਣ ਮੈਦਾਨ ਵਿੱਚ ਉਤਾਰਿਆ ਜਾਵੇਗਾ, ਇਹ ਫ਼ੈਸਲਾ ਪਾਰਟੀ ਵੱਲੋਂ ਹੀ ਕੀਤਾ ਜਾਣਾ ਹੈ। ਇਸ ਤਰ੍ਹਾਂ ਅੰਮ੍ਰਿਤਪਾਲ ਸਿੰਘ ਦੀ ਸੰਭਾਵਿਤ ਵਿਧਾਨ ਸਭਾ ਚੋਣ ਨੂੰ ਲੈ ਕੇ ਚੱਲ ਰਹੀਆਂ ਚਰਚਾਵਾਂ 'ਤੇ ਹਾਲੇ ਅੰਤਿਮ ਮੋਹਰ ਨਹੀਂ ਲੱਗੀ ਹੈ।

**ਪੰਜਾਬ ਲਈ ਪੰਥਕ ਏਕਤਾ ਦੀ ਕੀਤੀ ਅਪੀਲ**

ਤਰਸੇਮ ਸਿੰਘ ਖਾਲਸਾ ਨੇ ਪੰਜਾਬ ਨੂੰ ਮੁੜ ਸੁਰਜੀਤ ਕਰਨ ਲਈ ਪੰਥਕ ਏਕਤਾ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਸਿੱਖ ਆਗੂਆਂ ਅਤੇ ਵੱਖ-ਵੱਖ ਪੰਥਕ ਧਿਰਾਂ ਨੂੰ ਇੱਕ ਸਾਂਝੇ ਮੰਚ 'ਤੇ ਆਉਣ ਦੀ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਦੇ ਹਿੱਤਾਂ ਲਈ ਇਕਜੁੱਟ ਹੋ ਕੇ ਕੰਮ ਕਰਨ ਦੀ ਲੋੜ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਨਾਲ ਜੁੜੇ ਵੱਖ-ਵੱਖ ਮੁੱਦਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਉਠਾਉਣ ਲਈ ਪੰਥਕ ਧਿਰਾਂ ਵਿਚਕਾਰ ਏਕਤਾ ਮਹੱਤਵਪੂਰਨ ਹੈ। ਇਸ ਦੇ ਨਾਲ ਹੀ ਉਨ੍ਹਾਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਪਾਰਟੀ ਦੀਆਂ ਤਿਆਰੀਆਂ ਦਾ ਵੀ ਜ਼ਿਕਰ ਕੀਤਾ।

**ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਔਲਖ ਨੇ ਫੜਿਆ 'ਵਾਰਿਸ ਪੰਜਾਬ ਦੇ' ਦਾ ਪੱਲਾ**

ਇਸ ਦੌਰਾਨ ਮਾਨਸਾ ਦੇ ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਔਲਖ ਅੱਜ 'ਅਕਾਲੀ ਦਲ (ਵਾਰਿਸ ਪੰਜਾਬ ਦੇ)' ਵਿੱਚ ਸ਼ਾਮਲ ਹੋ ਗਏ। ਉਨ੍ਹਾਂ ਦੇ ਪਾਰਟੀ ਵਿੱਚ ਸ਼ਾਮਲ ਹੋਣ ਨੂੰ ਮਾਨਸਾ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਪਾਰਟੀ ਦੀ ਸਿਆਸੀ ਸਰਗਰਮੀ ਵਧਾਉਣ ਦੇ ਤੌਰ 'ਤੇ ਦੇਖਿਆ ਜਾ ਰਿਹਾ ਹੈ।

ਸੁਖਵਿੰਦਰ ਸਿੰਘ ਔਲਖ 1997 ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ ਮਾਨਸਾ ਤੋਂ ਵਿਧਾਇਕ ਚੁਣੇ ਗਏ ਸਨ। ਇਸ ਤੋਂ ਬਾਅਦ ਉਨ੍ਹਾਂ ਨੇ ਪੰਜਾਬ ਸਰਕਾਰ ਨਾਲ ਜੁੜੇ ਅਦਾਰੇ ਪਨਸੀਡ ਦੇ ਚੇਅਰਮੈਨ ਵਜੋਂ ਵੀ ਸੇਵਾ ਨਿਭਾਈ।

ਔਲਖ ਬਾਅਦ ਵਿੱਚ 'ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ)' ਨਾਲ ਜੁੜੇ ਹੋਏ ਸਨ। ਹੁਣ ਉਨ੍ਹਾਂ ਨੇ 'ਅਕਾਲੀ ਦਲ (ਵਾਰਿਸ ਪੰਜਾਬ ਦੇ)' ਵਿੱਚ ਸ਼ਾਮਲ ਹੋ ਕੇ ਆਪਣੀ ਸਿਆਸੀ ਸਰਗਰਮੀ ਨੂੰ ਨਵੀਂ ਦਿਸ਼ਾ ਦਿੱਤੀ ਹੈ।

'ਅਕਾਲੀ ਦਲ (ਵਾਰਿਸ ਪੰਜਾਬ ਦੇ)' ਵੱਲੋਂ 15 ਸਤੰਬਰ ਤੱਕ 50 ਤੋਂ 60 ਉਮੀਦਵਾਰਾਂ ਦੇ ਐਲਾਨ ਅਤੇ ਪਾਰਟੀ ਵਿੱਚ ਸਾਬਕਾ ਵਿਧਾਇਕ ਦੀ ਸ਼ਮੂਲੀਅਤ ਤੋਂ ਬਾਅਦ ਪੰਜਾਬ ਦੀ ਸਿਆਸਤ ਵਿੱਚ ਇਸ ਧਿਰ ਦੀਆਂ ਚੋਣੀ ਤਿਆਰੀਆਂ ਨੂੰ ਲੈ ਕੇ ਚਰਚਾ ਹੋਰ ਤੇਜ਼ ਹੋ ਗਈ ਹੈ।

# ਜੇਲ੍ਹ 'ਚ ਬੰਦ 'ਆਪ' ਵਿਧਾਇਕ ਨੂੰ ਮਿਲਣ ਪਹੁੰਚੇ ਕੇਜਰੀਵਾਲ ਤੇ ਭਗਵੰਤ ਮਾਨ, ਵਡੋਦਰਾ ਜੇਲ੍ਹ 'ਚ ਕੀਤੀ ਮੁਲਾਕਾਤ

### ਗੁਜਰਾਤ ਦੇ ਡੇਡੀਆਪਾੜਾ ਤੋਂ ਵਿਧਾਇਕ ਚੈਤਰ ਵਸਾਵਾ ਨਾਲ ਜੇਲ੍ਹ ਵਿੱਚ ਮੁਲਾਕਾਤ; 2023 ਦੇ ਮਾਮਲੇ 'ਚ ਅਦਾਲਤ ਨੇ ਸੁਣਾਈ ਹੈ ਸੱਤ ਸਾਲ ਦੀ ਸਜ਼ਾ



ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਮੰਗਲਵਾਰ ਨੂੰ ਗੁਜਰਾਤ ਦੀ ਵਡੋਦਰਾ ਸੈਂਟਰਲ ਜੇਲ੍ਹਿ ਵੱਚ ਬੰਦ ਪਾਰਟੀ ਦੇ ਵਿਧਾਇਕ ਅਤੇ ਆਦਿਵਾਸੀ ਆਗੂ ਚੈਤਰ ਵਸਾਵਾ ਨਾਲ ਮੁਲਾਕਾਤ ਕੀਤੀ। ਦੋਵੇਂ ਆਗੂ ਸੋਮਵਾਰ ਨੂੰ ਵਡੋਦਰਾ ਪਹੁੰਚੇ ਸਨ ਅਤੇ ਮੰਗਲਵਾਰ ਨੂੰ ਦੁਪਿਹਰ ਵੇਲੇ ਜੇਲ੍ਹਿ ਵੱਚ ਵਸਾਵਾ ਨਾਲ ਮੁਲਾਕਾਤ ਕਰਨ ਤੋਂ ਬਾਅਦ ਉੱਥੋਂ ਰਵਾਨਾ ਹੋ ਗਏ।

ਸੂਤਰਾਂ ਮੁਤਾਬਕ ਕੇਜਰੀਵਾਲ ਅਤੇ ਭਗਵੰਤ ਮਾਨ ਨੇ ਜੇਲ੍ਹ ਵਿੱਚ ਚੈਤਰ ਵਸਾਵਾ ਨਾਲ ਮੁਲਾਕਾਤ ਕੀਤੀ, ਪਰ ਮੁਲਾਕਾਤ ਤੋਂ ਬਾਅਦ ਦੋਵਾਂ ਆਗੂਆਂ ਨੇਂ ਇਸ ਸਬੰਧੀ ਕੋਈ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਨਹੀਂ ਕੀਤੀ। ਜੇਲ੍ਹ ਤੋਂ ਬਾਹਰ ਆਉਣ ਮਗਰੋਂ ਉਨ੍ਹਾਂ ਨੇ ਮਾਮਲੇ ਬਾਰੇ ਕੋਈ ਟਿੱਪਣੀ ਕਰਨ ਤੋਂ ਵੀਂ ਇਨਕਾਰ ਕਰ ਦਿੱਤਾ।

**ਡੇਡੀਆਪਾੜਾ ਤੋਂ 'ਆਪ' ਦੇ ਵਿਧਾਇਕ ਹਨ ਚੈਤਰ ਵਸਾਵਾ**

ਚੈਤਰ ਵਸਾਵਾ ਗੁਜਰਾਤ ਦੇ ਨਰਮਦਾ ਜ਼ਿਲ੍ਹੇ ਦੇ ਡੇਡੀਆਪਾੜਾਂ ਵਧਾਨ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਹਨ। ਉਹ ਆਦਿਵਾਸੀ ਭਾਈਚਾਰੇ ਨਾਲ ਸਬੰਧਤ ਪ੍ਰਮੁੱਖ ਸਿਆਸੀ ਆਗੂਆਂ ਵਿੱਚੋਂ ਇੱਕ ਹਨ ਅਤੇ ਗੁਜਰਾਤ ਦੀਂ ਸਆਸਤ ਵਿੱਚ ਆਮ ਆਦਮੀ ਪਾਰਟੀ ਦੀ ਨੁਮਾਇੰਦਗੀ ਕਰਦੇ ਹਨ।

ਵਸਾਵਾ ਇਸ ਸਮੇਂ ਵਡੋਦਰਾ ਸੈਂਟਰਲ ਜੇਲ੍ਹ ਵਿੱਚ ਬੰਦ ਹਨ। ਉਨ੍ਹਾਂ ਨਾਲ ਮੁਲਾਕਾਤ ਲਈ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਦਾ ਜੇਲ੍ਹ ਪਹੁੰਚਣਾ ਪਾਰਟੀ ਦੇ ਪੱਧਰ 'ਤੇ ਵੀ ਅਿਹਮ ਮੰਿਨਆ ਜਾ ਰਿਹਾ ਹੈ।

**2023 ਦੇ ਮਾਮਲੇ 'ਚ ਸੁਣਾਈ ਗਈ ਸੱਤ ਸਾਲ ਦੀ ਸਜ਼ਾ**

ਚੈਤਰ ਵਸਾਵਾ ਨੂੰ 2023 ਵਿੱਚ ਦਰਜ ਕੀਤੇ ਗਏ ਇੱਕ ਮਾਮਲੇ ਵਿੱਚ ਰਾਜਪੀਪਲਾ ਦੀ ਸੈਸ਼ਨ ਅਦਾਲਤ ਨੇ ਜੂਨ ਮਹੀਨੇ ਸੱਤ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਸੀ। ਇਹ ਮਾਮਲਾ ਕਿਥਤ ਤੌਰ 'ਤੇ ਜੰਗਲਾਤਂ ਵਭਾਗ ਦੇ ਅਧਿਕਾਰੀਆਂ 'ਤੇ ਹਮਲਾ ਕਰਨ ਅਤੇ ਜਬਰੀ ਵਸੂਲੀ ਨਾਲ ਸਬੰਧਤ ਹੈ।

ਅਦਾਲਤ ਨੇਂ ਇਸ ਮਾਮਲੇ ਵਿੱਚ ਚੈਤਰ ਵਸਾਵਾ ਦੀ ਪਤਨੀ ਸਮੇਤ ਸੱਤ ਹੋਰ ਵਿਅਕਤੀਆਂ ਨੂੰ ਵੀ ਦੋਸ਼ੀ ਠਿਹਰਾਇਆ ਸੀ। ਮਾਮਲੇ ਵਿੱਚ ਲੱਗੇ ਦੋਸ਼ਾਂ ਦੇ ਆਧਾਰ 'ਤੇ ਅਦਾਲਤ ਵੱਲੋਂ ਸਜ਼ਾ ਸੁਣਾਏ ਜਾਣ ਤੋਂ ਬਾਅਦ ਵਸਾਵਾ ਜੇਲ੍ਹ ਵਿੱਚ ਹਨ।

**ਮੁਲਾਕਾਤ ਨੂੰ ਲੈ ਕੇ ਸਿਆਸੀ ਚਰਚਾ**

ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਵੱਲੋਂ ਜੇਲ੍ਹਿ ਵੱਚ ਬੰਦ ਆਪਣੇ ਵਿਧਾਇਕ ਨਾਲ ਕੀਤੀ ਗਈ ਮੁਲਾਕਾਤ ਨੂੰ ਗੁਜਰਾਤ ਦੀ ਸਿਆਸਤ ਵਿੱਚ ਵੀ ਅਹਿਮ ਮੰਨਿਆ ਜਾ ਰਿਹਾ ਹੈ। ਦੋਵੇਂ ਆਗੂਆਂ ਨੇ ਵਡੋਦਰਾ ਪਹੁੰਚਣ ਤੋਂ ਬਾਅਦ ਵਸਾਵਾ ਨਾਲ ਮੁਲਾਕਾਤ ਕੀਤੀ ਅਤੇਂ ਇਸ ਤੋਂ ਬਾਅਦ ਉੱਥੋਂ ਰਵਾਨਾ ਹੋ ਗਏ।

ਹਾਲਕਿ, ਮੁਲਾਕਾਤ ਦੌਰਾਨ ਕੀਤੀ ਗਈ ਗੱਲਬਾਤ ਜਾਂ ਵਸਾਵਾ ਦੀ ਮੌਜੂਦਾ ਸਿਥਤੀ ਬਾਰੇ ਕੇਜਰੀਵਾਲ ਅਤੇ ਭਗਵੰਤ ਮਾਨ ਵੱਲੋਂ ਅਜੇ ਤੱਕ ਕੋਈ ਵਿਸਥਾਰਤ ਜਾਣਕਾਰੀ ਜਨਤਕ ਨਹੀਂ ਕੀਤੀ ਗਈ ਹੈ।

# ਧੂਰੀ 'ਚ ਮਾਨ ਬਨਾਮ ਅੰਮ੍ਰਿਤਪਾਲ? 'ਵਾਰਿਸ ਪੰਜਾਬ ਦੇ' ਵੱਲੋਂ ਵੱਡੇ ਚੋਣ ਮੁਕਾਬਲੇ ਦੀ ਤਿਆਰੀ

### ਅੰਮ੍ਰਿਤਪਾਲ ਸਿੰਘ ਦੇ ਭਗਵੰਤ ਮਾਨ ਖ਼ਿਲਾਫ਼ ਮੈਦਾਨ 'ਚ ਉਤਰਨ ਦੀ ਚਰਚਾ ਤੇਜ਼; ਤਲਵੰਡੀ ਸਾਬੋ ਅਤੇ ਰਾਮਪੁਰਾ ਫੂਲ ਦੇ ਵਿਕਲਪਾਂ 'ਤੇ ਵੀ ਹੋਵੇਗਾ ਵਿਚਾਰ



ਪੰਜਾਬ ਦੀ ਅਗਲੀ ਵਿਧਾਨ ਸਭਾ ਚੋਣ ਨੂੰ ਲੈ ਕੇ ਸਿਆਸੀ ਸਰਗਰਮੀਆਂ ਤੇਜ਼ ਹੋਣ ਲੱਗੀਆਂ ਹਨ। ਇਸੇ ਦੌਰਾਨ 'ਅਕਾਲੀ ਦਲ ਵਾਰਿਸ ਪੰਜਾਬ ਦੇ' ਵੱਲੋਂ ਇੱਕ ਵੱਡੇ ਚੋਣ ਮੁਕਾਬਲੇ ਦੀ ਤਿਆਰੀ ਕੀਤੇ ਜਾਣ ਦੀਆਂ ਚਰਚਾਵਾਂ ਨੇ ਸਿਆਸੀ ਮਾਹੌਲ ਗਰਮਾ ਦਿੱਤਾ ਹੈ। ਸਭ ਤੋਂ ਵੱਧ ਚਰਚਾ ਇਸ ਗੱਲ ਦੀ ਹੈ ਕਿ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਧੂਰੀ ਵਿਧਾਨ ਸਭਾ ਹਲਕੇ ਤੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਖ਼ਿਲਾਫ਼ ਚੋਣ ਮੈਦਾਨ ਵਿੱਚ ਉਤਰ ਸਕਦੇ ਹਨ।

ਪਾਰਟੀ ਨਾਲ ਜੁੜੇ ਅੰਦਰੂਨੀ ਸੂਤਰਾਂ ਮੁਤਾਬਕ ਅੰਮ੍ਰਿਤਪਾਲ ਸਿੰਘ ਨੇ ਖਡੂਰ ਸਾਹਿਬ ਤੋਂ ਇਲਾਵਾ ਧੂਰੀ ਤੋਂ ਵਿਧਾਨ ਸਭਾ ਚੋਣ ਲੜਨ ਵਿੱਚ ਦਿਲਚਸਪੀ ਦਿਖਾਈ ਹੈ। ਹਾਲਾਂਕਿ ਤਲਵੰਡੀ ਸਾਬੋ ਅਤੇ ਰਾਮਪੁਰਾ ਫੂਲ ਨੂੰ ਵੀ ਸੰਭਾਵਿਤ ਹਲਕਿਆਂ ਵਜੋਂ ਵਿਚਾਰਿਆ ਜਾ ਰਿਹਾ ਹੈ। ਪਾਰਟੀ ਵੱਲੋਂ ਅੰਤਿਮ ਫ਼ੈਸਲਾ ਵਿਚਾਰ-ਵਟਾਂਦਰੇ ਤੋਂ ਬਾਅਦ ਲਿਆ ਜਾਵੇਗਾ।

**ਤਲਵੰਡੀ ਸਾਬੋ, ਰਾਮਪੁਰਾ ਫੂਲ ਤੇ ਧੂਰੀ 'ਤੇ ਵਿਚਾਰ**

ਕੋਟਕਪੂਰਾ ਤੋਂ ਪਾਰਟੀ ਦੇ ਉਮੀਦਵਾਰ ਰਛਪਾਲ ਸਿੰਘ ਸੋਸਾਂ ਨੇ ਵੀ ਅੰਮ੍ਰਿਤਪਾਲ ਸਿੰਘ ਦੇ ਧੂਰੀ ਤੋਂ ਚੋਣ ਲੜਨ ਦੀਆਂ ਚਰਚਾਵਾਂ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਪਾਰਟੀ ਵੱਲੋਂ ਸਾਰੇ ਵਿਕਲਪਾਂ 'ਤੇ ਵਿਚਾਰ ਕੀਤਾ ਜਾ ਰਿਹਾ ਹੈ।

ਉਨ੍ਹਾਂ ਮੁਤਾਬਕ ਪਾਰਟੀ ਦੀ ਮੀਟਿੰਗ ਵਿੱਚ ਤਲਵੰਡੀ ਸਾਬੋ, ਰਾਮਪੁਰਾ ਫੂਲ ਅਤੇ ਧੂਰੀ ਸਮੇਤ ਵੱਖ-ਵੱਖ ਹਲਕਿਆਂ ਬਾਰੇ ਵਿਚਾਰ ਕੀਤਾ ਜਾਵੇਗਾ। ਮੀਟਿੰਗ ਤੋਂ ਬਾਅਦ ਤਿਆਰ ਕੀਤੇ ਜਾਣ ਵਾਲੇ ਰਸਮੀ ਪ੍ਰਸਤਾਵ ਨੂੰ ਅੰਮ੍ਰਿਤਪਾਲ ਸਿੰਘ ਦੀ ਮਨਜ਼ੂਰੀ ਲਈ ਭੇਜਿਆ ਜਾਵੇਗਾ।

ਰਛਪਾਲ ਸਿੰਘ ਸੋਸਾਂ ਨੇ ਕਿਹਾ ਕਿ ਪਾਰਟੀ ਨੇ ਵੱਡੇ ਸਿਆਸੀ ਚਿਹਰਿਆਂ ਨੂੰ ਉਨ੍ਹਾਂ ਦੇ ਆਪਣੇ ਗੜ੍ਹਾਂ ਵਿੱਚ ਚੁਣੌਤੀ ਦੇਣ ਦੀ ਰਣਨੀਤੀ ਬਣਾਈ ਹੈ। ਇਸ ਤਹਿਤ 'ਵਾਰਿਸ ਪੰਜਾਬ ਦੇ' ਦੇ ਪ੍ਰਮੁੱਖ ਆਗੂਆਂ ਅਤੇ ਚਿਹਰਿਆਂ ਨੂੰ ਹੋਰ ਪਾਰਟੀਆਂ ਦੇ ਵੱਡੇ ਉਮੀਦਵਾਰਾਂ ਦੇ ਮੁਕਾਬਲੇ ਮੈਦਾਨ ਵਿੱਚ ਉਤਾਰਨ ਦੀ ਯੋਜਨਾ ਬਣਾਈ ਜਾ ਰਹੀ ਹੈ।

**ਧੂਰੀ 'ਚ ਹੋ ਸਕਦਾ ਹੈ ਵੱਡਾ ਸਿਆਸੀ ਮੁਕਾਬਲਾ**

ਧੂਰੀ ਨੂੰ ਇਸ ਸਮੇਂ ਸੱਤਾਧਾਰੀ ਆਮ ਆਦਮੀ ਪਾਰਟੀ ਦਾ ਮਹੱਤਵਪੂਰਨ ਸਿਆਸੀ ਗੜ੍ਹ ਮੰਨਿਆ ਜਾਂਦਾ ਹੈ। ਮੁੱਖ ਮੰਤਰੀ ਭਗਵੰਤ ਮਾਨ ਇਸ ਹਲਕੇ ਦੀ ਨੁਮਾਇੰਦਗੀ ਕਰਦੇ ਹਨ ਅਤੇ ਉਨ੍ਹਾਂ ਦੇ ਕਾਰਜਕਾਲ ਦੌਰਾਨ ਧੂਰੀ ਵਿੱਚ ਕਈ ਵਿਕਾਸ ਕਾਰਜਾਂ ਅਤੇ ਬੁਨਿਆਦੀ ਢਾਂਚੇ ਨਾਲ ਜੁੜੇ ਪ੍ਰਾਜੈਕਟਾਂ ਨੂੰ ਅੱਗੇ ਵਧਾਉਣ ਦਾ ਦਾਅਵਾ ਕੀਤਾ ਗਿਆ ਹੈ।

ਇਸੇ ਕਰਕੇ ਜੇਕਰ ਅੰਮ੍ਰਿਤਪਾਲ ਸਿੰਘ ਨੂੰ ਧੂਰੀ ਤੋਂ ਚੋਣ ਮੈਦਾਨ ਵਿੱਚ ਉਤਾਰਨ ਦਾ ਫ਼ੈਸਲਾ ਹੁੰਦਾ ਹੈ ਤਾਂ ਇਹ ਮੁਕਾਬਲਾ ਪੰਜਾਬ ਦੀਆਂ ਸਭ ਤੋਂ ਚਰਚਿਤ ਵਿਧਾਨ ਸਭਾ ਸੀਟਾਂ ਵਿੱਚੋਂ ਇੱਕ ਬਣ ਸਕਦਾ ਹੈ। ਹਾਲਾਂਕਿ ਅਜੇ ਤੱਕ ਅੰਮ੍ਰਿਤਪਾਲ ਸਿੰਘ ਦੀ ਧੂਰੀ ਤੋਂ ਉਮੀਦਵਾਰੀ ਬਾਰੇ ਕੋਈ ਅੰਤਿਮ ਐਲਾਨ ਨਹੀਂ ਕੀਤਾ ਗਿਆ ਹੈ।

**'ਵਾਰਿਸ ਪੰਜਾਬ ਦੇ' ਨੇ ਛੇ ਉਮੀਦਵਾਰਾਂ ਦਾ ਕੀਤਾ ਐਲਾਨ**

ਇਸ ਦੌਰਾਨ 'ਅਕਾਲੀ ਦਲ ਵਾਰਿਸ ਪੰਜਾਬ ਦੇ' ਵੱਲੋਂ ਹੁਣ ਤੱਕ ਛੇ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕੀਤੇ ਜਾਣ ਦੀ ਜਾਣਕਾਰੀ ਸਾਹਮਣੇ ਆਈ ਹੈ। ਪਾਰਟੀ ਦੇ ਬੁਲਾਰੇ ਸ਼ਮਸ਼ੇਰ ਸਿੰਘ ਪਧਰੀ ਮੁਤਾਬਕ ਅੰਮ੍ਰਿਤਪਾਲ ਸਿੰਘ ਦੇ ਪਿਤਾ ਅਤੇ ਸੰਸਦੀ ਬੋਰਡ ਦੇ ਚੇਅਰਮੈਨ ਤਰਸੇਮ ਸਿੰਘ ਵੱਲੋਂ ਗੁਰਮੀਤ ਸਿੰਘ ਬੁੱਕਣਵਾਲਾ ਨੂੰ ਮੋਗਾ ਅਤੇ ਦਲਜੀਤ ਸਿੰਘ ਕਲਸੀ ਨੂੰ ਅਜਨਾਲਾ ਤੋਂ ਉਮੀਦਵਾਰ ਐਲਾਨਿਆ ਗਿਆ ਹੈ।

ਦੋਵੇਂ ਉਮੀਦਵਾਰ ਇਸ ਸਮੇਂ ਜੇਲ੍ਹ ਵਿੱਚ ਬੰਦ ਹਨ। ਗੁਰਮੀਤ ਸਿੰਘ ਬੁੱਕਣਵਾਲਾ ਨੂੰ 2023 ਦੇ ਅਜਨਾਲਾ ਮਾਮਲੇ ਵਿੱਚ ਗ੍ਰਿਫ਼ਤਾਰੀ ਤੋਂ ਬਾਅਦ ਡਿਬਰੂਗੜ੍ਹ ਜੇਲ੍ਹ ਵਿੱਚ ਲਗਭਗ ਦੋ ਸਾਲ ਬਿਤਾਉਣ ਮਗਰੋਂ ਬਠਿੰਡਾ ਕੇਂਦਰੀ ਜੇਲ੍ਹ ਵਿੱਚ ਰੱਖਿਆ ਗਿਆ ਹੈ।

**ਇਨ੍ਹਾਂ ਆਗੂਆਂ ਨੂੰ ਵੀ ਮਿਲੀ ਟਿਕਟ**

ਪਾਰਟੀ ਵੱਲੋਂ ਐਲਾਨੇ ਹੋਰ ਉਮੀਦਵਾਰਾਂ ਵਿੱਚ ਗਿੱਲ ਵਿਧਾਨ ਸਭਾ ਹਲਕੇ ਤੋਂ ਸਾਬਕਾ ਅਕਾਲੀ ਵਿਧਾਇਕ ਦਰਸ਼ਨ ਸਿੰਘ ਸ਼ਿਵਾਲਿਕ, ਕਪੂਰਥਲਾ ਤੋਂ ਜਗਜੀਤ ਸਿੰਘ ਬਾਬਾ ਅਤੇ ਕੋਟਕਪੂਰਾ ਤੋਂ ਪੱਤਰਕਾਰ ਤੇ ਸਿਆਸੀ ਆਗੂ ਰਛਪਾਲ ਸਿੰਘ ਸੋਸਾਂ ਸ਼ਾਮਲ ਹਨ।

ਇਸ ਤੋਂ ਪਹਿਲਾਂ ਪਾਰਟੀ ਨੇ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਦੀ ਸਾਜ਼ਿਸ਼ ਦੇ ਮਾਮਲੇ ਵਿੱਚ ਦੋਸ਼ੀ ਠਹਿਰਾਏ ਗਏ ਕੇਹਰ ਸਿੰਘ ਦੇ ਪੁੱਤਰ ਸਤਵੰਤ ਸਿੰਘ ਨੂੰ ਬੱਸੀ ਪਠਾਣਾ ਤੋਂ ਉਮੀਦਵਾਰ ਐਲਾਨਿਆ ਸੀ।

ਇਸ ਤੋਂ ਇਲਾਵਾ ਦਾਖਾ ਤੋਂ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਵੱਲੋਂ ਆਪਣੀ ਵਿਧਾਨ ਸਭਾ ਸੀਟ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੀ ਪਤਨੀ ਪਰਮਜੀਤ ਕੌਰ ਖਾਲੜਾ ਲਈ ਛੱਡਣ ਦੀ ਪੇਸ਼ਕਸ਼ ਕੀਤੇ ਜਾਣ ਦੀ ਗੱਲ ਵੀ ਸਾਹਮਣੇ ਆਈ ਹੈ।

ਆਉਣ ਵਾਲੇ ਦਿਨਾਂ ਵਿੱਚ ਜੇਕਰ 'ਵਾਰਿਸ ਪੰਜਾਬ ਦੇ' ਵੱਲੋਂ ਅੰਮ੍ਰਿਤਪਾਲ ਸਿੰਘ ਨੂੰ ਧੂਰੀ ਤੋਂ ਅਧਿਕਾਰਤ ਤੌਰ 'ਤੇ ਉਮੀਦਵਾਰ ਐਲਾਨ ਦਿੱਤਾ ਜਾਂਦਾ ਹੈ ਤਾਂ ਮੁੱਖ ਮੰਤਰੀ ਭਗਵੰਤ ਮਾਨ ਦੇ ਹਲਕੇ ਵਿੱਚ ਸਿਆਸੀ ਮੁਕਾਬਲਾ ਕਾਫ਼ੀ ਦਿਲਚਸਪ ਹੋ ਸਕਦਾ ਹੈ। ਫਿਲਹਾਲ ਪਾਰਟੀ ਵੱਲੋਂ ਧੂਰੀ, ਤਲਵੰਡੀ ਸਾਬੋ ਅਤੇ ਰਾਮਪੁਰਾ ਫੂਲ ਸਮੇਤ ਸਾਰੇ ਵਿਕਲਪਾਂ 'ਤੇ ਵਿਚਾਰ ਜਾਰੀ ਹੈ ਅਤੇ ਅੰਤਿਮ ਫ਼ੈਸਲਾ ਅੰਮ੍ਰਿਤਪਾਲ ਸਿੰਘ ਦੀ ਮਨਜ਼ੂਰੀ ਤੋਂ ਬਾਅਦ ਹੋਣ ਦੀ ਗੱਲ ਕਹੀ ਜਾ ਰਹੀ ਹੈ।






# ਪੱਗ ਸਜਾ ਕੇ ਅਸਮਾਨ ਛੂਹਣ ਵਾਲਾ 17 ਸਾਲਾ ਕਰਨ ਪ੍ਰਤਾਪ ਸਿੰਘ ਪੰਜਾਬੀਆਂ ਲਈ ਬਣਿਆ ਮਾਣ ਦੀ ਮਿਸਾਲ

ਪੱਗ ਸਿਰ ’ਤੇ ਬੰਨ੍ਹਿਆ ਮਹਿਜ਼ ਇੱਕ ਕੱਪੜਾ ਨਹੀਂ, ਸਗੋਂ ਸਿੱਖ ਦੀ ਪਛਾਣ, ਸਵੈ-ਮਾਣ, ਅਨੁਸ਼ਾਸਨ, ਜ਼ਿੰਮੇਵਾਰੀ, ਆਤਮ-ਵਿਸ਼ਵਾਸ ਅਤੇ ਆਪਣੇ ਵਿਰਸੇ ਨਾਲ ਜੁੜੀ ਮਾਣਮੱਤੀ ਨਿਸ਼ਾਨੀ ਹੈ। ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿੱਚ ਵੱਸਦੇ ਸਿੱਖ ਨੌਜਵਾਨ ਆਪਣੀ ਮਿਹਨਤ, ਕਾਬਲੀਅਤ ਅਤੇ ਹਿੰਮਤ ਨਾਲ ਇਸ ਪਛਾਣ ਨੂੰ ਨਵੀਆਂ ਉਚਾਈਆਂ ਤੱਕ ਲੈ ਕੇ ਜਾ ਰਹੇ ਹਨ। ਸੜਕਾਂ ਤੋਂ ਲੈ ਕੇ ਹਵਾਈ ਜਹਾਜ਼ਾਂ ਦੇ ਕਾਕਪਿਟ ਤੱਕ, ਸੁਰੱਖਿਆ ਸੇਵਾਵਾਂ ਤੋਂ ਪ੍ਰਸ਼ਾਸਨਿਕ ਅਹੁਦਿਆਂ ਤੱਕ ਅਤੇ ਡਾਕਟਰੀ, ਇੰਜਨੀਅਰਿੰਗ, ਵਪਾਰ, ਖੇਡਾਂ ਅਤੇ ਸਿਆਸਤ ਸਮੇਤ ਸ਼ਾਇਦ ਹੀ ਕੋਈ ਅਜਿਹਾ ਖੇਤਰ ਹੋਵੇ, ਜਿੱਥੇ ਪੱਗਧਾਰੀ ਸਿੱਖਾਂ ਨੇ ਆਪਣੀ ਕਾਬਲੀਅਤ ਦੀ ਛਾਪ ਨਾ ਛੱਡੀ ਹੋਵੇ।

ਇਸੇ ਮਾਣਮੱਤੀ ਪਰੰਪਰਾ ਨੂੰ ਹੋਰ ਉੱਚਾ ਚੁੱਕਣ ਵਾਲਾ ਇੱਕ ਨੌਜਵਾਨ ਚਿਹਰਾ ਅੱਜ ਕੈਨੇਡਾ ਦੇ ਅਲਬਰਟਾ ਸੂਬੇ ਵਿੱਚ ਸਿੱਖ ਅਤੇ ਪੰਜਾਬੀ ਭਾਈਚਾਰੇ ਲਈ ਪ੍ਰੇਰਣਾ ਦਾ ਸਰੋਤ ਬਣਿਆ ਹੋਇਆ ਹੈ। 17 ਸਾਲਾ ਕਰਨ ਪ੍ਰਤਾਪ ਸਿੰਘ ਨੇ ਛੋਟੀ ਉਮਰ ਵਿੱਚ ਹੀ ਅਜਿਹੀ ਉਪਲੱਬਧੀ ਹਾਸਲ ਕੀਤੀ ਹੈ, ਜਿਸ ’ਤੇ ਉਸ ਦਾ ਪਰਿਵਾਰ ਹੀ ਨਹੀਂ, ਸਗੋਂ ਪੂਰਾ ਪੰਜਾਬੀ ਅਤੇ ਸਿੱਖ ਭਾਈਚਾਰਾ ਮਾਣ ਮਹਿਸੂਸ ਕਰ ਸਕਦਾ ਹੈ।

ਕਰਨ ਪ੍ਰਤਾਪ ਸਿੰਘ ਨੇ ਪੱਗ ਸਜਾ ਕੇ ਪਾਇਲਟ ਬਣਨ ਦੇ ਆਪਣੇ ਸੁਪਨੇ ਨੂੰ ਹਕੀਕਤ ਵਿੱਚ ਬਦਲ ਦਿੱਤਾ ਹੈ। ਐਡਮਿੰਟਨ ਦੀ ਧਰਤੀ ’ਤੇ ਪੱਗ ਦੀ ਸ਼ਾਨ ਨੂੰ ਅਸਮਾਨ ਦੀਆਂ ਉੱਚਾਈਆਂ ਤੱਕ ਪਹੁੰਚਾਉਣ ਵਾਲੇ ਕਰਨ ਦੀ ਕਹਾਣੀ ਸਿਰਫ਼ ਇੱਕ ਨੌਜਵਾਨ ਦੀ ਨਿੱਜੀ ਸਫਲਤਾ ਨਹੀਂ, ਸਗੋਂ ਉਸ ਸੋਚ ਦੀ ਜਿੱਤ ਵੀ ਹੈ ਜੋ ਇਹ ਸੁਨੇਹਾ ਦਿੰਦੀ ਹੈ ਕਿ ਆਪਣੀ ਪਛਾਣ ਨੂੰ ਮਾਣ ਨਾਲ ਕਾਇਮ ਰੱਖਦਿਆਂ ਵੀ ਦੁਨੀਆ ਦੀ ਕਿਸੇ ਵੀ ਮੰਜ਼ਿਲ ਨੂੰ ਹਾਸਲ ਕੀਤਾ ਜਾ ਸਕਦਾ ਹੈ।

### 14 ਸਾਲ ਦੀ ਉਮਰ ਵਿੱਚ ਕੈਡੇਟ ਪ੍ਰੋਗਰਾਮ ਨਾਲ ਜੁੜਿਆ

ਕਰਨ ਪ੍ਰਤਾਪ ਸਿੰਘ, ਸਤਿੰਦਰ ‘ਸੁਕਰਾਤ’ ਦਾ ਵੱਡਾ ਸਪੁੱਤਰ ਹੈ। ਕਰਨ ਪ੍ਰਤਾਪ ਅਤੇ ਉਸ ਦਾ ਪਰਿਵਾਰ ਕੈਨੇਡਾ ਦੇ ਨਾਗਰਿਕ ਹਨ, ਪਰ ਉਨ੍ਹਾਂ ਦੀਆਂ ਜੜ੍ਹਾਂ ਪੰਜਾਬ ਦੀ ਧਰਤੀ ਨਾਲ ਡੂੰਘੀ ਤਰ੍ਹਾਂ ਜੁੜੀਆਂ ਹੋਈਆਂ ਹਨ। ਕਰਨ ਪ੍ਰਤਾਪ ਦੇ ਦਾਦਾ ਸਾਹਿਤਕਾਰ ਬਲਵਿੰਦਰ ਬਾਲਮ ਗੁਰਦਾਸਪੁਰ ਨਾਲ ਸਬੰਧਤ ਹਨ ਅਤੇ ਗੁਰਦਾਸਪੁਰ ਦੇ ਮੁਹੱਲਾ ਉਂਕਾਰ ਨਗਰ ਨਾਲ ਉਨ੍ਹਾਂ ਦਾ ਨਾਤਾ ਹੈ। ਇਸ ਤਰ੍ਹਾਂ ਪੰਜਾਬੀ ਵਿਰਸੇ ਅਤੇ ਸਾਹਿਤ ਨਾਲ ਜੁੜੀ ਪਰਿਵਾਰਕ ਵਿਰਾਸਤ ਹੁਣ ਅਲਬਰਟਾ ਦੇ ਅਸਮਾਨਾਂ ਵਿੱਚ ਵੀ ਆਪਣੀ ਵੱਖਰੀ ਪਛਾਣ ਬਣਾ ਰਹੀ ਹੈ।

ਕਰਨ ਪ੍ਰਤਾਪ ਦੇ ਪਿਤਾ ਸਤਿੰਦਰ ‘ਸੁਕਰਾਤ’ ਅਨੁਸਾਰ, ਕਰਨ ਨੇ ਮਹਿਜ਼ 14 ਸਾਲ ਦੀ ਉਮਰ ਵਿੱਚ ਕੈਡੇਟ ਪ੍ਰੋਗਰਾਮ ਵਿੱਚ ਦਾਖਲਾ ਲਿਆ ਸੀ। ਕੈਡੇਟ ਵਜੋਂ ਉਸ ਨੇ ਆਪਣੀ ਮਿਹਨਤ, ਅਨੁਸ਼ਾਸਨ, ਜ਼ਿੰਮੇਵਾਰੀ ਅਤੇ ਸ਼ਾਨਦਾਰ ਕਾਰਗੁਜ਼ਾਰੀ ਦੇ ਆਧਾਰ ’ਤੇ ਕਈ ਤਰੱਕੀਆਂ ਹਾਸਲ ਕੀਤੀਆਂ। ਇਸ ਦੌਰਾਨ ਉਸ ਨੇ ਅਗਵਾਈ ਕਰਨ ਦੀਆਂ ਯੋਗਤਾਵਾਂ ਵੀ ਵਿਕਸਤ ਕੀਤੀਆਂ ਅਤੇ ਆਪਣੇ ਪ੍ਰਦਰਸ਼ਨ ਨਾਲ ਵੱਖਰੀ ਪਛਾਣ ਬਣਾਈ।

ਉਸ ਦੀਆਂ ਪ੍ਰਾਪਤੀਆਂ ਅਤੇ ਅਗਵਾਈ ਦੀਆਂ ਯੋਗਤਾਵਾਂ ਨੂੰ ਮਾਨਤਾ ਦਿੰਦਿਆਂ ਉਸ ਨੂੰ ਲਾਰਡ ਸਟ੍ਰੈਥਕੋਨਾ ਮੈਡਲ ਨਾਲ ਵੀ ਸਨਮਾਨਿਤ ਕੀਤਾ ਗਿਆ। ਇਹ ਕੈਨੇਡਾ ਦੇ ਕੈਡੇਟਾਂ ਨੂੰ ਦਿੱਤਾ ਜਾਣ ਵਾਲਾ ਵੱਕਾਰੀ ਸਨਮਾਨ ਹੈ, ਜੋ ਸ਼ਾਨਦਾਰ ਪ੍ਰਦਰਸ਼ਨ, ਅਗਵਾਈ ਅਤੇ ਸਮਰਪਣ ਵਰਗੀਆਂ ਯੋਗਤਾਵਾਂ ਲਈ ਪ੍ਰਦਾਨ ਕੀਤਾ ਜਾਂਦਾ ਹੈ।

### 17 ਸਾਲ ਦੀ ਉਮਰ ਵਿੱਚ ਹਾਸਲ ਕੀਤਾ ਪਾਇਲਟ ਲਾਇਸੈਂਸ

ਕੈਡੇਟ ਸਿਖਲਾਈ ਦੌਰਾਨ ਮਿਲੇ ਤਜਰਬੇ, ਅਨੁਸ਼ਾਸਨ ਅਤੇ ਆਤਮ-ਵਿਸ਼ਵਾਸ ਨੇ ਕਰਨ ਪ੍ਰਤਾਪ ਦੇ ਪਾਇਲਟ ਬਣਨ ਦੇ ਸੁਪਨੇ ਨੂੰ ਹੋਰ ਮਜ਼ਬੂਤ ਕੀਤਾ। ਉਸ ਨੇ ਪਾਇਲਟ ਲਾਇਸੈਂਸ ਲਈ ਲੋੜੀਂਦੇ ਟੈਸਟ ਅਤੇ ਇੰਟਰਵਿਊ ਸਫਲਤਾਪੂਰਵਕ ਪਾਸ ਕੀਤੇ ਅਤੇ ਮਹਿਜ਼ 17 ਸਾਲ ਦੀ ਉਮਰ ਵਿੱਚ ਪਾਇਲਟ ਲਾਇਸੈਂਸ ਹਾਸਲ ਕਰ ਲਿਆ।



ਇਹ ਉਪਲੱਬਧੀ ਇਸ ਲਈ ਵੀ ਖਾਸ ਹੈ ਕਿ ਜਿਸ ਉਮਰ ਵਿੱਚ ਬਹੁਤੇ ਨੌਜਵਾਨ ਆਪਣੇ ਭਵਿੱਖ ਦੀ ਦਿਸ਼ਾ ਬਾਰੇ ਸੋਚਣਾ ਸ਼ੁਰੂ ਕਰ ਰਹੇ ਹੁੰਦੇ ਹਨ, ਉਸ ਉਮਰ ਵਿੱਚ ਕਰਨ ਪ੍ਰਤਾਪ ਨੇ ਆਪਣੇ ਸੁਪਨੇ ਨੂੰ ਉਡਾਣ ਦੇ ਦਿੱਤੀ। ਸਿਰ ’ਤੇ ਪੱਗ, ਹੱਥਾਂ ਵਿੱਚ ਜਹਾਜ਼ ਦੇ ਕੰਟਰੋਲ ਅਤੇ ਅੱਖਾਂ ਵਿੱਚ ਭਵਿੱਖ ਦੇ ਹੋਰ ਵੱਡੇ ਸੁਪਨੇ—ਕਰਨ ਪ੍ਰਤਾਪ ਦੀ ਇਹ ਤਸਵੀਰ ਨਵੀਂ ਪੀੜ੍ਹੀ ਲਈ ਆਪਣੇ ਆਪ ਵਿੱਚ ਇੱਕ ਪ੍ਰੇਰਣਾਦਾਇਕ ਸੁਨੇਹਾ ਹੈ।

ਗੁਰਦਾਸਪੁਰ ਦੀਆਂ ਗਲੀਆਂ ਤੋਂ ਅਲਬਰਟਾ ਦੇ ਅਸਮਾਨ ਤੱਕ ਪਹੁੰਚੀ ਇਹ ਪੱਗ ਮਾਨੋ ਇਹ ਸੁਨੇਹਾ ਦੇ ਰਹੀ ਹੈ ਕਿ ਸਿੱਖ ਦੀ ਪਛਾਣ ਸਿਰ ’ਤੇ ਸਜਦੀ ਹੈ, ਪਰ ਉਸ ਦੀ ਮਿਹਨਤ ਅਤੇ ਕਾਬਲੀਅਤ ਉਸ ਨੂੰ ਅਸਮਾਨਾਂ ਤੱਕ ਲੈ ਕੇ ਜਾ ਸਕਦੀ ਹੈ।

### ਹਵਾਬਾਜ਼ੀ ਦੇ ਨਾਲ ਖੇਡਾਂ ਵਿੱਚ ਵੀ ਮੋਹਰੀ

ਕਰਨ ਪ੍ਰਤਾਪ ਸਿੰਘ ਦੀ ਉਡਾਣ ਸਿਰਫ਼ ਹਵਾਬਾਜ਼ੀ ਤੱਕ ਸੀਮਤ ਨਹੀਂ ਹੈ। ਉਹ ਇੱਕ ਵਧੀਆ ਬਾਸਕਟਬਾਲ ਖਿਡਾਰੀ ਵੀ ਹੈ। ਬਾਸਕਟਬਾਲ ਦੀ ਗੁੜਤੀ ਉਸ ਨੂੰ ਆਪਣੇ ਦਾਦਾ ਬਲਵਿੰਦਰ ਬਾਲਮ ਤੋਂ ਮਿਲੀ ਹੈ। ਬਲਵਿੰਦਰ ਬਾਲਮ ਨੇ ਆਪਣੀ ਜਵਾਨੀ ਦੇ ਖੇਡ ਦਿਨਾਂ ਦੌਰਾਨ ਪ੍ਰੀ-ਏਸ਼ੀਆ ਤੋਂ ਇਲਾਵਾ ਰਾਸ਼ਟਰੀ ਪੱਧਰ ਦੀਆਂ ਖੇਡਾਂ ਵਿੱਚ ਵੀ ਸੋਨੇ ਦੇ ਤਗ਼ਮੇ ਹਾਸਲ ਕੀਤੇ ਸਨ।

ਕਰਨ ਪ੍ਰਤਾਪ ਬਾਸਕਟਬਾਲ ਤੋਂ ਇਲਾਵਾ ਵਾਲੀਬਾਲ ਅਤੇ ਜੈਵਲਿਨ ਥਰੋ ਦਾ ਵੀ ਦਮਦਾਰ ਖਿਡਾਰੀ ਹੈ। ਉਹ ਸ਼ਹਿਰ ਪੱਧਰੀ ਭੰਗੜਾ ਟੀਮ ਦਾ ਹਿੱਸਾ ਵੀ ਰਹਿ ਚੁੱਕਾ ਹੈ। ਇਸ ਤਰ੍ਹਾਂ ਉਸ ਦਾ ਖੇਡਾਂ ਦੇ ਨਾਲ-ਨਾਲ ਪੰਜਾਬੀ ਸੱਭਿਆਚਾਰ ਨਾਲ ਵੀ ਗੂੜ੍ਹਾ ਨਾਤਾ ਬਣਿਆ ਹੋਇਆ ਹੈ।

ਐਰੋਰਾ ਚਾਰਟਰ ਸਕੂਲ ਵਿੱਚ ਪੜ੍ਹਾਈ ਦੌਰਾਨ ਵੀ ਕਰਨ ਪ੍ਰਤਾਪ ਨੇ ਲਗਾਤਾਰ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਕਈ ਵਾਰ ਸਨਮਾਨ ਹਾਸਲ ਕੀਤੇ। ਪੜ੍ਹਾਈ, ਖੇਡਾਂ, ਸੱਭਿਆਚਾਰ ਅਤੇ ਹਵਾਬਾਜ਼ੀ—ਇਨ੍ਹਾਂ ਸਾਰੇ ਖੇਤਰਾਂ ਵਿੱਚ ਸਰਗਰਮ ਰਹਿਣਾ ਉਸ ਦੀ ਬਹੁਪੱਖੀ ਸ਼ਖ਼ਸੀਅਤ ਨੂੰ ਦਰਸਾਉਂਦਾ ਹੈ।

### ਹੁਣ ਡਾਕਟਰ ਬਣਨ ਦਾ ਸੁਪਨਾ

ਅਸਮਾਨਾਂ ਵਿੱਚ ਉਡਾਣ ਭਰਨ ਤੋਂ ਬਾਅਦ ਹੁਣ ਕਰਨ ਪ੍ਰਤਾਪ ਸਿੰਘ ਦੀਆਂ ਨਜ਼ਰਾਂ ਇੱਕ ਹੋਰ ਵੱਡੇ ਸੁਪਨੇ ’ਤੇ ਹਨ। ਉਹ ਅਲਬਰਟਾ ਯੂਨੀਵਰਸਿਟੀ ਵਿੱਚ ਡਾਕਟਰੀ ਦੀ ਪੜ੍ਹਾਈ ਕਰਕੇ ਭਵਿੱਖ ਵਿੱਚ ਡਾਕਟਰ ਬਣਨਾ ਚਾਹੁੰਦਾ ਹੈ। ਇਸ ਤਰ੍ਹਾਂ ਉਸ ਦੇ ਸੁਪਨਿਆਂ ਦੀ ਉਡਾਣ ਹੁਣ ਮਨੁੱਖਤਾ ਦੀ ਸੇਵਾ ਨਾਲ ਜੁੜ ਰਹੀ ਹੈ।

17 ਸਾਲ ਦੀ ਉਮਰ ਵਿੱਚ ਪਾਇਲਟ ਲਾਇਸੈਂਸ ਹਾਸਲ ਕਰਨਾ, ਕੈਡੇਟ ਵਜੋਂ ਵੱਕਾਰੀ ਸਨਮਾਨ ਪ੍ਰਾਪਤ ਕਰਨਾ, ਖੇਡਾਂ ਅਤੇ ਭੰਗੜੇ ਵਿੱਚ ਸਰਗਰਮ ਰਹਿਣਾ ਅਤੇ ਪੜ੍ਹਾਈ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨਾ—ਕਰਨ ਪ੍ਰਤਾਪ ਸਿੰਘ ਦੀ ਇਹ ਯਾਤਰਾ ਨੌਜਵਾਨਾਂ ਨੂੰ ਇੱਕ ਵੱਡਾ ਸੁਨੇਹਾ ਦਿੰਦੀ ਹੈ ਕਿ ਜੇ ਸੁਪਨਾ ਵੱਡਾ ਹੋਵੇ, ਮਿਹਨਤ ਲਗਾਤਾਰ ਹੋਵੇ ਅਤੇ ਅਨੁਸ਼ਾਸਨ ਜੀਵਨ ਦਾ ਹਿੱਸਾ ਬਣ ਜਾਵੇ ਤਾਂ ਛੋਟੀ ਉਮਰ ਵੀ ਵੱਡੀਆਂ ਮੰਜ਼ਿਲਾਂ ਹਾਸਲ ਕਰਨ ਵਿੱਚ ਰੁਕਾਵਟ ਨਹੀਂ ਬਣਦੀ।

ਅੱਜ ਜਦੋਂ ਨਵੀਂ ਪੀੜ੍ਹੀ ਸਾਹਮਣੇ ਆਪਣੇ ਵਿਰਸੇ ਅਤੇ ਆਧੁਨਿਕਤਾ ਵਿਚਕਾਰ ਸੰਤੁਲਨ ਬਣਾਉਣ ਦੀ ਚੁਣੌਤੀ ਹੈ, ਕਰਨ ਪ੍ਰਤਾਪ ਸਿੰਘ ਵਰਗੇ ਨੌਜਵਾਨ ਇੱਕ ਸੁੰਦਰ ਅਤੇ ਮਾਣਮੱਤੀ ਉਦਾਹਰਨ ਪੇਸ਼ ਕਰਦੇ ਹਨ। ਸਿਰ ’ਤੇ ਪੱਗ, ਦਿਲ ਵਿੱਚ ਪੰਜਾਬ, ਮਨ ਵਿੱਚ ਸਿੱਖੀ ਦੀ ਪਛਾਣ ਅਤੇ ਅੱਖਾਂ ਵਿੱਚ ਅਸਮਾਨ ਨੂੰ ਛੂਹਣ ਦੇ ਸੁਪਨੇ—ਇਹ ਸੁਮੇਲ ਹੀ ਨਵੀਂ ਪੀੜ੍ਹੀ ਦੀ ਅਸਲ ਤਾਕਤ ਬਣ ਸਕਦਾ ਹੈ।

ਕਰਨ ਪ੍ਰਤਾਪ ਸਿੰਘ ਦੀ ਕਹਾਣੀ ਇਸ ਗੱਲ ਦੀ ਮਿਸਾਲ ਹੈ ਕਿ ਆਪਣੀ ਪਛਾਣ ਨੂੰ ਸੰਭਾਲ ਕੇ ਰੱਖਦਿਆਂ ਦੁਨੀਆ ਦੇ ਕਿਸੇ ਵੀ ਖੇਤਰ ਵਿੱਚ ਸਫਲਤਾ ਹਾਸਲ ਕੀਤੀ ਜਾ ਸਕਦੀ ਹੈ। ਅੱਜ ਉਸ ਦੇ ਸਿਰ ’ਤੇ ਸਜੀ ਪੱਗ ਸਿਰਫ਼ ਇੱਕ ਵਿਰਾਸਤ ਦੀ ਨਿਸ਼ਾਨੀ ਨਹੀਂ, ਸਗੋਂ ਮਿਹਨਤ, ਅਨੁਸ਼ਾਸਨ, ਹਿੰਮਤ ਅਤੇ ਸੁਪਨਿਆਂ ਨੂੰ ਹਕੀਕਤ ਵਿੱਚ ਬਦਲਣ ਦੀ ਪ੍ਰੇਰਣਾ ਵੀ ਬਣ ਚੁੱਕੀ ਹੈ।

# 2027 ਪੰਜਾਬ ਵਿਧਾਨ ਸਭਾ ਚੋਣਾਂ ਲਈ ਭਾਜਪਾ ਦੀ ਰਣਨੀਤੀ ਤੇਜ਼

## ਨਵੀਂ ਟੀਮ ’ਚ ਸੰਦੀਪ ਪਾਠਕ ਨੂੰ ਮਿਲੀ ਅਹਿਮ ਥਾਂ

**ਨਵੀਂ ਦਿੱਲੀ:** ਭਾਰਤੀ ਜਨਤਾ ਪਾਰਟੀ ਵੱਲੋਂ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਆਪਣੀ ਰਣਨੀਤੀ ਨੂੰ ਹੋਰ ਮਜ਼ਬੂਤ ਕਰਨ ਦੇ ਸੰਕੇਤ ਮਿਲ ਰਹੇ ਹਨ। ਭਾਜਪਾ ਦੇ ਸਭ ਤੋਂ ਘੱਟ ਉਮਰ ਦੇ ਕੌਮੀ ਪ੍ਰਧਾਨ ਨਿਤਿਨ ਨਬੀਨ ਵੱਲੋਂ ਹਾਲ ਹੀ ਵਿੱਚ ਐਲਾਨੀ ਗਈ ਨਵੀਂ ਟੀਮ ਵਿੱਚ ਸੰਦੀਪ ਪਾਠਕ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਪਾਠਕ ਨਵੀਂ ਟੀਮ ਵਿੱਚ ਸ਼ਾਮਲ ਹੋਣ ਵਾਲੇ ਇਕੱਲੇ ਅਜਿਹੇ ਮੈਂਬਰ ਹਨ ਜੋ ਦਲ ਬਦਲ ਕੇ ਭਾਜਪਾ ਵਿੱਚ ਆਏ ਹਨ।



ਸੂਤਰਾਂ ਮੁਤਾਬਕ ਸੰਦੀਪ ਪਾਠਕ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਦੀ ਰਣਨੀਤੀ ਲਈ ਪਰਦੇ ਪਿੱਛੇ ਇੱਕ ਅਹਿਮ ਭੂਮਿਕਾ ਨਿਭਾ ਸਕਦੇ ਹਨ। ਉਨ੍ਹਾਂ ਨੂੰ ਪੰਜਾਬ ਦੀ ਸਿਆਸਤ ਅਤੇ ਆਮ ਆਦਮੀ ਪਾਰਟੀ ਦੇ ਸੰਗਠਨਾਤਮਕ ਢਾਂਚੇ ਦੀ ਡੂੰਘੀ ਸਮਝ ਰੱਖਣ ਵਾਲੇ ਆਗੂ ਵਜੋਂ ਦੇਖਿਆ ਜਾ ਰਿਹਾ ਹੈ।

ਪਾਠਕ ਲੰਬੇ ਸਮੇਂ ਤੱਕ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਕਰੀਬੀ ਸਹਿਯੋਗੀਆਂ ਵਿੱਚ ਰਹੇ ਹਨ। ਉਹ ਉਨ੍ਹਾਂ ਸੱਤ ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰਾਂ ਵਿੱਚ ਸ਼ਾਮਲ ਸਨ, ਜਿਨ੍ਹਾਂ ਨੇ ਹਾਲ ਹੀ ਵਿੱਚ ਭਾਜਪਾ ਵਿੱਚ ਰਲੇਵਾਂ ਕੀਤਾ ਸੀ। ਭਾਜਪਾ ਵੱਲੋਂ ਆਪਣੀ ਨਵੀਂ ਕੌਮੀ ਟੀਮ ਵਿੱਚ ਉਨ੍ਹਾਂ ਨੂੰ ਥਾਂ ਦਿੱਤੇ ਜਾਣ ਨੂੰ ਪੰਜਾਬ ਨਾਲ ਸਬੰਧਤ ਰਣਨੀਤੀ ਦੇ ਨਜ਼ਰੀਏ ਤੋਂ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ।

### 2022 ਦੀ ‘ਆਪ’ ਜਿੱਤ ਵਿੱਚ ਨਿਭਾਈ ਸੀ ਅਹਿਮ ਭੂਮਿਕਾ

ਸੰਦੀਪ ਪਾਠਕ ਦੀ ਪੰਜਾਬ ਦੀ ਸਿਆਸਤ ਵਿੱਚ ਪਛਾਣ ਖਾਸ ਤੌਰ ’ਤੇ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਬਣੀ ਸੀ। ਉਨ੍ਹਾਂ ਨੂੰ ਆਮ ਆਦਮੀ ਪਾਰਟੀ ਦੀ ਚੋਣ ਮੁਹਿੰਮ ਦੇ ਮੁੱਖ ਰਣਨੀਤੀਕਾਰਾਂ ਵਿੱਚ ਗਿਣਿਆ ਜਾਂਦਾ ਸੀ। 2022 ਵਿੱਚ ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚ ਵੱਡੀ ਜਿੱਤ ਹਾਸਲ ਕਰਦਿਆਂ ਸਰਕਾਰ ਬਣਾਈ ਸੀ ਅਤੇ ਪਾਠਕ ਨੇ ਪਾਰਟੀ ਦੀ ਰਣਨੀਤੀ ਤਿਆਰ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ।

ਪਾਠਕ ਪੰਜਾਬ ਦੇ ਲਗਭਗ ਸਾਰੇ ਹਿੱਸਿਆਂ ਵਿੱਚ ਪਾਰਟੀ ਦੇ ਸੰਗਠਨ ਅਤੇ ਚੋਣੀ ਮਾਹੌਲ ਨਾਲ ਜੁੜੇ ਰਹੇ ਹਨ। ਉਨ੍ਹਾਂ ਦੇ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਨਾਲ ਵੀ ਕਰੀਬੀ ਸਬੰਧ ਰਹੇ ਹਨ। ਇਸ ਕਾਰਨ ਭਾਜਪਾ ਲਈ ਉਨ੍ਹਾਂ ਦੀ ਪੰਜਾਬ ਸਬੰਧੀ ਜਾਣਕਾਰੀ ਅਤੇ ਸਿਆਸੀ ਤਜਰਬਾ ਆਉਣ ਵਾਲੀਆਂ ਚੋਣਾਂ ਵਿੱਚ ਲਾਭਦਾਇਕ ਹੋ ਸਕਦਾ ਹੈ।

### ਪੰਜਾਬ ਦੀ ਸਿਆਸਤ ਦੀ ਡੂੰਘੀ ਸਮਝ ਦਾ ਭਾਜਪਾ ਨੂੰ ਮਿਲ ਸਕਦਾ ਹੈ ਲਾਭ

ਸਿਆਸੀ ਹਲਕਿਆਂ ਵਿੱਚ ਮੰਨਿਆ ਜਾ ਰਿਹਾ ਹੈ ਕਿ ਸੰਦੀਪ ਪਾਠਕ ਨੂੰ ਪੰਜਾਬ ਦੀ ਜ਼ਮੀਨੀ ਸਿਆਸਤ, ਹਲਕਾ ਪੱਧਰ ਦੀਆਂ ਸਿਆਸੀ ਸਮੀਕਰਨਾਂ ਅਤੇ ਆਮ ਆਦਮੀ ਪਾਰਟੀ ਦੇ ਅੰਦਰੂਨੀ ਸੰਗਠਨ ਬਾਰੇ ਕਾਫ਼ੀ ਜਾਣਕਾਰੀ ਹੈ। ‘ਆਪ’ ਵਿੱਚ ਰਹਿੰਦਿਆਂ ਉਨ੍ਹਾਂ ਨੇ ਪੰਜਾਬ ਦੇ ਵੱਖ-ਵੱਖ ਹਲਕਿਆਂ ਵਿੱਚ ਪਾਰਟੀ ਦੇ ਵਿਸਥਾਰ ਅਤੇ ਚੋਣੀ ਤਿਆਰੀਆਂ ਨਾਲ ਨੇੜਿਓਂ ਕੰਮ ਕੀਤਾ ਸੀ।

ਇਸੇ ਕਾਰਨ ਸੂਤਰਾਂ ਦਾ ਕਹਿਣਾ ਹੈ ਕਿ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਭਾਜਪਾ ਦੀ ਰਣਨੀਤੀ ਤਿਆਰ ਕਰਨ ਵਿੱਚ ਪਾਠਕ ਦੀ ਭੂਮਿਕਾ ਮਹੱਤਵਪੂਰਨ ਰਹਿ ਸਕਦੀ ਹੈ। ਖਾਸ ਤੌਰ ’ਤੇ ਆਮ ਆਦਮੀ ਪਾਰਟੀ ਦੀਆਂ ਕਮਜ਼ੋਰੀਆਂ, ਮਜ਼ਬੂਤ ਹਲਕਿਆਂ ਅਤੇ ਸਥਾਨਕ ਸਿਆਸੀ ਸਮੀਕਰਨਾਂ ਦੀ ਸਮਝ ਭਾਜਪਾ ਲਈ ਰਣਨੀਤਕ ਤੌਰ ’ਤੇ ਅਹਿਮ ਹੋ ਸਕਦੀ ਹੈ।

ਭਾਜਪਾ ਵੱਲੋਂ ਪੰਜਾਬ ਵਿੱਚ ਆਪਣਾ ਸਿਆਸੀ ਆਧਾਰ ਵਧਾਉਣ ਲਈ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਅਜਿਹੇ ਵਿੱਚ ਆਮ ਆਦਮੀ ਪਾਰਟੀ ਤੋਂ ਭਾਜਪਾ ਵਿੱਚ ਆਏ ਸੰਦੀਪ ਪਾਠਕ ਨੂੰ ਨਵੀਂ ਕੌਮੀ ਟੀਮ ਵਿੱਚ ਸ਼ਾਮਲ ਕਰਨਾ ਪੰਜਾਬ ਦੀ ਸਿਆਸਤ ਨੂੰ ਲੈ ਕੇ ਪਾਰਟੀ ਦੀ ਗੰਭੀਰਤਾ ਦਾ ਸੰਕੇਤ ਮੰਨਿਆ ਜਾ ਰਿਹਾ ਹੈ।

### ਰਾਘਵ ਚੱਢਾ ਦੀ ਭੂਮਿਕਾ ’ਤੇ ਵੀ ਨਜ਼ਰ

ਇਸ ਦੇ ਨਾਲ ਹੀ ਆਮ ਆਦਮੀ ਪਾਰਟੀ ਦੇ ਇੱਕ ਹੋਰ ਸਾਬਕਾ ਰਾਜ ਸਭਾ ਮੈਂਬਰ ਰਾਘਵ ਚੱਢਾ, ਜੋ ਹੁਣ ਭਾਜਪਾ ਵਿੱਚ ਹਨ, ਦੀ ਭੂਮਿਕਾ ਨੂੰ ਲੈ ਕੇ ਵੀ ਸਿਆਸੀ ਹਲਕਿਆਂ ਵਿੱਚ ਚਰਚਾ ਹੈ। ਭਾਜਪਾ ਦੇ ਸੰਗਠਨਾਤਮਕ ਫੇਰਬਦਲ ਤੋਂ ਬਾਅਦ ਹੋਣ ਵਾਲੇ ਕੇਂਦਰੀ ਮੰਤਰੀ ਮੰਡਲ ਦੇ ਸੰਭਾਵਿਤ ਫੇਰਬਦਲ ਵਿੱਚ ਉਨ੍ਹਾਂ ਨੂੰ ਕੋਈ ਜ਼ਿੰਮੇਵਾਰੀ ਮਿਲਦੀ ਹੈ ਜਾਂ ਨਹੀਂ, ਇਸ ’ਤੇ ਵੀ ਨਜ਼ਰ ਰਹੇਗੀ।

ਇਸ ਤਰ੍ਹਾਂ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਕਾਫ਼ੀ ਪਹਿਲਾਂ ਹੀ ਭਾਜਪਾ ਵੱਲੋਂ ਪੰਜਾਬ ਲਈ ਆਪਣੀ ਰਣਨੀਤੀ ਨੂੰ ਲੈ ਕੇ ਸਰਗਰਮੀ ਵਧਾਉਣ ਦੇ ਸੰਕੇਤ ਮਿਲ ਰਹੇ ਹਨ। ਸੰਦੀਪ ਪਾਠਕ ਦਾ ਭਾਜਪਾ ਦੀ ਨਵੀਂ ਟੀਮ ਵਿੱਚ ਸ਼ਾਮਲ ਹੋਣਾ ਇਸ ਰਣਨੀਤੀ ਦਾ ਇੱਕ ਮਹੱਤਵਪੂਰਨ ਹਿੱਸਾ ਮੰਨਿਆ ਜਾ ਰਿਹਾ ਹੈ।

# ਭਾਜਪਾ ਦੀ ਨਵੀਂ ਕੌਮੀ ਟੀਮ ਦਾ ਐਲਾਨ, ਮਨਪ੍ਰੀਤ ਬਾਦਲ ਤੇ ਸਮ੍ਰਿਤੀ ਇਰਾਨੀ ਸਮੇਤ ਕਈ ਵੱਡੇ ਆਗੂਆਂ ਨੂੰ ਅਹਿਮ ਜ਼ਿੰਮੇਵਾਰੀਆਂ

**ਨਵੀਂ ਦਿੱਲੀ:** ਭਾਰਤੀ ਜਨਤਾ ਪਾਰਟੀ ਦੇ ਕੌਮੀ ਪ੍ਰਧਾਨ ਨਿਤਿਨ ਨਬੀਨ ਨੇ ਸੋਮਵਾਰ ਨੂੰ ਪਾਰਟੀ ਦੇ ਨਵੇਂ ਅਹੁਦੇਦਾਰਾਂ ਦੀ ਟੀਮ ਦਾ ਐਲਾਨ ਕਰ ਦਿੱਤਾ ਹੈ। ਨਵੀਂ ਟੀਮ ਵਿੱਚ ਤਜਰਬੇਕਾਰ ਆਗੂਆਂ ਦੇ ਨਾਲ-ਨਾਲ ਨੌਜਵਾਨ ਚਿਹਰਿਆਂ ਨੂੰ ਵੀ ਥਾਂ ਦਿੱਤੀ ਗਈ ਹੈ। ਪਾਰਟੀ ਵੱਲੋਂ ਇਹ ਸੰਗਠਨਾਤਮਕ ਫੇਰਬਦਲ ਅਜਿਹੇ ਸਮੇਂ ਕੀਤਾ ਗਿਆ ਹੈ ਜਦੋਂ ਅਗਲੇ ਸਾਲ ਕਈ ਮਹੱਤਵਪੂਰਨ ਸੂਬਿਆਂ ਵਿੱਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ।



ਨਵੀਂ ਟੀਮ ਵਿੱਚ ਪੰਜਾਬ ਦੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਅਤੇ ਸੀਨੀਅਰ ਆਰਐੱਸਐੱਸ ਆਗੂ ਰਾਮ ਮਾਧਵ ਨੂੰ 13 ਕੌਮੀ ਮੀਤ ਪ੍ਰਧਾਨਾਂ ਵਿੱਚ ਸ਼ਾਮਲ ਕੀਤਾ ਗਿਆ ਹੈ। ਇਸ ਤੋਂ ਇਲਾਵਾ ਰਾਜਸਥਾਨ ਦੀ ਸਾਬਕਾ ਮੁੱਖ ਮੰਤਰੀ ਵਸੁੰਧਰਾ ਰਾਜੇ ਨੂੰ ਮੀਤ ਪ੍ਰਧਾਨ ਦੇ ਅਹੁਦੇ ’ਤੇ ਬਰਕਰਾਰ ਰੱਖਿਆ ਗਿਆ ਹੈ। ਉਤਰਾਖੰਡ ਦੇ ਸਾਬਕਾ ਮੁੱਖ ਮੰਤਰੀ ਤੀਰਥ ਸਿੰਘ ਰਾਵਤ ਨੂੰ ਵੀ ਨਵੀਂ ਟੀਮ ਵਿੱਚ ਥਾਂ ਮਿਲੀ ਹੈ।

### ਸਮ੍ਰਿਤੀ ਇਰਾਨੀ ਦੀ ਵਾਪਸੀ, ਸਤੀਸ਼ ਪੂਨੀਆ ਨੂੰ ਵੀ ਅਹਿਮ ਜ਼ਿੰਮੇਵਾਰੀ

ਭਾਜਪਾ ਦੀ ਨਵੀਂ ਟੀਮ ਵਿੱਚ ਸਾਬਕਾ ਕੇਂਦਰੀ ਮੰਤਰੀ ਸਮ੍ਰਿਤੀ ਇਰਾਨੀ ਦੀ ਜਨਰਲ ਸਕੱਤਰ ਵਜੋਂ ਵਾਪਸੀ ਹੋਈ ਹੈ। ਇਸ ਦੇ ਨਾਲ ਹੀ ਪੰਜਾਬ ਮਾਮਲਿਆਂ ਦੇ ਮੌਜੂਦਾ ਆਬਜ਼ਰਵਰ ਸਤੀਸ਼ ਪੂਨੀਆ ਨੂੰ ਵੀ ਜਨਰਲ ਸਕੱਤਰ ਬਣਾਇਆ ਗਿਆ ਹੈ।





ਕੇਂਦਰੀ ਮੰਤਰੀ ਮਨੋਹਰ ਲਾਲ ਖੱਟਰ ਦੇ ਕਰੀਬੀ ਮੰਨੇ ਜਾਂਦੇ ਰਾਜ ਸਭਾ ਮੈਂਬਰ ਸੰਜੇ ਭਾਟੀਆ ਨੂੰ ਵੀ ਜਨਰਲ ਸਕੱਤਰਾਂ ਦੀ ਨਵੀਂ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ। ਵਿਨੋਦ ਤਾਵੜੇ ਅਤੇ ਸੁਨੀਲ ਬਾਂਸਲ ਨੂੰ ਜਨਰਲ ਸਕੱਤਰ ਦੇ ਅਹੁਦੇ ’ਤੇ ਬਰਕਰਾਰ ਰੱਖਿਆ ਗਿਆ ਹੈ। ਇਸ ਦੇ ਨਾਲ ਹੀ ਆਰਐੱਸਐੱਸ ਦੇ ਸੀਨੀਅਰ ਆਗੂ ਬੀਐੱਲ ਸੰਤੋਸ਼ ਸੰਗਠਨ ਦੇ ਜਨਰਲ ਸਕੱਤਰ ਵਜੋਂ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਰਹਿਣਗੇ।

### ਪੀਯੂਸ਼ ਗੋਇਲ ਬਣੇ ਭਾਜਪਾ ਦੇ ਖ਼ਜ਼ਾਨਚੀ

ਨਵੀਂ ਕੌਮੀ ਟੀਮ ਵਿੱਚ ਸਭ ਤੋਂ ਵੱਧ ਧਿਆਨ ਖਿੱਚਣ ਵਾਲਾ ਫੇਰਬਦਲ ਕੇਂਦਰੀ ਵਣਜ ਮੰਤਰੀ ਪੀਯੂਸ਼ ਗੋਇਲ ਨੂੰ ਭਾਜਪਾ ਦਾ ਖ਼ਜ਼ਾਨਚੀ ਬਣਾਇਆ ਜਾਣਾ ਹੈ। ਪਾਰਟੀ ਵੱਲੋਂ ਉਨ੍ਹਾਂ ਨੂੰ ਇਹ ਅਹਿਮ ਜ਼ਿੰਮੇਵਾਰੀ ਸੌਂਪੀ ਗਈ ਹੈ।

ਹੁਣ ਸਿਆਸੀ ਹਲਕਿਆਂ ਵਿੱਚ ਇਹ ਚਰਚਾ ਵੀ ਹੈ ਕਿ ਭਾਜਪਾ ਦੇ ‘ਇੱਕ ਵਿਅਕਤੀ, ਇੱਕ ਅਹੁਦਾ’ ਨਿਯਮ ਤਹਿਤ ਪੀਯੂਸ਼ ਗੋਇਲ ਨੂੰ ਕੇਂਦਰੀ ਮੰਤਰੀ ਮੰਡਲ ਵਿੱਚ ਆਪਣਾ ਅਹੁਦਾ ਛੱਡਣਾ ਪਵੇਗਾ ਜਾਂ ਉਹ ਦੋਵੇਂ ਜ਼ਿੰਮੇਵਾਰੀਆਂ ਨਿਭਾਉਣਗੇ। ਇਸ ਸਬੰਧੀ ਅਗਲਾ ਫ਼ੈਸਲਾ ਪਾਰਟੀ ਅਤੇ ਸਰਕਾਰ ਵੱਲੋਂ ਕੀਤਾ ਜਾ ਸਕਦਾ ਹੈ।

ਉਤਰਾਖੰਡ ਤੋਂ ਲੋਕ ਸਭਾ ਮੈਂਬਰ ਅਨਿਲ ਬਲੂਨੀ ਨੂੰ ਭਾਜਪਾ ਦੇ ਮੀਡੀਆ ਮੁਖੀ ਦੇ ਅਹੁਦੇ ’ਤੇ ਬਰਕਰਾਰ ਰੱਖਿਆ ਗਿਆ ਹੈ।

### ਤਰੁਣ ਚੁੱਘ ਦੀ ਜ਼ਿੰਮੇਵਾਰੀ ਬਦਲੀ

ਭਾਜਪਾ ਦੇ ਸੀਨੀਅਰ ਆਗੂ ਤਰੁਣ ਚੁੱਘ ਨੂੰ ਜਨਰਲ ਸਕੱਤਰ ਦੇ ਅਹੁਦੇ ਤੋਂ ਹਟਾ ਕੇ ਭਾਜਪਾ ਦੇ ਕੇਂਦਰੀ ਦਫ਼ਤਰ ਦਾ ਇੰਚਾਰਜ ਬਣਾਇਆ ਗਿਆ ਹੈ। ਇਸ ਤਬਦੀਲੀ ਨਾਲ ਉਨ੍ਹਾਂ ਨੂੰ ਪਾਰਟੀ ਦੇ ਕੇਂਦਰੀ ਸੰਗਠਨ ਵਿੱਚ ਇੱਕ ਨਵੀਂ ਜ਼ਿੰਮੇਵਾਰੀ ਮਿਲੀ ਹੈ।

ਇਸ ਦੇ ਨਾਲ ਹੀ ਅਰੁਣ ਸਿੰਘ, ਦੁਸ਼ਯੰਤ ਗੌਤਮ ਅਤੇ ਰਾਧਾ ਮੋਹਨ ਅਗਰਵਾਲ ਨੂੰ ਜਨਰਲ ਸਕੱਤਰ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ। ਨਵੀਂ ਸੂਚੀ ਵਿੱਚ ਕੁੱਲ 13 ਕੌਮੀ ਮੀਤ ਪ੍ਰਧਾਨ ਅਤੇ ਅੱਠ ਜਨਰਲ ਸਕੱਤਰ ਸ਼ਾਮਲ ਹਨ।

### ਅਗਲੇ ਸਾਲ ਦੀਆਂ ਚੋਣਾਂ ’ਤੇ ਭਾਜਪਾ ਦੀ ਨਜ਼ਰ

ਭਾਜਪਾ ਦੀ ਨਵੀਂ ਕੌਮੀ ਟੀਮ ਨੂੰ ਅਗਲੇ ਸਾਲ ਹੋਣ ਵਾਲੀਆਂ ਪੰਜ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿੱਚ ਰੱਖ ਕੇ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ। ਨਿਤਿਨ ਨਬੀਨ ਵੱਲੋਂ ਐਲਾਨੀ ਗਈ ਟੀਮ ਵਿੱਚ ਪੰਜਾਬ, ਉੱਤਰ ਪ੍ਰਦੇਸ਼ ਅਤੇ ਉਤਰਾਖੰਡ ਨੂੰ ਖਾਸ ਨੁਮਾਇੰਦਗੀ ਮਿਲੀ ਹੈ।

ਇਨ੍ਹਾਂ ਸੂਬਿਆਂ ਵਿੱਚ ਅਗਲੇ ਸਾਲ ਵਿਧਾਨ ਸਭਾ ਚੋਣਾਂ ਹੋਣੀਆਂ ਹਨ, ਜਿਸ ਕਾਰਨ ਭਾਜਪਾ ਵੱਲੋਂ ਸੰਗਠਨਾਤਮਕ ਪੱਧਰ ’ਤੇ ਇਨ੍ਹਾਂ ਰਾਜਾਂ ਨੂੰ ਵਿਸ਼ੇਸ਼ ਤਵੱਜੋ ਦਿੱਤੀ ਜਾਣ ਦੀ ਸੰਭਾਵਨਾ ਹੈ। ਖਾਸ ਤੌਰ ’ਤੇ ਪੰਜਾਬ ਲਈ ਮਨਪ੍ਰੀਤ ਸਿੰਘ ਬਾਦਲ ਅਤੇ ਸਤੀਸ਼ ਪੂਨੀਆ ਨੂੰ ਮਿਲੀ ਜ਼ਿੰਮੇਵਾਰੀ ਨੂੰ ਸਿਆਸੀ ਤੌਰ ’ਤੇ ਅਹਿਮ ਮੰਨਿਆ ਜਾ ਰਿਹਾ ਹੈ।

ਨਵੀਂ ਟੀਮ ਵਿੱਚ ਤਜਰਬੇਕਾਰ ਆਗੂਆਂ ਨੂੰ ਕਾਇਮ ਰੱਖਣ ਦੇ ਨਾਲ ਨਵੇਂ ਚਿਹਰਿਆਂ ਨੂੰ ਵੀ ਜ਼ਿੰਮੇਵਾਰੀਆਂ ਦੇਣ ਦਾ ਸੰਤੁਲਨ ਬਣਾਇਆ ਗਿਆ ਹੈ। ਹੁਣ ਇਹ ਟੀਮ ਆਉਣ ਵਾਲੇ ਸਮੇਂ ਵਿੱਚ ਭਾਜਪਾ ਦੀਆਂ ਸੂਬਾਈ ਚੋਣਾਂ ਅਤੇ ਸੰਗਠਨਾਤਮਕ ਰਣਨੀਤੀ ਨੂੰ ਕਿਵੇਂ ਅੱਗੇ ਵਧਾਉਂਦੀ ਹੈ, ਇਸ ’ਤੇ ਸਿਆਸੀ ਹਲਕਿਆਂ ਦੀ ਨਜ਼ਰ ਰਹੇਗੀ।







# ਸਪੋਰਟਸ/ਖੇਡਾਂ

## ਸਤੰਬਰ 'ਚ ਅਫਗਾਨਿਸਤਾਨ ਨਾਲ ਭਿੜੇਗਾ ਭਾਰਤ, ਬੰਗਲਾਦੇਸ਼ ਦੌਰੇ ਦੀਆਂ ਉਮੀਦਾਂ ਲਗਭਗ ਖ਼ਤਮ



13 ਸਤੰਬਰ ਤੋਂ ਦਿੱਲੀ 'ਚ ਤਿੰਨ ਮੈਚਾਂ ਦੀ ਟੀ-20 ਲੜੀ; 15 ਅਤੇ 17 ਸਤੰਬਰ ਨੂੰ ਹੋਣਗੇ ਅਗਲੇ ਮੁਕਾਬਲੇ, ਤਿੰਨੇ ਮੈਚ ਅਰੁਣ ਜੇਤਲੀ ਕ੍ਰਿਕਟ ਸਟੇਡੀਅਮ 'ਚ

ਭਾਰਤੀ ਕ੍ਰਿਕਟ ਟੀਮ ਦੇ ਸਤੰਬਰ ਮਹੀਨੇ ਦੇ ਪ੍ਰੋਗਰਾਮ ਨੂੰ ਲੈ ਕੇ ਤਸਵੀਰ ਹੁਣ ਲਗਭਗ ਸਪੱਸ਼ਟ ਹੋ ਗਈ ਹੈ। ਭਾਰਤ ਸਤੰਬਰ ਵਿੱਚ ਅਫਗਾਨਿਸਤਾਨ ਦੇ ਖ਼ਿਲਾਫ਼ ਤਿੰਨ ਮੈਚਾਂ ਦੀ ਟੀ-20 ਕੌਮਾਂਤਰੀ ਲੜੀ ਖੇਡੇਗਾ। ਇਸ ਦੇ ਨਾਲ ਹੀ ਬੰਗਲਾਦੇਸ਼ ਵੱਲੋਂ ਇਸੇ ਮਹੀਨੇ ਭਾਰਤ ਦੀ ਮੇਜ਼ਬਾਨੀ ਕਰਨ ਦੀਆਂ ਉਮੀਦਾਂ ਨੂੰ ਵੱਡਾ ਝਟਕਾ ਲੱਗਿਆ ਹੈ।

ਭਾਰਤੀ ਕ੍ਰਿਕਟ ਬੋਰਡ ਅਤੇ ਅਫਗਾਨਿਸਤਾਨ ਕ੍ਰਿਕਟ ਬੋਰਡ ਵੱਲੋਂ ਬੁੱਧਵਾਰ ਨੂੰ ਸਾਂਝੇ ਤੌਰ 'ਤੇ ਲੜੀ ਦਾ ਐਲਾਨ ਕੀਤਾ ਗਿਆ। ਐਲਾਨ ਮੁਤਾਬਕ ਭਾਰਤ ਅਤੇ ਅਫਗਾਨਿਸਤਾਨ ਵਿਚਾਲੇ ਤਿੰਨ ਟੀ-20 ਮੈਚਾਂ ਦੀ ਲੜੀ 13 ਤੋਂ 17 ਸਤੰਬਰ ਤੱਕ ਦਿੱਲੀ ਵਿੱਚ ਖੇਡੀ ਜਾਵੇਗੀ। ਇਸ ਲੜੀ ਵਿੱਚ ਭਾਰਤੀ ਟੀਮ ਦੀ ਅਗਵਾਈ ਸ਼੍ਰੇਅਸ ਅਈਅਰ ਵੱਲੋਂ ਕੀਤੇ ਜਾਣ ਦੀ ਜਾਣਕਾਰੀ ਦਿੱਤੀ ਗਈ ਹੈ।

### 13 ਸਤੰਬਰ ਤੋਂ ਸ਼ੁਰੂ ਹੋਵੇਗੀ ਟੀ-20 ਲੜੀ

ਭਾਰਤ ਅਤੇ ਅਫਗਾਨਿਸਤਾਨ ਵਿਚਾਲੇ ਪਹਿਲਾ ਟੀ-20 ਕੌਮਾਂਤਰੀ ਮੈਚ 13 ਸਤੰਬਰ ਨੂੰ ਖੇਡਿਆ ਜਾਵੇਗਾ। ਇਸ ਤੋਂ ਬਾਅਦ ਦੂਜਾ ਮੁਕਾਬਲਾ 15 ਸਤੰਬਰ ਅਤੇ ਤੀਜਾ ਤੇ ਆਖਰੀ ਟੀ-20 ਮੈਚ 17 ਸਤੰਬਰ ਨੂੰ ਹੋਵੇਗਾ।

ਲੜੀ ਦੇ ਤਿੰਨੇ ਮੁਕਾਬਲੇ ਦਿੱਲੀ ਦੇ ਅਰੁਣ ਜੇਤਲੀ ਕ੍ਰਿਕਟ ਸਟੇਡੀਅਮ ਵਿੱਚ ਕਰਵਾਏ ਜਾਣਗੇ। ਇਸ ਤਰ੍ਹਾਂ ਅਫਗਾਨਿਸਤਾਨ ਲਈ ਇਹ ਘਰੇਲੂ ਲੜੀ ਹੋਵੇਗੀ, ਹਾਲਾਂਕਿ ਸੁਰੱਖਿਆ ਅਤੇ ਅਸਥਿਰ ਸਥਿਤੀਆਂ ਕਾਰਨ ਉਹ ਪਿਛਲੇ ਕੁਝ ਸਾਲਾਂ ਤੋਂ ਆਪਣੇ ਘਰੇਲੂ ਅੰਤਰਰਾਸ਼ਟਰੀ ਮੁਕਾਬਲੇ ਭਾਰਤ ਵਿੱਚ ਕਰਵਾਉਂਦਾ ਆ ਰਿਹਾ ਹੈ।

### ਬੰਗਲਾਦੇਸ਼ ਦੌਰੇ ਦੀਆਂ ਸੰਭਾਵਨਾਵਾਂ ਨੂੰ ਝਟਕਾ

ਇਸ ਐਲਾਨ ਤੋਂ ਬਾਅਦ ਬੰਗਲਾਦੇਸ਼ ਦੀ ਸਤੰਬਰ ਵਿੱਚ ਭਾਰਤ ਦੀ ਮੇਜ਼ਬਾਨੀ ਕਰਨ ਦੀ ਯੋਜਨਾ ਨੂੰ ਵੱਡਾ ਝਟਕਾ ਲੱਗਿਆ ਹੈ। ਬੰਗਲਾਦੇਸ਼ ਇਸ ਸਮੇਂ ਦੌਰਾਨ ਭਾਰਤੀ ਟੀਮ ਨਾਲ ਸੀਮਤ ਓਵਰਾਂ ਦੀ ਲੜੀ ਖੇਡਣ ਦੀ ਉਮੀਦ ਕਰ ਰਿਹਾ ਸੀ।

ਭਾਰਤ ਅਤੇ ਬੰਗਲਾਦੇਸ਼ ਵਿਚਾਲੇ ਇਹ ਲੜੀ ਪਹਿਲਾਂ ਪਿਛਲੇ ਸਾਲ ਖੇਡੀ ਜਾਣੀ ਸੀ, ਪਰ ਬੰਗਲਾਦੇਸ਼ ਵਿੱਚ ਪੈਦਾ ਹੋਈ ਰਾਜਨੀਤਿਕ ਅਸ਼ਾਂਤੀ ਕਾਰਨ ਇਸ ਨੂੰ ਮੁਲਤਵੀ ਕਰ ਦਿੱਤਾ ਗਿਆ ਸੀ।

ਹੁਣ ਭਾਰਤ ਵੱਲੋਂ ਅਫਗਾਨਿਸਤਾਨ ਨਾਲ ਟੀ-20 ਲੜੀ ਦਾ ਐਲਾਨ ਹੋਣ ਤੋਂ ਬਾਅਦ ਸਤੰਬਰ ਵਿੱਚ ਬੰਗਲਾਦੇਸ਼ ਦੌਰੇ ਦੀਆਂ ਸੰਭਾਵਨਾਵਾਂ ਲਗਭਗ ਖ਼ਤਮ ਮੰਨੀਆਂ ਜਾ ਰਹੀਆਂ ਹਨ।

### ਭਾਰਤ ਅਤੇ ਅਫਗਾਨਿਸਤਾਨ ਵਿਚਾਲੇ ਲਗਾਤਾਰ ਵਧੀ ਕ੍ਰਿਕਟ ਸਾਂਝ

ਭਾਰਤ ਅਤੇ ਅਫਗਾਨਿਸਤਾਨ ਪਿਛਲੇ ਕੁਝ ਸਾਲਾਂ ਵਿੱਚ ਵੱਖ-ਵੱਖ ਫਾਰਮੈਟਾਂ ਵਿੱਚ ਨਿਯਮਤ ਤੌਰ 'ਤੇ ਇੱਕ-ਦੂਜੇ ਦੇ ਖ਼ਿਲਾਫ਼ ਖੇਡਦੇ ਆ ਰਹੇ ਹਨ। ਅਫਗਾਨਿਸਤਾਨ ਨੇ ਇਸ ਸਾਲ ਜੂਨ ਵਿੱਚ ਤਿੰਨ ਮੈਚਾਂ ਦੀ ਇੱਕ ਰੋਜ਼ਾ ਲੜੀ ਲਈ ਭਾਰਤ ਦਾ ਦੌਰਾ ਵੀ ਕੀਤਾ ਸੀ।

ਇਸ ਤੋਂ ਪਹਿਲਾਂ ਜਨਵਰੀ 2024 ਵਿੱਚ ਦੋਵਾਂ ਟੀਮਾਂ ਵਿਚਾਲੇ ਤਿੰਨ ਮੈਚਾਂ ਦੀ ਟੀ-20 ਕੌਮਾਂਤਰੀ ਲੜੀ ਖੇਡੀ ਗਈ ਸੀ। ਅਫਗਾਨਿਸਤਾਨ ਨੇ 2018 ਵਿੱਚ ਭਾਰਤ ਦੇ ਖ਼ਿਲਾਫ਼ ਆਪਣਾ ਪਹਿਲਾ ਟੈਸਟ ਮੈਚ ਖੇਡਿਆ ਸੀ ਅਤੇ ਉਸ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਕ੍ਰਿਕਟ ਸਬੰਧ ਲਗਾਤਾਰ ਮਜ਼ਬੂਤ ਹੋਏ ਹਨ। ਸਤੰਬਰ ਵਿੱਚ ਹੋਣ ਵਾਲੀ ਇਹ ਟੀ-20 ਲੜੀ ਦੋਵਾਂ ਟੀਮਾਂ ਲਈ ਅਹਿਮ ਰਹੇਗੀ। ਭਾਰਤ ਇਸ ਲੜੀ ਰਾਹੀਂ ਟੀ-20 ਫਾਰਮੈਟ ਵਿੱਚ ਆਪਣੀ ਟੀਮ ਦੇ ਸੰਤੁਲਨ ਅਤੇ ਖਿਡਾਰੀਆਂ ਦੀ ਤਿਆਰੀ ਨੂੰ ਪਰਖਣ ਦੀ ਕੋਸ਼ਿਸ਼ ਕਰੇਗਾ, ਜਦਕਿ ਅਫਗਾਨਿਸਤਾਨ ਆਪਣੇ ਮਜ਼ਬੂਤ ਟੀ-20 ਖਿਡਾਰੀਆਂ ਦੇ ਦਮ 'ਤੇ ਭਾਰਤ ਨੂੰ ਸਖ਼ਤ ਚੁਣੌਤੀ ਦੇਣ ਦੇ ਇਰਾਦੇ ਨਾਲ ਮੈਦਾਨ ਵਿੱਚ ਉਤਰੇਗਾ।

## ਹਾਕੀ ਵਿਸ਼ਵ ਕੱਪ 'ਚ ਭਾਰਤ ਦੀ ਪਾਕਿਸਤਾਨ 'ਤੇ ਸ਼ਾਨਦਾਰ ਜਿੱਤ, 5-3 ਨਾਲ ਮਾਰੀ ਬਾਜ਼ੀ



ਹਰਮਨਪ੍ਰੀਤ ਸਿੰਘ ਤੇ ਅਭਿਸ਼ੇਕ ਦੇ ਦੋ-ਦੋ ਗੋਲਾਂ ਨੇ ਦਿਵਾਈ ਜਿੱਤ; ਹਰਦਿਕ ਸਿੰਘ ਨੇ ਵੀ ਕੀਤਾ ਗੋਲ

ਐੱਫ.ਆਈ.ਐੱਚ. ਪੁਰਸ਼ ਹਾਕੀ ਵਿਸ਼ਵ ਕੱਪ ਵਿੱਚ ਭਾਰਤ ਨੇ ਆਪਣੇ ਆਖਰੀ ਪੂਲ-ਡੀ ਮੁਕਾਬਲੇ ਵਿੱਚ ਰਵਾਇਤੀ ਵਿਰੋਧੀ ਪਾਕਿਸਤਾਨ ਨੂੰ 5-3 ਨਾਲ ਹਰਾ ਕੇ ਸ਼ਾਨਦਾਰ ਜਿੱਤ ਦਰਜ ਕੀਤੀ। ਦੋਵਾਂ ਟੀਮਾਂ ਵਿਚਾਲੇ ਹੋਏ ਇਸ ਰੋਮਾਂਚਕ ਮੁਕਾਬਲੇ ਵਿੱਚ ਭਾਰਤੀ ਖਿਡਾਰੀਆਂ ਨੇ ਸ਼ੁਰੂ ਤੋਂ ਹੀ ਹਮਲਾਵਰ ਖੇਡ ਦਾ ਪ੍ਰਦਰਸ਼ਨ ਕਰਦਿਆਂ ਪਾਕਿਸਤਾਨ 'ਤੇ ਦਬਾਅ ਬਣਾਈ ਰੱਖਿਆ।

ਭਾਰਤ ਵੱਲੋਂ ਕਪਤਾਨ ਹਰਮਨਪ੍ਰੀਤ ਸਿੰਘ ਅਤੇ ਅਭਿਸ਼ੇਕ ਨੇ ਦੋ-ਦੋ ਗੋਲ ਕੀਤੇ, ਜਦਕਿ ਉਪ-ਕਪਤਾਨ ਹਰਦਿਕ ਸਿੰਘ ਨੇ ਵੀ ਇੱਕ ਗੋਲ ਕਰਕੇ ਟੀਮ ਦੀ ਜਿੱਤ ਵਿੱਚ ਅਹਿਮ ਯੋਗਦਾਨ ਪਾਇਆ।

ਮੈਚ ਦੇ ਪੰਜਵੇਂ ਮਿੰਟ ਵਿੱਚ ਕਪਤਾਨ ਹਰਮਨਪ੍ਰੀਤ ਸਿੰਘ ਨੇ ਪੈਨਲਟੀ ਕਾਰਨਰ ਨੂੰ ਗੋਲ ਵਿੱਚ ਬਦਲਦਿਆਂ ਭਾਰਤ ਨੂੰ ਸ਼ੁਰੂਆਤੀ ਬੜ੍ਹਤ ਦਿਵਾਈ। ਇਸ ਤੋਂ ਬਾਅਦ 11ਵੇਂ ਮਿੰਟ ਵਿੱਚ ਅਭਿਸ਼ੇਕ ਨੇ ਸ਼ਾਨਦਾਰ ਫੀਲਡ ਗੋਲ ਕਰਕੇ ਭਾਰਤ ਦੀ ਬੜ੍ਹਤ 2-0 ਕਰ ਦਿੱਤੀ।

ਭਾਰਤ ਦੀ ਹਮਲਾਵਰ ਖੇਡ ਦਾ ਸਿਲਸਿਲਾ ਇੱਥੇ ਨਹੀਂ ਰੁਕਿਆ। 21ਵੇਂ ਮਿੰਟ ਵਿੱਚ ਹਰਮਨਪ੍ਰੀਤ ਨੇ ਇੱਕ ਹੋਰ ਪੈਨਲਟੀ ਕਾਰਨਰ ਨੂੰ ਗੋਲ ਵਿੱਚ ਤਬਦੀਲ ਕਰਦਿਆਂ ਆਪਣਾ ਦੂਜਾ ਅਤੇ ਟੀਮ ਦਾ ਤੀਜਾ ਗੋਲ ਕੀਤਾ। ਇਸ ਤੋਂ ਥੋੜ੍ਹੀ ਦੇਰ ਬਾਅਦ 24ਵੇਂ ਮਿੰਟ ਵਿੱਚ ਅਭਿਸ਼ੇਕ ਨੇ ਆਪਣਾ ਦੂਜਾ ਫੀਲਡ ਗੋਲ ਕਰਕੇ ਭਾਰਤ ਨੂੰ 4-1 ਦੀ ਮਜ਼ਬੂਤ ਬੜ੍ਹਤ ਦਿਵਾ ਦਿੱਤੀ।

ਪਾਕਿਸਤਾਨ ਨੇ ਵੀ ਵਾਪਸੀ ਦੀ ਕੋਸ਼ਿਸ਼ ਕੀਤੀ। ਉਸ ਵੱਲੋਂ ਹਨਾਨ ਸ਼ਾਹਿਦ ਨੇ 22ਵੇਂ ਅਤੇ 46ਵੇਂ ਮਿੰਟ ਵਿੱਚ ਦੋ ਗੋਲ ਕੀਤੇ, ਜਦਕਿ ਸੁਫਿਆਨ ਖਾਨ ਨੇ 24ਵੇਂ ਮਿੰਟ ਵਿੱਚ ਗੋਲ ਕਰਕੇ ਭਾਰਤ ਦੀ ਬੜ੍ਹਤ ਨੂੰ ਘਟਾਇਆ।

ਇਸ ਦੌਰਾਨ ਭਾਰਤ ਵੱਲੋਂ ਉਪ-ਕਪਤਾਨ ਹਰਦਿਕ ਸਿੰਘ ਨੇ 35ਵੇਂ ਮਿੰਟ ਵਿੱਚ ਮਿਲੇ ਪੈਨਲਟੀ ਸਟਰੋਕ ਨੂੰ ਗੋਲ ਵਿੱਚ ਬਦਲ ਕੇ ਟੀਮ ਦਾ ਪੰਜਵਾਂ ਗੋਲ ਕੀਤਾ। ਇਸ ਤੋਂ ਬਾਅਦ ਪਾਕਿਸਤਾਨ ਨੇ ਸਕੋਰ ਘਟਾਉਣ ਲਈ ਕਈ ਕੋਸ਼ਿਸ਼ਾਂ ਕੀਤੀਆਂ ਪਰ ਭਾਰਤੀ ਰੱਖਿਆ ਲਾਈਨ ਨੇ ਮਜ਼ਬੂਤੀ ਨਾਲ ਮੁਕਾਬਲਾ ਕਰਦਿਆਂ ਆਪਣੀ ਬੜ੍ਹਤ ਕਾਇਮ ਰੱਖੀ।

ਅੰਤ ਵਿੱਚ ਭਾਰਤ ਨੇ ਪਾਕਿਸਤਾਨ ਨੂੰ 5-3 ਨਾਲ ਮਾਤ ਦੇ ਕੇ ਪੂਲ-ਡੀ ਦੇ ਆਪਣੇ ਆਖਰੀ ਮੁਕਾਬਲੇ ਨੂੰ ਯਾਦਗਾਰ ਜਿੱਤ ਵਿੱਚ ਬਦਲ ਦਿੱਤਾ। ਕਪਤਾਨ ਹਰਮਨਪ੍ਰੀਤ ਸਿੰਘ ਦੀ ਅਗਵਾਈ ਵਿੱਚ ਭਾਰਤੀ ਟੀਮ ਨੇ ਇਸ ਮੁਕਾਬਲੇ ਦੌਰਾਨ ਪੈਨਲਟੀ ਕਾਰਨਰਾਂ ਅਤੇ ਫੀਲਡ ਗੋਲਾਂ ਦਾ ਬਿਹਤਰੀਨ ਇਸਤੇਮਾਲ ਕੀਤਾ।

## ਹਰਮਨਪ੍ਰੀਤ ਸਿੰਘ ਨੂੰ ਜੁਗਰਾਜ ਸਿੰਘ ਨੇ ਦੱਸਿਆ ਭਾਰਤ ਦਾ 'ਤੁਰਪ ਦਾ ਪੱਤਾ', ਕਿਹਾ- ਉਸ ਦੀ ਖੇਡ 'ਚ ਮੈਨੂੰ ਆਪਣੀ ਝਲਕ ਦਿਖਦੀ ਹੈ

ਵਿਸ਼ਵ ਕੱਪ ਤੋਂ ਪਹਿਲਾਂ ਸਾਬਕਾ ਡਰੈਗ-ਫਲਿੱਕਰ ਜੁਗਰਾਜ ਸਿੰਘ ਨੇ ਭਾਰਤੀ ਕਪਤਾਨ ਦੀ ਕੀਤੀ ਸ਼ਲਾਘਾ; ਕਿਹਾ- ਟੀਮ ਦੀ ਲੋੜ ਵੇਲੇ ਲਗਾਤਾਰ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲਾ ਖਿਡਾਰੀ ਹੀ ਹੁੰਦਾ ਹੈ ਅਸਲ ਟਰੰਪ ਕਾਰਡ



ਹਰਮਨਪ੍ਰੀਤ ਸਿੰਘ



ਜੁਗਰਾਜ ਸਿੰਘ

ਭਾਰਤੀ ਹਾਕੀ ਟੀਮ ਦੇ ਕਪਤਾਨ ਅਤੇ ਦੁਨੀਆ ਦੇ ਚੋਟੀ ਦੇ ਡਰੈਗ-ਫਲਿੱਕਰਾਂ ਵਿੱਚ ਸ਼ੁਮਾਰ ਹਰਮਨਪ੍ਰੀਤ ਸਿੰਘ ਤੋਂ ਆਗਾਮੀ ਹਾਕੀ ਵਿਸ਼ਵ ਕੱਪ ਵਿੱਚ ਵੱਡੀਆਂ ਉਮੀਦਾਂ ਹਨ। ਭਾਰਤ ਦੇ ਸਾਬਕਾ ਉੱਘੇ ਡਰੈਗ-ਫਲਿੱਕਰ ਜੁਗਰਾਜ ਸਿੰਘ ਨੇ ਹਰਮਨਪ੍ਰੀਤ ਸਿੰਘ ਨੂੰ ਟੀਮ ਇੰਡੀਆ ਦਾ 'ਤੁਰਪ ਦਾ ਪੱਤਾ' ਕਰਾਰ ਦਿੰਦਿਆਂ ਕਿਹਾ ਹੈ ਕਿ ਭਾਰਤੀ ਕਪਤਾਨ ਦੀ ਖੇਡ ਵਿੱਚ ਉਨ੍ਹਾਂ ਨੂੰ ਆਪਣੀ ਝਲਕ ਦਿਖਾਈ ਦਿੰਦੀ ਹੈ।

ਜੁਗਰਾਜ ਸਿੰਘ ਦਾ ਮੰਨਣਾ ਹੈ ਕਿ ਵਿਸ਼ਵ ਕੱਪ ਵਰਗੇ ਵੱਡੇ ਟੂਰਨਾਮੈਂਟ ਵਿੱਚ ਜਦੋਂ ਟੀਮ ਨੂੰ ਸਭ ਤੋਂ ਵੱਧ ਲੋੜ ਹੋਵੇ, ਉਸ ਸਮੇਂ ਲਗਾਤਾਰ ਪ੍ਰਭਾਵਸ਼ਾਲੀ ਪ੍ਰਦਰਸ਼ਨ ਕਰਨ ਵਾਲਾ ਖਿਡਾਰੀ ਹੀ ਅਸਲ 'ਟਰੰਪ ਕਾਰਡ' ਹੁੰਦਾ ਹੈ ਅਤੇ ਹਰਮਨਪ੍ਰੀਤ ਇਸ ਭੂਮਿਕਾ ਨੂੰ ਬਾਖ਼ੂਬੀ ਨਿਭਾ ਸਕਦਾ ਹੈ।

ਜੁਗਰਾਜ ਨੇ ਕਿਹਾ ਕਿ ਮੌਜੂਦਾ ਸਮੇਂ ਵਿਸ਼ਵ ਹਾਕੀ ਵਿੱਚ ਗਿਣੇ-ਚੁਣੇ ਡਰੈਗ-ਫਲਿੱਕਰਾਂ ਵਿੱਚ ਹਰਮਨਪ੍ਰੀਤ ਸਿੰਘ ਦਾ ਨਾਮ ਸ਼ਾਮਲ ਹੈ। ਉਨ੍ਹਾਂ ਮੁਤਾਬਕ ਹਰਮਨਪ੍ਰੀਤ ਟੋਕੀਓ ਓਲੰਪਿਕ ਤੋਂ ਹੀ ਲਗਾਤਾਰ ਸ਼ਾਨਦਾਰ ਪ੍ਰਦਰਸ਼ਨ ਕਰ ਰਿਹਾ ਹੈ ਅਤੇ ਉਸ ਦੀ ਫਿਟਨੈੱਸ ਵੀ ਕਾਫ਼ੀ ਚੰਗੀ ਹੈ।

ਉਨ੍ਹਾਂ ਕਿਹਾ ਕਿ ਹਰਮਨਪ੍ਰੀਤ ਦੀ ਖੇਡ ਨੂੰ ਦੇਖਦਿਆਂ ਉਨ੍ਹਾਂ ਨੂੰ ਭਰੋਸਾ ਹੈ ਕਿ ਭਾਰਤੀ ਟੀਮ ਨੂੰ ਜਦੋਂ ਵੀ ਅਹਿਮ ਪਲਾਂ ਵਿੱਚ ਗੋਲ ਦੀ ਲੋੜ ਪਵੇਗੀ, ਤਾਂ ਭਾਰਤੀ ਕਪਤਾਨ ਆਪਣੀ ਡਰੈਗ-ਫਲਿੱਕ ਅਤੇ ਹਮਲਾਵਰ ਖੇਡ ਨਾਲ ਟੀਮ ਲਈ ਵੱਡਾ ਫ਼ਰਕ ਪੈਦਾ ਕਰ ਸਕਦਾ ਹੈ।

### ਹਰਮਨਪ੍ਰੀਤ ਦੀ ਖੇਡ ਵਿੱਚ ਆਪਣੀ ਝਲਕ ਦੇਖਦੇ ਹਨ ਜੁਗਰਾਜ

ਹਰਮਨਪ੍ਰੀਤ ਸਿੰਘ ਵਾਂਗ ਹੀ ਸੁਰਜੀਤ ਹਾਕੀ ਅਕੈਡਮੀ ਤੋਂ ਆਪਣਾ ਹਾਕੀ ਸਫ਼ਰ ਸ਼ੁਰੂ ਕਰਨ ਵਾਲੇ ਜੁਗਰਾਜ ਸਿੰਘ ਨੇ ਕਿਹਾ ਕਿ ਦੋਵਾਂ ਦੀ ਖੇਡ ਦੀ ਸ਼ੈਲੀ ਵਿੱਚ ਕਾਫ਼ੀ ਸਮਾਨਤਾ ਹੈ।

ਉਨ੍ਹਾਂ ਕਿਹਾ ਕਿ ਹਰਮਨਪ੍ਰੀਤ ਦਾ ਖੇਡਣ ਦਾ ਢੰਗ, ਹਮਲਾਵਰ ਰੁਖ਼ ਅਤੇ ਮੈਦਾਨ 'ਤੇ ਆਪਣੀ ਮੌਜੂਦਗੀ ਦਰਜ ਕਰਵਾਉਣ ਦਾ ਤਰੀਕਾ ਉਨ੍ਹਾਂ ਨੂੰ ਆਪਣੇ ਖੇਡਣ ਦੇ ਦਿਨਾਂ ਦੀ ਯਾਦ ਦਿਵਾਉਂਦਾ ਹੈ। ਜੁਗਰਾਜ ਨੇ ਕਿਹਾ ਕਿ ਜਦੋਂ ਉਹ ਹਰਮਨਪ੍ਰੀਤ ਨੂੰ ਮੈਦਾਨ 'ਤੇ ਖੇਡਦਿਆਂ ਦੇਖਦੇ ਹਨ ਤਾਂ ਕਈ ਵਾਰ ਉਨ੍ਹਾਂ ਨੂੰ ਅਜਿਹਾ ਮਹਿਸੂਸ ਹੁੰਦਾ ਹੈ ਜਿਵੇਂ ਉਹ ਖੁਦ ਮੈਦਾਨ 'ਤੇ ਖੇਡ ਰਹੇ ਹੋਣ।

### ਟੂਰਨਾਮੈਂਟਾਂ ਤੋਂ ਬਾਅਦ ਵੀ ਹਰਮਨਪ੍ਰੀਤ ਨਾਲ ਹੁੰਦੀ ਹੈ ਗੱਲਬਾਤ

ਜੁਗਰਾਜ ਸਿੰਘ ਨੇ ਦੱਸਿਆ ਕਿ ਉਹ ਹਰਮਨਪ੍ਰੀਤ ਦੇ ਸੰਪਰਕ ਵਿੱਚ ਰਹਿੰਦੇ ਹਨ। ਹਰ ਟੂਰਨਾਮੈਂਟ ਜਾਂ ਕੈਂਪ ਤੋਂ ਬਾਅਦ ਦੋਵਾਂ ਵਿਚਾਲੇ ਗੱਲਬਾਤ ਹੁੰਦੀ ਹੈ। ਉਹ ਹਰਮਨਪ੍ਰੀਤ ਦੀ ਖੇਡ ਨੂੰ ਬਾਰੀਕੀ ਨਾਲ ਦੇਖਦੇ ਹਨ ਅਤੇ ਲੋੜ ਮੁਤਾਬਕ ਉਸ ਨੂੰ ਆਪਣੀ ਸਲਾਹ ਵੀ ਦਿੰਦੇ ਹਨ।

ਸਾਬਕਾ ਖਿਡਾਰੀ ਨੇ ਕਿਹਾ ਕਿ ਹਰਮਨਪ੍ਰੀਤ ਵਿੱਚ ਇੱਕ ਅਜਿਹੀ ਕਾਬਲੀਅਤ ਹੈ ਜੋ ਉਸ ਨੂੰ ਮਹੱਤਵਪੂਰਨ ਮੈਚਾਂ ਵਿੱਚ ਹੋਰ ਖਿਡਾਰੀਆਂ ਤੋਂ ਵੱਖ ਕਰਦੀ ਹੈ। ਉਸ ਦੀ ਡਰੈਗ-ਫਲਿੱਕ, ਫਿਟਨੈੱਸ ਅਤੇ ਹਮਲਾਵਰ ਅੰਦਾਜ਼ ਭਾਰਤੀ ਟੀਮ ਲਈ ਵੱਡੀ ਤਾਕਤ ਹਨ।

### 2003 ਦੇ ਹਾਦਸੇ ਨੇ ਖ਼ਤਮ ਕਰ ਦਿੱਤਾ ਸੀ ਜੁਗਰਾਜ ਦਾ ਕਰੀਅਰ

ਜੁਗਰਾਜ ਸਿੰਘ ਖੁਦ ਭਾਰਤੀ ਹਾਕੀ ਦੇ ਬਿਹਤਰੀਨ ਡਰੈਗ-ਫਲਿੱਕਰਾਂ ਵਿੱਚ ਗਿਣੇ ਜਾਂਦੇ ਸਨ। ਹਾਲਾਂਕਿ 2003 ਵਿੱਚ ਵਾਪਰੇ ਇੱਕ ਸੜਕ ਹਾਦਸੇ ਤੋਂ ਬਾਅਦ ਉਨ੍ਹਾਂ ਦਾ ਖੇਡ ਕਰੀਅਰ ਅਚਾਨਕ ਖ਼ਤਮ ਹੋ ਗਿਆ ਸੀ। ਇਸ ਦੇ ਬਾਵਜੂਦ ਉਨ੍ਹਾਂ ਨੇ ਹਾਕੀ ਨਾਲ ਆਪਣਾ ਨਾਤਾ ਨਹੀਂ ਤੋੜਿਆ ਅਤੇ ਨਵੀਂ ਪੀੜ੍ਹੀ ਦੇ ਖਿਡਾਰੀਆਂ ਨੂੰ ਤਿਆਰ ਕਰਨ ਅਤੇ ਉਨ੍ਹਾਂ ਦੀ ਖੇਡ ਨੂੰ ਨਿਖਾਰਨ ਵਿੱਚ ਆਪਣਾ ਯੋਗਦਾਨ ਜਾਰੀ ਰੱਖਿਆ।

ਹੁਣ ਵਿਸ਼ਵ ਕੱਪ ਤੋਂ ਪਹਿਲਾਂ ਜੁਗਰਾਜ ਸਿੰਘ ਵੱਲੋਂ ਹਰਮਨਪ੍ਰੀਤ ਸਿੰਘ 'ਤੇ ਜਤਾਇਆ ਗਿਆ ਭਰੋਸਾ ਭਾਰਤੀ ਟੀਮ ਅਤੇ ਪ੍ਰਸ਼ੰਸਕਾਂ ਲਈ ਵੀ ਉਤਸ਼ਾਹ ਵਧਾਉਣ ਵਾਲਾ ਹੈ। ਭਾਰਤੀ ਹਾਕੀ ਪ੍ਰਸ਼ੰਸਕਾਂ ਦੀਆਂ ਨਜ਼ਰਾਂ ਹੁਣ ਹਰਮਨਪ੍ਰੀਤ ਦੀ ਡਰੈਗ-ਫਲਿੱਕ ਅਤੇ ਕਪਤਾਨੀ 'ਤੇ ਟਿਕੀਆਂ ਹੋਈਆਂ ਹਨ ਕਿ ਉਹ ਵੱਡੇ ਮੰਚ 'ਤੇ ਟੀਮ ਨੂੰ ਕਿੰਨੀ ਦੂਰ ਤੱਕ ਲੈ ਕੇ ਜਾਂਦੇ ਹਨ।

## ਸਲੀਮਾ ਟੇਟੇ ਦਾ ਵੱਡਾ ਐਲਾਨ: ਨੇਸ਼ਨਜ਼ ਕੱਪ ਤੋਂ ਬਾਅਦ ਹੁਣ ਵਿਸ਼ਵ ਕੱਪ 'ਤੇ ਨਜ਼ਰ, ਭਾਰਤ ਦਾ ਟੀਚਾ ਤਗ਼ਮਾ



ਭਾਰਤੀ ਮਹਿਲਾ ਹਾਕੀ ਟੀਮ ਦੀ ਕਪਤਾਨ ਨੇ ਕਿਹਾ- ਔਖੇ ਪੂਲ ਦੇ ਬਾਵਜੂਦ ਸਿਖਰਲੇ ਸਥਾਨ ਲਈ ਖੇਡਾਂਗੇ; ਨੇਸ਼ਨਜ਼ ਕੱਪ ਦੀ ਜਿੱਤ ਨਾਲ ਟੀਮ ਦਾ ਹੌਸਲਾ ਹੋਇਆ ਬੁਲੰਦ

ਨਿਊਜ਼ੀਲੈਂਡ ਵਿੱਚ ਐੱਫਆਈਐੱਚ ਨੇਸ਼ਨਜ਼ ਕੱਪ ਦਾ ਖ਼ਿਤਾਬ ਜਿੱਤਣ ਤੋਂ ਬਾਅਦ ਭਾਰਤੀ ਮਹਿਲਾ ਹਾਕੀ ਟੀਮ ਦਾ ਆਤਮਵਿਸ਼ਵਾਸ ਕਾਫ਼ੀ ਵਧ ਗਿਆ ਹੈ। ਹੁਣ ਟੀਮ ਦੀਆਂ ਨਜ਼ਰਾਂ 2026 ਦੇ ਹਾਕੀ ਵਿਸ਼ਵ ਕੱਪ 'ਤੇ ਟਿਕੀਆਂ ਹੋਈਆਂ ਹਨ।

ਭਾਰਤੀ ਟੀਮ ਦੀ ਕਪਤਾਨ ਸਲੀਮਾ ਟੇਟੇ ਨੇ ਸਾਫ਼ ਕੀਤਾ ਹੈ ਕਿ ਵਿਸ਼ਵ ਕੱਪ ਵਿੱਚ ਔਖੇ ਪੂਲ ਦਾ ਸਾਹਮਣਾ ਕਰਨ ਦੇ ਬਾਵਜੂਦ ਟੀਮ ਦਾ ਮੁੱਖ ਟੀਚਾ ਸਿਖਰਲਾ ਸਥਾਨ ਹਾਸਲ ਕਰਨਾ ਅਤੇ ਤਗ਼ਮੇ ਨਾਲ ਵਾਪਸ ਪਰਤਣਾ ਹੈ।

ਹਾਕੀ ਵਿਸ਼ਵ ਕੱਪ 15 ਤੋਂ 30 ਅਗਸਤ ਤੱਕ ਨੈਦਰਲੈਂਡਜ਼ ਅਤੇ ਬੈਲਜੀਅਮ ਦੀ ਸਾਂਝੀ ਮੇਜ਼ਬਾਨੀ ਵਿੱਚ ਕਰਵਾਇਆ ਜਾ ਰਿਹਾ ਹੈ। ਵਿਸ਼ਵ ਪੱਧਰ ਦੇ ਇਸ ਵੱਡੇ ਟੂਰਨਾਮੈਂਟ ਤੋਂ ਪਹਿਲਾਂ ਨੇਸ਼ਨਜ਼ ਕੱਪ ਵਿੱਚ ਮਿਲੀ ਜਿੱਤ ਨੇ ਭਾਰਤੀ ਖਿਡਾਰਨਾਂ ਦੇ ਹੌਸਲੇ ਨੂੰ ਹੋਰ ਮਜ਼ਬੂਤ ਕੀਤਾ ਹੈ।

ਸਲੀਮਾ ਟੇਟੇ ਨੇ ਕਿਹਾ ਕਿ ਨੇਸ਼ਨਜ਼ ਕੱਪ ਦੀ ਜਿੱਤ ਟੀਮ ਲਈ ਸਿਰਫ਼ ਇੱਕ ਖ਼ਿਤਾਬ ਨਹੀਂ, ਸਗੋਂ ਵਿਸ਼ਵ ਕੱਪ ਤੋਂ ਪਹਿਲਾਂ ਮਿਲਿਆ ਵੱਡਾ ਆਤਮਵਿਸ਼ਵਾਸ ਵੀ ਹੈ। ਉਨ੍ਹਾਂ ਮੁਤਾਬਕ ਇਸ ਜਿੱਤ ਤੋਂ ਬਾਅਦ ਟੀਮ ਨੂੰ ਆਪਣੇ ਖੇਡ 'ਤੇ ਹੋਰ ਭਰੋਸਾ ਹੋਇਆ ਹੈ ਅਤੇ ਖਿਡਾਰਨਾਂ ਵੱਡੇ ਮੁਕਾਬਲੇ ਲਈ ਪੂਰੀ ਤਰ੍ਹਾਂ ਤਿਆਰ ਹਨ।

### 'ਇਸ ਵਾਰ ਵਿਸ਼ਵ ਕੱਪ ਸਾਡਾ ਹੋਵੇਗਾ'

ਭਾਰਤੀ ਕਪਤਾਨ ਨੇ ਵਿਸ਼ਵ ਕੱਪ ਨੂੰ ਲੈ ਕੇ ਆਪਣੇ ਇਰਾਦੇ ਬਹੁਤ ਸਪੱਸ਼ਟ ਕਰਦਿਆਂ ਕਿਹਾ ਕਿ ਟੀਮ ਇਸ ਵਾਰ ਆਲਮੀ ਕੱਪ ਵਿੱਚ ਆਪਣਾ ਸਰਵੋਤਮ ਪ੍ਰਦਰਸ਼ਨ ਕਰਨ ਲਈ ਮੈਦਾਨ ਵਿੱਚ ਉਤਰੇਗੀ। ਉਨ੍ਹਾਂ ਕਿਹਾ ਕਿ ਭਾਰਤ ਸਮਝਦਾਰੀ ਨਾਲ ਹਮਲਾਵਰ ਹਾਕੀ ਖੇਡੇਗਾ ਅਤੇ ਟੀਮ ਦਾ ਟੀਚਾ ਤਗ਼ਮਾ ਜਿੱਤ ਕੇ ਵਾਪਸ ਪਰਤਣਾ ਹੈ।

ਸਲੀਮਾ ਨੇ ਆਪਣੀ ਟੀਮ 'ਤੇ ਪੂਰਾ ਭਰੋਸਾ ਜਤਾਉਂਦਿਆਂ ਕਿਹਾ ਕਿ ਭਾਰਤੀ ਟੀਮ ਵਿੱਚ ਇਹ ਵੱਡੀ ਉਪਲਬਧੀ ਹਾਸਲ ਕਰਨ ਦੀ ਪੂਰੀ ਸਮਰੱਥਾ ਮੌਜੂਦ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਨੇਸ਼ਨਜ਼ ਕੱਪ ਦੀ ਜਿੱਤ ਨਾਲ ਮਿਲੀ ਲੈਅ ਨੂੰ ਵਿਸ਼ਵ ਕੱਪ ਵਿੱਚ ਵੀ ਕਾਇਮ ਰੱਖਣਾ ਬੇਹੱਦ ਮਹੱਤਵਪੂਰਨ ਹੋਵੇਗਾ।

### ਹਰ ਮੈਚ ਨੂੰ ਮਿਲੇਗੀ ਪੂਰੀ ਤਰਜੀਹ

ਭਾਰਤੀ ਕਪਤਾਨ ਨੇ ਇਹ ਵੀ ਕਿਹਾ ਕਿ ਵਿਸ਼ਵ ਕੱਪ ਵਰਗੇ ਵੱਡੇ ਟੂਰਨਾਮੈਂਟ ਵਿੱਚ ਕਿਸੇ ਵੀ ਮੁਕਾਬਲੇ ਨੂੰ ਹਲਕੇ ਵਿੱਚ ਨਹੀਂ ਲਿਆ ਜਾ ਸਕਦਾ। ਟੀਮ ਹਰ ਮੈਚ ਨੂੰ ਪੂਰੀ ਗੰਭੀਰਤਾ ਨਾਲ ਲਵੇਗੀ ਅਤੇ ਮੁਕਾਬਲਾ ਦਰ ਮੁਕਾਬਲਾ ਅੱਗੇ ਵਧਣ 'ਤੇ ਧਿਆਨ ਕੇਂਦਰਿਤ ਕਰੇਗੀ।

ਉਨ੍ਹਾਂ ਕਿਹਾ ਕਿ ਔਖੇ ਪੂਲ ਵਿੱਚ ਹੋਣ ਕਾਰਨ ਹਰ ਮੁਕਾਬਲਾ ਚੁਣੌਤੀਪੂਰਨ ਹੋਵੇਗਾ, ਪਰ ਟੀਮ ਦਾ ਧਿਆਨ ਦਬਾਅ ਵਿੱਚ ਆਉਣ ਦੀ ਬਜਾਏ ਆਪਣੀ ਖੇਡ 'ਤੇ ਕੇਂਦਰਿਤ ਰੱਖਣ 'ਤੇ ਹੋਵੇਗਾ। ਭਾਰਤੀ ਖਿਡਾਰਨਾਂ ਆਪਣੇ ਹਮਲਾਵਰ ਅੰਦਾਜ਼ ਦੇ ਨਾਲ ਮਜ਼ਬੂਤ ਰੱਖਿਆ ਅਤੇ ਟੀਮ ਵਰਕ ਨੂੰ ਵੀ ਤਰਜੀਹ ਦੇਣਗੀਆਂ।

ਨੇਸ਼ਨਜ਼ ਕੱਪ ਵਿੱਚ ਸ਼ਾਨਦਾਰ ਪ੍ਰਦਰਸ਼ਨ ਤੋਂ ਬਾਅਦ ਭਾਰਤੀ ਮਹਿਲਾ ਹਾਕੀ ਟੀਮ ਹੁਣ ਵਿਸ਼ਵ ਕੱਪ ਵਿੱਚ ਆਪਣੀ ਉਸੇ ਲੈਅ ਨੂੰ ਕਾਇਮ ਰੱਖਣ ਦੀ ਕੋਸ਼ਿਸ਼ ਕਰੇਗੀ। ਸਲੀਮਾ ਟੇਟੇ ਦੇ ਭਰੋਸੇ ਭਰੇ ਬਿਆਨ ਤੋਂ ਸਪੱਸ਼ਟ ਹੈ ਕਿ ਟੀਮ ਸਿਰਫ਼ ਹਿੱਸਾ ਲੈਣ ਲਈ ਨਹੀਂ, ਸਗੋਂ ਖ਼ਿਤਾਬੀ ਦੌੜ ਵਿੱਚ ਮਜ਼ਬੂਤੀ ਨਾਲ ਅੱਗੇ ਵਧਣ ਦੇ ਇਰਾਦੇ ਨਾਲ ਮੈਦਾਨ ਵਿੱਚ ਉਤਰੇਗੀ।



Gary's Holistic Health Restoration Centre
Gurpreet (Gary) S. Mangat
Holistic Nutritionist & Homeopath
M.A. C.N.P., R.O.H.P. (Canada)
Ph : 604-808-8769
Email : garymangat@yahoo.ca
14468 55 Ave Surrey, BC V3X, 0H5
www.garymangat.com
Natural Healing methods for :
Obesity, Asthma, Skin Disease, Diabetes
Cardiovascular Disease, Heart Problems
Fatty Liver, Stroke, Gastric Problems,
Depression, Psoriasis, Cancer,
Cholesterol, E.N.T. Diabetes,
Drug addiction and more...
Natural Healing With Homeopathy,
Ayurveda, Naturopathy & Herbal Medicine
HEALTH & LIFE SKILLS COACH
GET YOUR HEALTH ON TRACK
BY APPOINTMENT ONLY



## ਸਿਹਤ-ਸੰਭਾਲ



# ਔਰਤਾਂ ਨੂੰ ਮਰਦਾਂ ਨਾਲੋਂ ਜ਼ਿਆਦਾ ਠੰਢ ਕਿਉਂ ਲੱਗਦੀ ਹੈ?

## ਸਿਰਫ਼ ਵਹਿਮ ਨਹੀਂ, ਸਰੀਰਕ ਬਣਤਰ ਤੋਂ ਹਾਰਮੋਨ ਤੱਕ ਕਈ ਕਾਰਨ ਜ਼ਿੰਮੇਵਾਰ



ਘਰ, ਦਫ਼ਤਰ ਜਾਂ ਕਿਸੇ ਹੋਰ ਬੰਦ ਥਾਂ ’ਤੇ ਅਕਸਰ ਅਜਿਹਾ ਦੇਖਣ ਨੂੰ ਮਿਲਦਾ ਹੈ ਕਿ ਮਰਦ ਅਤੇ ਔਰਤਾਂ ਏਅਰ ਕੰਡੀਸ਼ਨਰ ਦੇ ਤਾਪਮਾਨ ਨੂੰ ਲੈ ਕੇ ਵੱਖ-ਵੱਖ ਰਾਏ ਰੱਖਦੇ ਹਨ। ਜਿੱਥੇ ਮਰਦ ਅਕਸਰ ਤਾਪਮਾਨ ਹੋਰ ਘੱਟ ਕਰਨ ਦੀ ਮੰਗ ਕਰਦੇ ਹਨ, ਉੱਥੇ ਔਰਤਾਂ ਨੂੰ ਉਹੀ ਤਾਪਮਾਨ ਵੱਧ ਠੰਢਾ ਮਹਿਸੂਸ ਹੋ ਸਕਦਾ ਹੈ ਅਤੇ ਉਹ ਤਾਪਮਾਨ ਵਧਾਉਣ ਲਈ ਕਹਿੰਦੀਆਂ ਹਨ। ਹੁਣ ਸਵਾਲ ਇਹ ਹੈ ਕਿ ਕੀ ਔਰਤਾਂ ਨੂੰ ਸੱਚਮੁੱਚ ਮਰਦਾਂ ਦੇ ਮੁਕਾਬਲੇ ਜ਼ਿਆਦਾ ਠੰਢ ਲੱਗਦੀ ਹੈ ਜਾਂ ਇਹ ਸਿਰਫ਼ ਇੱਕ ਆਮ ਧਾਰਨਾ ਹੈ?

ਵੱਖ-ਵੱਖ ਵਿਗਿਆਨਕ ਅਧਿਐਨਾਂ ਵਿੱਚ ਇਸ ਗੱਲ ਦੇ ਸੰਕੇਤ ਮਿਲੇ ਹਨ ਕਿ ਔਰਤਾਂ ਅਤੇ ਮਰਦਾਂ ਦੇ ਸਰੀਰ ਵਿੱਚ ਤਾਪਮਾਨ ਨੂੰ ਮਹਿਸੂਸ ਕਰਨ ਅਤੇ ਗਰਮੀ ਪੈਦਾ ਕਰਨ ਦੇ ਤਰੀਕੇ ਵਿੱਚ ਅੰਤਰ ਹੋ ਸਕਦਾ ਹੈ। ਇਸ ਦੇ ਪਿੱਛੇ ਸਰੀਰ ਦੀ ਮੈਟਾਬੋਲਿਕ ਦਰ, ਮਾਸਪੇਸ਼ੀਆਂ ਦਾ ਪੁੰਜ, ਹਾਰਮੋਨ ਅਤੇ ਸਰੀਰ ਵਿੱਚ ਖ਼ੂਨ ਦੇ ਪ੍ਰਵਾਹ ਵਰਗੇ ਕਈ ਕਾਰਕ ਮੰਨੇ ਜਾਂਦੇ ਹਨ।

### ਔਰਤਾਂ ਲਈ ਆਰਾਮਦਾਇਕ ਤਾਪਮਾਨ ਵੱਧ ਹੋ ਸਕਦਾ ਹੈ

ਵਿਗਿਆਨਕ ਖੋਜਾਂ ਅਨੁਸਾਰ ਔਰਤਾਂ ਦਾ ਆਰਾਮਦਾਇਕ ਤਾਪਮਾਨ ਮਰਦਾਂ ਦੇ ਮੁਕਾਬਲੇ ਕੁਝ ਵੱਧ ਹੋ ਸਕਦਾ ਹੈ। ਕੁਝ ਅਧਿਐਨਾਂ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਔਰਤਾਂ ਨੂੰ ਲਗਭਗ 24 ਤੋਂ 25 ਡਿਗਰੀ ਸੈਲਸੀਅਸ ਦੇ ਆਸ-ਪਾਸ ਤਾਪਮਾਨ ਵਧੇਰੇ ਆਰਾਮਦਾਇਕ ਲੱਗ ਸਕਦਾ ਹੈ। ਇਸ ਦਾ ਮਤਲਬ ਇਹ ਨਹੀਂ ਕਿ ਹਰ ਔਰਤ ਨੂੰ ਹਰ ਮਰਦ ਨਾਲੋਂ ਜ਼ਿਆਦਾ ਠੰਢ ਲੱਗੇਗੀ। ਤਾਪਮਾਨ ਮਹਿਸੂਸ ਕਰਨ ਦੀ ਸਮਰੱਥਾ ਵਿਅਕਤੀ ਤੋਂ ਵਿਅਕਤੀ ਵੱਖਰੀ ਹੁੰਦੀ ਹੈ ਅਤੇ ਇਸ ’ਤੇ ਉਮਰ, ਸਰੀਰਕ ਬਣਤਰ, ਕੱਪੜੇ, ਸਰੀਰਕ ਸਰਗਰਮੀ ਅਤੇ ਸਿਹਤ ਸਮੇਤ ਕਈ ਕਾਰਕ ਪ੍ਰਭਾਵ ਪਾਉਂਦੇ ਹਨ।

### ਮੈਟਾਬੋਲਿਕ ਦਰ ਦਾ ਕੀ ਹੈ ਸਬੰਧ?

ਮੈਟਾਬੋਲਿਕ ਦਰ ਦਾ ਅਰਥ ਹੈ ਕਿ ਸਰੀਰ ਇੱਕ ਨਿਸ਼ਚਿਤ ਸਮੇਂ ਦੌਰਾਨ ਕਿੰਨੀ ਊਰਜਾ ਦੀ ਵਰਤੋਂ ਕਰਦਾ ਹੈ। ਜਦੋਂ ਸਰੀਰ ਆਰਾਮ ਦੀ ਸਥਿਤੀ ਵਿੱਚ ਵੀ ਦਿਲ, ਦਿਮਾਗ਼, ਫੇਫੜਿਆਂ ਅਤੇ ਹੋਰ ਮਹੱਤਵਪੂਰਨ ਅੰਗਾਂ ਨੂੰ ਚਲਾਉਣ ਲਈ ਊਰਜਾ ਵਰਤਦਾ ਹੈ ਤਾਂ ਇਸ ਨੂੰ ਬੇਸਲ ਮੈਟਾਬੋਲਿਕ ਰੇਟ ਜਾਂ ਬੀਐੱਮਆਰ ਕਿਹਾ ਜਾਂਦਾ ਹੈ।

ਸਰੀਰ ਦੀ ਮੈਟਾਬੋਲਿਕ ਦਰ ਜੈਨੇਟਿਕਸ, ਉਮਰ, ਸਰੀਰਕ ਬਣਤਰ, ਮਾਸਪੇਸ਼ੀਆਂ ਦੇ ਪੁੰਜ ਅਤੇ ਜੀਵਨ-ਸ਼ੈਲੀ ਵਰਗੇ ਕਾਰਕਾਂ ਨਾਲ ਪ੍ਰਭਾਵਿਤ ਹੁੰਦੀ ਹੈ। ਆਮ ਤੌਰ ’ਤੇ ਜਿਸ ਵਿਅਕਤੀ ਦੇ ਸਰੀਰ ਵਿੱਚ ਮਾਸਪੇਸ਼ੀਆਂ ਦਾ ਪੁੰਜ ਵੱਧ ਹੁੰਦਾ ਹੈ, ਉਸ ਦਾ ਆਰਾਮ ਦੌਰਾਨ ਊਰਜਾ ਖਰਚ ਵੀ ਵੱਧ ਹੋ ਸਕਦਾ ਹੈ।

ਮੈਟਾਬੋਲਿਕ ਦਰ ਦਾ ਅੰਦਾਜ਼ਾ ਆਕਸੀਜਨ ਦੀ ਖਪਤ, ਕਾਰਬਨ ਡਾਈਆਕਸਾਈਡ ਦੇ ਨਿਕਾਸ ਅਤੇ ਸਰੀਰ ਵੱਲੋਂ ਪੈਦਾ ਕੀਤੀ ਜਾ ਰਹੀ ਗਰਮੀ ਵਰਗੇ ਤਰੀਕਿਆਂ ਨਾਲ ਲਗਾਇਆ ਜਾ ਸਕਦਾ ਹੈ।

### ਮਰਦਾਂ ਵਿੱਚ ਮਾਸਪੇਸ਼ੀਆਂ ਦਾ ਪੁੰਜ ਵੀ ਕਰ ਸਕਦਾ ਹੈ ਫ਼ਰਕ

ਔਸਤਨ ਮਰਦਾਂ ਵਿੱਚ ਔਰਤਾਂ ਦੇ ਮੁਕਾਬਲੇ ਮਾਸਪੇਸ਼ੀਆਂ ਦਾ ਪੁੰਜ ਵੱਧ ਹੁੰਦਾ ਹੈ। ਮਾਸਪੇਸ਼ੀਆਂ ਸਰੀਰ ਵਿੱਚ ਗਰਮੀ ਪੈਦਾ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਇਸ ਲਈ ਵੱਧ ਮਾਸਪੇਸ਼ੀ ਪੁੰਜ ਵਾਲੇ ਵਿਅਕਤੀ ਦਾ ਸਰੀਰ ਆਰਾਮ ਦੀ ਸਥਿਤੀ ਵਿੱਚ ਵੀ ਤੁਲਨਾਤਮਕ ਤੌਰ ’ਤੇ ਵੱਧ ਗਰਮੀ ਪੈਦਾ ਕਰ ਸਕਦਾ ਹੈ।

ਦੂਜੇ ਪਾਸੇ, ਔਰਤਾਂ ਦੇ ਸਰੀਰ ਵਿੱਚ ਔਸਤਨ ਮਾਸਪੇਸ਼ੀਆਂ ਦਾ ਪੁੰਜ ਘੱਟ ਅਤੇ ਸਰੀਰ ਦੀ ਚਰਬੀ ਦਾ ਅਨੁਪਾਤ ਵੱਧ ਹੋ ਸਕਦਾ ਹੈ। ਇਸ ਕਾਰਨ ਗਰਮੀ ਪੈਦਾ ਕਰਨ ਅਤੇ ਸਰੀਰ ਦੇ ਵੱਖ-ਵੱਖ ਹਿੱਸਿਆਂ ਤੱਕ ਗਰਮੀ ਪਹੁੰਚਾਉਣ ਦੇ ਤਰੀਕੇ ਵਿੱਚ ਫ਼ਰਕ ਪੈ ਸਕਦਾ ਹੈ।

ਇਹੀ ਕਾਰਨ ਹੈ ਕਿ ਇੱਕੋ ਕਮਰੇ ਵਿੱਚ ਬੈਠੇ ਮਰਦ ਅਤੇ ਔਰਤ ਨੂੰ ਇੱਕੋ ਤਾਪਮਾਨ ’ਤੇ ਵੱਖਰੀ ਤਰ੍ਹਾਂ ਦੀ ਠੰਢ ਮਹਿਸੂਸ ਹੋ ਸਕਦੀ ਹੈ।

### ਹਾਰਮੋਨ ਵੀ ਕਰ ਸਕਦੇ ਹਨ ਅਸਰ

ਔਰਤਾਂ ਵਿੱਚ ਐਸਟ੍ਰੋਜਨ ਅਤੇ ਪ੍ਰੋਜੇਸਟ੍ਰੋਨ ਵਰਗੇ ਹਾਰਮੋਨ ਸਰੀਰ ਦੇ ਤਾਪਮਾਨ ਅਤੇ ਖ਼ੂਨ ਦੇ ਪ੍ਰਵਾਹ ਨੂੰ ਪ੍ਰਭਾਵਿਤ ਕਰਦੇ ਹਨ। ਇਨ੍ਹਾਂ ਹਾਰਮੋਨਾਂ ਦਾ ਪੱਧਰ ਮਹੀਨੇ ਦੌਰਾਨ ਮਾਹਵਾਰੀ ਚੱਕਰ ਦੇ ਵੱਖ-ਵੱਖ ਪੜਾਵਾਂ ਵਿੱਚ ਬਦਲਦਾ ਰਹਿੰਦਾ ਹੈ।

ਖੋਜਾਂ ਅਨੁਸਾਰ ਹਾਰਮੋਨਲ ਤਬਦੀਲੀਆਂ ਕਾਰਨ ਸਰੀਰ ਦੀ ਗਰਮੀ ਨੂੰ ਮਹਿਸੂਸ ਕਰਨ ਦੀ ਸਮਰੱਥਾ ਵਿੱਚ ਵੀ ਬਦਲਾਅ ਆ ਸਕਦਾ ਹੈ। ਖ਼ਾਸ ਤੌਰ ’ਤੇ ਓਵੂਲੇਸ਼ਨ ਤੋਂ ਬਾਅਦ ਪ੍ਰੋਜੇਸਟ੍ਰੋਨ ਦੇ ਪੱਧਰ ਵਿੱਚ ਵਾਧੇ ਨਾਲ ਮੁੱਖ ਸਰੀਰ ਦਾ ਤਾਪਮਾਨ ਕੁਝ ਵਧ ਸਕਦਾ ਹੈ।

ਇਸ ਦੌਰਾਨ ਸਰੀਰ ਆਪਣੇ ਅੰਦਰੂਨੀ ਤਾਪਮਾਨ ਨੂੰ ਕਾਇਮ ਰੱਖਣ ਲਈ ਵੱਖਰੇ ਢੰਗ ਨਾਲ ਪ੍ਰਤੀਕਿਰਿਆ ਕਰ ਸਕਦਾ ਹੈ, ਜਿਸ ਕਾਰਨ ਬਾਹਰੀ ਤਾਪਮਾਨ ਦਾ ਅਹਿਸਾਸ ਵੀ ਬਦਲ ਸਕਦਾ ਹੈ।

### ਹੱਥ-ਪੈਰ ਜ਼ਿਆਦਾ ਠੰਢੇ ਕਿਉਂ ਮਹਿਸੂਸ ਹੁੰਦੇ ਹਨ?

ਸਰੀਰ ਜਦੋਂ ਠੰਢੇ ਮਾਹੌਲ ਵਿੱਚ ਹੁੰਦਾ ਹੈ ਤਾਂ ਅੰਦਰੂਨੀ ਮਹੱਤਵਪੂਰਨ ਅੰਗਾਂ ਦਾ ਤਾਪਮਾਨ ਕਾਇਮ ਰੱਖਣ ਲਈ ਖ਼ੂਨ ਦੇ ਪ੍ਰਵਾਹ ਨੂੰ ਸਰੀਰ ਦੇ ਕੁਝ ਬਾਹਰੀ ਹਿੱਸਿਆਂ ਤੋਂ ਦੂਰ ਕਰ ਸਕਦਾ ਹੈ। ਇਸ ਕਾਰਨ ਹੱਥਾਂ, ਪੈਰਾਂ, ਕੰਨਾਂ ਅਤੇ ਉਂਗਲਾਂ ਵਿੱਚ ਠੰਢ ਵਧੇਰੇ ਮਹਿਸੂਸ ਹੋ ਸਕਦੀ ਹੈ।

ਹਾਰਮੋਨਲ ਤਬਦੀਲੀਆਂ ਵੀ ਖ਼ੂਨ ਦੀਆਂ ਨਾੜੀਆਂ ਦੇ ਫੈਲਣ ਅਤੇ ਸੁੰਗੜਨ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਇਸ ਕਾਰਨ ਸਰੀਰ ਦੇ ਬਾਹਰੀ ਹਿੱਸਿਆਂ ਦਾ ਤਾਪਮਾਨ ਅਤੇ ਠੰਢ ਮਹਿਸੂਸ ਕਰਨ ਦਾ ਤਜਰਬਾ ਵਿਅਕਤੀ ਅਨੁਸਾਰ ਬਦਲ ਸਕਦਾ ਹੈ।

### ਮੀਨੋਪੌਜ਼ ਤੋਂ ਬਾਅਦ ਸਥਿਤੀ ਬਦਲ ਸਕਦੀ ਹੈ

ਮੀਨੋਪੌਜ਼ ਤੋਂ ਬਾਅਦ ਐਸਟ੍ਰੋਜਨ ਅਤੇ ਹੋਰ ਹਾਰਮੋਨਾਂ ਵਿੱਚ ਆਉਣ ਵਾਲੀਆਂ ਤਬਦੀਲੀਆਂ ਕਾਰਨ ਸਰੀਰ ਦਾ ਤਾਪਮਾਨ ਨਿਯੰਤਰਣ ਪ੍ਰਭਾਵਿਤ ਹੋ ਸਕਦਾ ਹੈ। ਇਸ ਦੌਰਾਨ ਕਈ ਔਰਤਾਂ ਨੂੰ ਅਚਾਨਕ ਗਰਮੀ ਮਹਿਸੂਸ ਹੋਣ, ਜਿਸ ਨੂੰ ਹੌਟ ਫਲੈਸ਼ ਕਿਹਾ ਜਾਂਦਾ ਹੈ, ਵਰਗੇ ਤਜਰਬੇ ਹੋ ਸਕਦੇ ਹਨ।

ਇਸ ਲਈ ਇਹ ਕਹਿਣਾ ਸਹੀ ਨਹੀਂ ਹੋਵੇਗਾ ਕਿ ਔਰਤਾਂ ਨੂੰ ਹਰ ਉਮਰ ਅਤੇ ਹਰ ਸਥਿਤੀ ਵਿੱਚ ਮਰਦਾਂ ਨਾਲੋਂ ਜ਼ਿਆਦਾ ਠੰਢ ਹੀ ਲੱਗਦੀ ਹੈ। ਹਾਰਮੋਨਲ ਬਦਲਾਅ ਨਾਲ ਤਾਪਮਾਨ ਮਹਿਸੂਸ ਕਰਨ ਦਾ ਤਰੀਕਾ ਵੀ ਬਦਲ ਸਕਦਾ ਹੈ।

### ਕੀ ਜਾਨਵਰਾਂ ਵਿੱਚ ਵੀ ਮੈਟਾਬੋਲਿਕ ਦਰ ਦਾ ਇਹੀ ਸਿਧਾਂਤ ਹੈ?

ਮੈਟਾਬੋਲਿਜ਼ਮ ਅਤੇ ਸਰੀਰ ਦੇ ਆਕਾਰ ਵਿਚਕਾਰ ਸਬੰਧ ਸਿਰਫ਼ ਮਨੁੱਖਾਂ ਤੱਕ ਸੀਮਤ ਨਹੀਂ ਹੈ। ਜਾਨਵਰਾਂ ਵਿੱਚ ਵੀ ਸਰੀਰ ਦੇ ਆਕਾਰ ਅਤੇ ਊਰਜਾ ਦੀ ਖਪਤ ਵਿਚਕਾਰ ਸਬੰਧ ਦੇਖਿਆ ਜਾਂਦਾ ਹੈ।

ਆਮ ਤੌਰ ’ਤੇ ਛੋਟੇ ਜਾਨਵਰ ਆਪਣੇ ਸਰੀਰ ਦੇ ਪੁੰਜ ਦੀ ਪ੍ਰਤੀ ਇਕਾਈ ਦੇ ਹਿਸਾਬ ਨਾਲ ਵੱਧ ਊਰਜਾ ਖਰਚ ਕਰ ਸਕਦੇ ਹਨ, ਜਦੋਂਕਿ ਵੱਡੇ ਜਾਨਵਰਾਂ ਵਿੱਚ ਇਹ ਦਰ ਤੁਲਨਾਤਮਕ ਤੌਰ ’ਤੇ ਘੱਟ ਹੋ ਸਕਦੀ ਹੈ। ਹਾਲਾਂਕਿ ਵੱਖ-ਵੱਖ ਜਾਨਵਰਾਂ ਦੇ ਸਰੀਰਕ ਤਾਪਮਾਨ ਨੂੰ ਨਿਯੰਤਰਿਤ ਕਰਨ ਦੇ ਤਰੀਕੇ ਵੱਖਰੇ ਹੁੰਦੇ ਹਨ।

### ਤਾਂ ਕੀ ਔਰਤਾਂ ਨੂੰ ਸੱਚਮੁੱਚ ਜ਼ਿਆਦਾ ਠੰਢ ਲੱਗਦੀ ਹੈ?

ਵਿਗਿਆਨਕ ਸਬੂਤ ਇਹ ਦਰਸਾਉਂਦੇ ਹਨ ਕਿ ਔਰਤਾਂ ਅਤੇ ਮਰਦਾਂ ਵਿੱਚ ਤਾਪਮਾਨ ਮਹਿਸੂਸ ਕਰਨ ਅਤੇ ਸਰੀਰ ਦੀ ਗਰਮੀ ਪੈਦਾ ਕਰਨ ਵਿੱਚ ਔਸਤ ਅੰਤਰ ਹੋ ਸਕਦਾ ਹੈ। ਘੱਟ ਔਸਤ ਮੈਟਾਬੋਲਿਕ ਦਰ, ਮਾਸਪੇਸ਼ੀਆਂ ਦੇ ਪੁੰਜ ਵਿੱਚ ਫ਼ਰਕ ਅਤੇ ਹਾਰਮੋਨਲ ਤਬਦੀਲੀਆਂ ਇਸ ਵਿੱਚ ਭੂਮਿਕਾ ਨਿਭਾ ਸਕਦੀਆਂ ਹਨ।

ਪਰ ਇਸ ਨੂੰ ਕੋਈ ਪੱਕਾ ਨਿਯਮ ਨਹੀਂ ਮੰਨਿਆ ਜਾ ਸਕਦਾ। ਹਰ ਵਿਅਕਤੀ ਦੀ ਤਾਪਮਾਨ ਪ੍ਰਤੀ ਸੰਵੇਦਨਸ਼ੀਲਤਾ ਵੱਖਰੀ ਹੁੰਦੀ ਹੈ। ਇਸ ਤੋਂ ਇਲਾਵਾ, ਇਸ ਵਿਸ਼ੇ ’ਤੇ ਹੋਰ ਵਿਗਿਆਨਕ ਅਧਿਐਨਾਂ ਦੀ ਲੋੜ ਵੀ ਮੰਨੀ ਜਾਂਦੀ ਹੈ, ਤਾਂ ਜੋ ਇਹ ਸਮਝਿਆ ਜਾ ਸਕੇ ਕਿ ਲਿੰਗ, ਸਰੀਰਕ ਬਣਤਰ, ਹਾਰਮੋਨ ਅਤੇ ਵਾਤਾਵਰਣ ਆਪਸ ਵਿੱਚ ਮਿਲ ਕੇ ਤਾਪਮਾਨ ਦੇ ਅਹਿਸਾਸ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ।

ਇਸ ਲਈ ਅਗਲੀ ਵਾਰ ਜਦੋਂ ਘਰ ਜਾਂ ਦਫ਼ਤਰ ਵਿੱਚ ਏਅਰ ਕੰਡੀਸ਼ਨਰ ਦੇ ਤਾਪਮਾਨ ਨੂੰ ਲੈ ਕੇ ਬਹਿਸ ਹੋਵੇ ਤਾਂ ਇਹ ਸਿਰਫ਼ ਪਸੰਦ ਜਾਂ ਨਖਰੇ ਦਾ ਮਾਮਲਾ ਨਹੀਂ ਹੋ ਸਕਦਾ। ਸਰੀਰਕ ਬਣਤਰ ਅਤੇ ਤਾਪਮਾਨ ਨੂੰ ਨਿਯੰਤਰਿਤ ਕਰਨ ਵਾਲੀਆਂ ਕੁਦਰਤੀ ਪ੍ਰਕਿਰਿਆਵਾਂ ਵੀ ਇਸ ਵਿੱਚ ਆਪਣੀ ਭੂਮਿਕਾ ਨਿਭਾ ਸਕਦੀਆਂ ਹਨ।

# ਹਲਦੀ ਦੇ ਸਿਹਤਮੰਦ ਹੋਣ ਦੇ ਦਾਅਵਿਆਂ ਦੀ ਕਿੰਨੀ ਸੱਚਾਈ?

## ਮਾਹਿਰਾਂ ਨੇ ਸਪਲੀਮੈਂਟਸ ਬਾਰੇ ਦਿੱਤੀ ਵੱਡੀ ਚੇਤਾਵਨੀ



ਕਰਕਿਊਮਿਨ ਨੂੰ ਲੈ ਕੇ ਸੋਸ਼ਲ ਮੀਡੀਆ ’ਤੇ ਵੱਡੇ ਦਾਅਵੇ, ਪਰ ਵਿਗਿਆਨਕ ਖੋਜਾਂ ਵਿੱਚ ਤਸਵੀਰ ਵੱਖਰੀ; ਮਾਹਿਰਾਂ ਮੁਤਾਬਕ ਹਲਦੀ ਨੂੰ ਖਾਣੇ ਵਿੱਚ ਵਰਤਣਾ ਠੀਕ, ਪਰ ਮਹਿੰਗੇ ਸਪਲੀਮੈਂਟਸ ਦੇ ਫਾਇਦਿਆਂ ਦੇ ਪੁਖ਼ਤਾ ਸਬੂਤ ਨਹੀਂ

ਹਲਦੀ ਭਾਰਤੀ ਰਸੋਈ ਦਾ ਇੱਕ ਅਹਿਮ ਮਸਾਲਾ ਹੈ। ਭਾਰਤੀ ਚਿਕਨ ਤੋਂ ਲੈ ਕੇ ਪੰਜਾਬੀ ਸਬਜ਼ੀਆਂ, ਦਾਲਾਂ ਅਤੇ ਹੋਰ ਕਈ ਪਕਵਾਨਾਂ ਵਿੱਚ ਇਸ ਦੀ ਵਰਤੋਂ ਸਦੀਆਂ ਤੋਂ ਹੁੰਦੀ ਆ ਰਹੀ ਹੈ। ਦੱਖਣੀ ਏਸ਼ੀਆ ਤੋਂ ਇਲਾਵਾ ਹਲਦੀ ਦੀ ਵਰਤੋਂ ਏਸ਼ੀਆ, ਅਫ਼ਰੀਕਾ, ਦੱਖਣੀ ਅਮਰੀਕਾ ਅਤੇ ਦੁਨੀਆ ਦੇ ਕਈ ਹੋਰ ਹਿੱਸਿਆਂ ਵਿੱਚ ਵੀ ਕੀਤੀ ਜਾਂਦੀ ਹੈ। ਪਰ ਹੁਣ ਸਵਾਲ ਇਹ ਉੱਠ ਰਿਹਾ ਹੈ ਕਿ ਖਾਣੇ ਦਾ ਸੁਆਦ ਅਤੇ ਰੰਗ ਵਧਾਉਣ ਵਾਲੀ ਹਲਦੀ ਕੀ ਵਾਕਈ ਸਿਹਤ ਲਈ ਵੀ ਇੰਨੀ ਹੀ ਫ਼ਾਇਦੇਮੰਦ ਹੈ, ਜਿੰਨੇ ਦਾਅਵੇ ਇਸ ਬਾਰੇ ਕੀਤੇ ਜਾਂਦੇ ਹਨ?

ਦੱਖਣੀ ਏਸ਼ੀਆਈ ਪਰਵਾਸੀ ਭਾਈਚਾਰੇ ਸਬੰਧੀ ਮਾਹਿਰ, ਖੁਰਾਕ ਖੋਜਕਾਰ ਅਤੇ ਪੌਡਕਾਸਟਰ ਰਾਗਿਨੀ ਕਸ਼ਯਪ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਪੰਜਾਬੀ ਪਰਿਵਾਰ ਵਿੱਚ ਹਲਦੀ ਦੀ ਵਰਤੋਂ ਲਗਭਗ ਹਰ ਤਰ੍ਹਾਂ ਦੇ ਪਕਵਾਨ ਵਿੱਚ ਹੁੰਦੀ ਰਹੀ ਹੈ। ਉਨ੍ਹਾਂ ਮੁਤਾਬਕ ਹਲਦੀ ਸਿਰਫ਼ ਇੱਕ ਮਸਾਲਾ ਨਹੀਂ, ਸਗੋਂ ਦੱਖਣੀ ਏਸ਼ੀਆਈ ਸੱਭਿਆਚਾਰ ਅਤੇ ਪਰੰਪਰਾਵਾਂ ਨਾਲ ਵੀ ਡੂੰਘੀ ਤਰ੍ਹਾਂ ਜੁੜੀ ਹੋਈ ਹੈ।

ਦੱਸਿਆ ਜਾਂਦਾ ਹੈ ਕਿ ਹਲਦੀ ਦੀਆਂ ਲਗਭਗ 30 ਕਿਸਮਾਂ ਹਨ ਅਤੇ ਇਸ ਦੀ ਵਰਤੋਂ ਵੱਖ-ਵੱਖ ਦੇਸ਼ਾਂ ਦੇ ਖਾਣਿਆਂ ਵਿੱਚ ਕੀਤੀ ਜਾਂਦੀ ਹੈ। ਦੱਖਣੀ ਏਸ਼ੀਆ ਵਿੱਚ ਹਲਦੀ ਨੂੰ ਲੰਬੇ ਸਮੇਂ ਤੋਂ ਐਂਟੀਸੈਪਟਿਕ ਅਤੇ ਸੋਜ ਘਟਾਉਣ ਵਾਲੇ ਗੁਣਾਂ ਵਾਲਾ ਮੰਨਿਆ ਜਾਂਦਾ ਰਿਹਾ ਹੈ। ਭਾਰਤ ਵਿੱਚ ਵਿਆਹ ਤੋਂ ਪਹਿਲਾਂ ਹੋਣ ਵਾਲੀ ‘ਹਲਦੀ ਦੀ ਰਸਮ’ ਵੀ ਇਸ ਦੀ ਸੱਭਿਆਚਾਰਕ ਮਹੱਤਤਾ ਦੀ ਇੱਕ ਵੱਡੀ ਮਿਸਾਲ ਹੈ, ਜਿਸ ਵਿੱਚ ਲਾੜੇ ਅਤੇ ਲਾੜੀ ਨੂੰ ਹਲਦੀ ਦਾ ਲੇਪ ਲਗਾਇਆ ਜਾਂਦਾ ਹੈ।

### ਕੀ ਹਲਦੀ ਸੱਚਮੁੱਚ ਦਵਾਈ ਵਾਂਗ ਕੰਮ ਕਰਦੀ ਹੈ?

ਹਲਦੀ ਨਾਲ ਜੁੜੇ ਸਿਹਤ ਸਬੰਧੀ ਦਾਅਵਿਆਂ ਦਾ ਸਭ ਤੋਂ ਵੱਡਾ ਕੇਂਦਰ ਇਸ ਵਿੱਚ ਮੌਜੂਦ ਕਰਕਿਊਮਿਨ ਨਾਮਕ ਤੱਤ ਹੈ। ਹਲਦੀ ਤੋਂ ਬਣੇ ਕਈ ਸਪਲੀਮੈਂਟਸ ਨੂੰ ਜੋੜਾਂ ਅਤੇ ਹੱਡੀਆਂ ਦੀ ਸਿਹਤ ਸੁਧਾਰਨ, ਸੋਜ ਘਟਾਉਣ ਅਤੇ ਰੋਗ-ਪ੍ਰਤੀਰੋਧਕ ਸਮਰੱਥਾ ਵਧਾਉਣ ਵਰਗੇ ਕਈ ਫਾਇਦਿਆਂ ਨਾਲ ਜੋੜਿਆ ਜਾਂਦਾ ਹੈ।

ਸੋਸ਼ਲ ਮੀਡੀਆ ’ਤੇ ਵੀ ਹਲਦੀ ਅਤੇ ਕਰਕਿਊਮਿਨ ਨਾਲ ਜੁੜੇ ਕਈ ਸਕਾਰਾਤਮਕ ਦਾਅਵੇ ਤੇ ਤਜਰਬੇ ਸਾਂਝੇ ਕੀਤੇ ਜਾਂਦੇ ਹਨ। ਇਸ ਕਾਰਨ ਹਲਦੀ ਤੋਂ ਬਣੇ ਸਪਲੀਮੈਂਟਸ ਦੀ ਲੋਕਪ੍ਰਿਯਤਾ ਵੀ ਵਧੀ ਹੈ। ਪਰ ਮਾਹਿਰਾਂ ਦਾ ਕਹਿਣਾ ਹੈ ਕਿ ਕਿਸੇ ਵਿਅਕਤੀ ਦਾ ਨਿੱਜੀ ਤਜਰਬਾ ਅਤੇ ਵਿਗਿਆਨਕ ਤੌਰ ’ਤੇ ਸਾਬਤ ਹੋਇਆ ਇਲਾਜ ਇੱਕੋ ਗੱਲ ਨਹੀਂ ਹੁੰਦੇ।

### ਕਰਕਿਊਮਿਨ ’ਤੇ ਸਵਾਲ ਕਿਉਂ ਉੱਠ ਰਹੇ ਹਨ?

ਅਮਰੀਕਾ ਦੇ ਮਿਨੇਸੋਟਾ ਵਿੱਚ ਰਹਿਣ ਵਾਲੀ ਕੈਮਿਸਟ ਡਾਕਟਰ ਕੈਥਰਿਨ ਨੈਲਸਨ ਨੇ ਕਰਕਿਊਮਿਨ ਨਾਲ ਸਬੰਧਤ 100 ਤੋਂ ਵੱਧ ਖੋਜ ਪੱਤਰਾਂ ਦੀ ਸਮੀਖਿਆ ਕੀਤੀ ਹੈ। ਉਨ੍ਹਾਂ ਮੁਤਾਬਕ ਕਰਕਿਊਮਿਨ ਬਾਰੇ ਅਕਸਰ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਇਹ ਕਈ ਤਰ੍ਹਾਂ ਦੀਆਂ ਸਿਹਤ ਸਮੱਸਿਆਵਾਂ ਵਿੱਚ ਫਾਇਦਾ ਪਹੁੰਚਾ ਸਕਦਾ ਹੈ, ਪਰ ਉਪਲਬਧ ਸਬੂਤ ਇਨ੍ਹਾਂ ਦਾਅਵਿਆਂ ਨੂੰ ਹਰ ਮਾਮਲੇ ਵਿੱਚ ਮਜ਼ਬੂਤ ਤਰੀਕੇ ਨਾਲ ਸਾਬਤ ਨਹੀਂ ਕਰਦੇ।

ਉਨ੍ਹਾਂ ਅਨੁਸਾਰ ਕਰਕਿਊਮਿਨ ਦੀ ਰਸਾਇਣਕ ਬਣਤਰ ਵੀ ਇੱਕ ਚੁਣੌਤੀ ਹੈ। ਇਹ ਕਾਫ਼ੀ ਜ਼ਿਆਦਾ ਪ੍ਰਤੀਕਿਰਿਆਸ਼ੀਲ ਤੱਤ ਹੈ ਅਤੇ ਪ੍ਰਯੋਗਸ਼ਾਲਾ ਵਿੱਚ ਕੀਤੇ ਕੁਝ ਟੈਸਟਾਂ ਵਿੱਚ ਅਜਿਹੇ ਨਤੀਜੇ ਦੇ ਸਕਦਾ ਹੈ, ਜਿਨ੍ਹਾਂ ਤੋਂ ਇਹ ਲੱਗੇ ਕਿ ਤੱਤ ਪ੍ਰਭਾਵਸ਼ਾਲੀ ਹੈ, ਜਦਕਿ ਸਰੀਰ ਵਿੱਚ ਉਸੇ ਤਰ੍ਹਾਂ ਦਾ ਅਸਰ ਹੋਣਾ ਜ਼ਰੂਰੀ ਨਹੀਂ।

ਇੱਕ ਹੋਰ ਵੱਡੀ ਸਮੱਸਿਆ ਇਹ ਹੈ ਕਿ ਮੂੰਹ ਰਾਹੀਂ ਲੈਣ ਤੋਂ ਬਾਅਦ ਕਰਕਿਊਮਿਨ ਦੀ ਬਹੁਤ ਥੋੜ੍ਹੀ ਮਾਤਰਾ ਹੀ ਖ਼ੂਨ ਦੇ ਪ੍ਰਵਾਹ ਵਿੱਚ ਪਹੁੰਚਦੀ ਹੈ। ਇਸ ਦੀ ਸੋਖਣ ਸਮਰੱਥਾ ਵਧਾਉਣ ਲਈ ਕਈ ਸਪਲੀਮੈਂਟਸ ਵਿੱਚ ਕਾਲੀ ਮਿਰਚ ਜਾਂ ਇਸ ਵਿੱਚ ਮੌਜੂਦ ਪਾਈਪਰੀਨ ਦੀ ਵਰਤੋਂ ਕੀਤੀ ਜਾਂਦੀ ਹੈ।

### ਮਨੁੱਖਾਂ ’ਤੇ ਹੋਈਆਂ ਖੋਜਾਂ ਵਿੱਚ ਕੀ ਸਾਹਮਣੇ ਆਇਆ?

ਕੈਨੇਡਾ ਦੇ ਓਂਟਾਰੀਓ ਸਥਿਤ ਲੰਦਨ ਹੈਲਥ ਸਾਇੰਸਿਜ਼ ਸੈਂਟਰ ਨਾਲ ਜੁੜੇ ਗੁਰਦੇ ਦੇ ਮਾਹਿਰ ਪ੍ਰੋਫ਼ੈਸਰ ਡਾਕਟਰ ਅਮਿਤ ਗਰਗ ਅਤੇ ਉਨ੍ਹਾਂ ਦੇ ਸਾਥੀਆਂ ਨੇ ਕਰਕਿਊਮਿਨ ਦੇ ਸਿਹਤ ਸਬੰਧੀ ਪ੍ਰਭਾਵਾਂ ਨੂੰ ਮਨੁੱਖਾਂ ’ਤੇ ਜਾਂਚਣ ਲਈ ਅਧਿਐਨ ਕੀਤੇ।

ਇੱਕ ਵੱਡੇ ਅਧਿਐਨ ਵਿੱਚ ਲਗਭਗ 600 ਮਰੀਜ਼ਾਂ ਨੂੰ ਸ਼ਾਮਲ ਕੀਤਾ ਗਿਆ। ਇਸ ਦਾ ਮਕਸਦ ਇਹ ਪਤਾ ਲਗਾਉਣਾ ਸੀ ਕਿ ਕੀ ਕਰਕਿਊਮਿਨ ਏਓਰਟਿਕ ਐਨਿਊਰਿਜ਼ਮ ਦੀ ਸਰਜਰੀ ਕਰਵਾਉਣ ਵਾਲੇ ਮਰੀਜ਼ਾਂ ਵਿੱਚ ਗੁਰਦੇ ਦੀ ਸੱਟ ਅਤੇ ਸੋਜ ਨੂੰ ਘਟਾਉਣ ਵਿੱਚ ਮਦਦ ਕਰ ਸਕਦਾ ਹੈ। ਪਰ ਅਧਿਐਨ ਵਿੱਚ ਇਸ ਦਾ ਕੋਈ ਸਪੱਸ਼ਟ ਫਾਇਦੇਮੰਦ ਪ੍ਰਭਾਵ ਸਾਹਮਣੇ ਨਹੀਂ ਆਇਆ।

ਇਸ ਤੋਂ ਬਾਅਦ ਗੁਰਦੇ ਦੀ ਬਿਮਾਰੀ ਵਾਲੇ ਲੋਕਾਂ ਵਿੱਚ ਕਰਕਿਊਮਿਨ ਦੇ ਛੋਟੇ ਕਣਾਂ ਦੀ ਵਰਤੋਂ ਕਰਕੇ ਇਹ ਜਾਂਚ ਕੀਤੀ ਗਈ ਕਿ ਕੀ ਇਸ ਨਾਲ ਗੁਰਦਿਆਂ ਦੀ ਸਿਹਤ ਵਿੱਚ ਸੁਧਾਰ ਹੋ ਸਕਦਾ ਹੈ ਜਾਂ ਬਿਮਾਰੀ ਦੇ ਵਧਣ ਨੂੰ ਰੋਕਿਆ ਜਾ ਸਕਦਾ ਹੈ। ਇਸ ਅਧਿਐਨ ਵਿੱਚ ਵੀ ਉਮੀਦ ਮੁਤਾਬਕ ਸਪੱਸ਼ਟ ਲਾਭ ਸਾਬਤ ਨਹੀਂ ਹੋ ਸਕਿਆ।

ਪ੍ਰੋਫ਼ੈਸਰ ਗਰਗ ਮੁਤਾਬਕ ਖੋਜ ਸ਼ੁਰੂ ਕਰਦੇ ਸਮੇਂ ਉਨ੍ਹਾਂ ਦਾ ਮਕਸਦ ਇਹ ਸਾਬਤ ਕਰਨਾ ਨਹੀਂ ਸੀ ਕਿ ਕਰਕਿਊਮਿਨ ਕੰਮ ਨਹੀਂ ਕਰਦਾ, ਸਗੋਂ ਉਹ ਇਹ ਪਤਾ ਲਗਾਉਣਾ ਚਾਹੁੰਦੇ ਸਨ ਕਿ ਇਸ ਨਾਲ ਅਸਲ ਵਿੱਚ ਕੋਈ ਸਿਹਤ ਲਾਭ ਹੁੰਦਾ ਹੈ ਜਾਂ ਨਹੀਂ।

### ਸਦੀਆਂ ਤੋਂ ਵਰਤੋਂ ਹੋ ਰਹੀ ਹੈ ਤਾਂ ਫਿਰ ਸਵਾਲ ਕਿਉਂ?

ਭਾਰਤ ਅਤੇ ਦੱਖਣੀ ਏਸ਼ੀਆ ਵਿੱਚ ਹਲਦੀ ਦੀ ਵਰਤੋਂ ਹਜ਼ਾਰਾਂ ਸਾਲਾਂ ਤੋਂ ਖਾਣੇ ਅਤੇ ਪਰੰਪਰਾਗਤ ਇਲਾਜਾਂ ਵਿੱਚ ਹੁੰਦੀ ਆ ਰਹੀ ਹੈ। ਇਸ ਲਈ ਇਹ ਸਵਾਲ ਵੀ ਮਹੱਤਵਪੂਰਨ ਹੈ ਕਿ ਜੇ ਲੋਕ ਲੰਬੇ ਸਮੇਂ ਤੋਂ ਇਸ ਨੂੰ ਵਰਤਦੇ ਆ ਰਹੇ ਹਨ ਤਾਂ ਇਸ ਦੇ ਫਾਇਦਿਆਂ ’ਤੇ ਸਵਾਲ ਕਿਉਂ ਉੱਠ ਰਹੇ ਹਨ?

ਮਾਹਿਰਾਂ ਦਾ ਕਹਿਣਾ ਹੈ ਕਿ ਪੂਰੀ ਹਲਦੀ ਨੂੰ ਖਾਣੇ ਵਿੱਚ ਮਸਾਲੇ ਵਜੋਂ ਵਰਤਣਾ ਅਤੇ ਇਸ ਵਿੱਚੋਂ ਕਿਸੇ ਇੱਕ ਰਸਾਇਣਕ ਤੱਤ ਨੂੰ ਵੱਡੀ ਮਾਤਰਾ ਵਿੱਚ ਕੱਢ ਕੇ ਸਪਲੀਮੈਂਟ ਦੇ ਰੂਪ ਵਿੱਚ ਲੈਣਾ ਦੋ ਵੱਖਰੀਆਂ ਗੱਲਾਂ ਹਨ। ਕਿਸੇ ਕੁਦਰਤੀ ਖੁਰਾਕੀ ਚੀਜ਼ ਦੀ ਪਰੰਪਰਾਗਤ ਵਰਤੋਂ ਆਪਣੇ ਆਪ ਵਿੱਚ ਇਹ ਸਾਬਤ ਨਹੀਂ ਕਰਦੀ ਕਿ ਉਸ ਦੇ ਕਿਸੇ ਇੱਕ ਤੱਤ ਦਾ ਕੇਂਦਰਿਤ ਰੂਪ ਦਵਾਈ ਵਾਂਗ ਕੰਮ ਕਰੇਗਾ।

### ਕੀ ਮਹਿੰਗੇ ਹਲਦੀ ਸਪਲੀਮੈਂਟ ਖਰੀਦਣੇ ਚਾਹੀਦੇ ਹਨ?

ਪ੍ਰੋਫ਼ੈਸਰ ਅਮਿਤ ਗਰਗ ਮੁਤਾਬਕ ਹਲਦੀ ਜਾਂ ਕਰਕਿਊਮਿਨ ਸਪਲੀਮੈਂਟਸ ਨੂੰ ਲੈ ਕੇ ਅਜੇ ਇੰਨੇ ਉੱਚ ਗੁਣਵੱਤਾ ਵਾਲੇ ਵਿਗਿਆਨਕ ਸਬੂਤ ਮੌਜੂਦ ਨਹੀਂ ਹਨ ਕਿ ਇਨ੍ਹਾਂ ਨੂੰ ਕਿਸੇ ਖ਼ਾਸ ਬਿਮਾਰੀ ਦੇ ਇਲਾਜ ਜਾਂ ਰੋਕਥਾਮ ਲਈ ਯਕੀਨੀ ਤੌਰ ’ਤੇ ਫ਼ਾਇਦੇਮੰਦ ਕਿਹਾ ਜਾ ਸਕੇ।

ਉਨ੍ਹਾਂ ਇਹ ਵੀ ਕਿਹਾ ਕਿ ਕੁਦਰਤੀ ਸਿਹਤ ਉਤਪਾਦਾਂ ’ਤੇ ਹਰ ਦੇਸ਼ ਵਿੱਚ ਉਹੋ ਜਿਹੇ ਸਖ਼ਤ ਨਿਯਮ ਨਹੀਂ ਹੁੰਦੇ ਜਿਹੜੇ ਦਵਾਈਆਂ ’ਤੇ ਲਾਗੂ ਹੁੰਦੇ ਹਨ। ਇਸ ਲਈ ਕਿਸੇ ਵੀ ਸਪਲੀਮੈਂਟ ਨੂੰ ਸਿਰਫ਼ ਇਸ ਦੇ ਇਸ਼ਤਿਹਾਰ, ਸੋਸ਼ਲ ਮੀਡੀਆ ’ਤੇ ਕੀਤੇ ਦਾਅਵਿਆਂ ਜਾਂ ਲੋਕਾਂ ਦੇ ਨਿੱਜੀ ਤਜਰਬਿਆਂ ਦੇ ਆਧਾਰ ’ਤੇ ਦਵਾਈ ਸਮਝਣਾ ਠੀਕ ਨਹੀਂ।

ਮਾਹਿਰਾਂ ਮੁਤਾਬਕ ਜੇਕਰ ਕੋਈ ਵਿਅਕਤੀ ਹਲਦੀ ਵਾਲਾ ਖਾਣਾ ਪਸੰਦ ਕਰਦਾ ਹੈ ਤਾਂ ਉਸ ਨੂੰ ਆਪਣੀ ਆਮ ਖੁਰਾਕ ਵਿੱਚ ਹਲਦੀ ਦੀ ਵਰਤੋਂ ਜਾਰੀ ਰੱਖਣ ਵਿੱਚ ਕੋਈ ਖ਼ਾਸ ਸਮੱਸਿਆ ਨਹੀਂ ਮੰਨੀ ਜਾਂਦੀ। ਪਰ ਹਲਦੀ ਵਾਲੇ ਖਾਣੇ ਅਤੇ ਕੇਂਦਰਿਤ ਕਰਕਿਊਮਿਨ ਸਪਲੀਮੈਂਟ ਨੂੰ ਇੱਕੋ ਜਿਹਾ ਸਮਝਣਾ ਠੀਕ ਨਹੀਂ।

ਇਸ ਲਈ ਹਲਦੀ ਨੂੰ ਭਾਰਤੀ ਖਾਣ-ਪੀਣ ਅਤੇ ਪਰੰਪਰਾ ਦਾ ਕੀਮਤੀ ਹਿੱਸਾ ਮੰਨਿਆ ਜਾ ਸਕਦਾ ਹੈ, ਪਰ ਇਸ ਨੂੰ ਹਰ ਬਿਮਾਰੀ ਦਾ ਇਲਾਜ ਜਾਂ ਕਰਕਿਊਮਿਨ ਸਪਲੀਮੈਂਟ ਨੂੰ ‘ਚਮਤਕਾਰੀ ਦਵਾਈ’ ਮੰਨਣ ਤੋਂ ਪਹਿਲਾਂ ਮਜ਼ਬੂਤ ਵਿਗਿਆਨਕ ਸਬੂਤਾਂ ਨੂੰ ਤਰਜੀਹ ਦੇਣੀ ਚਾਹੀਦੀ ਹੈ।



# ਸਭਿਆਚਾਰ



## ਕੌਮਾਂਤਰੀ ਭਾਸ਼ਾ ਹੁੰਦੀ ਹੈ ਫੋਟੋਗਰਾਫੀ

-ਹਰਭਜਨ ਸਿੰਘ ਬਾਜਵਾ



ਫੋਟੋਗਰਾਫੀ ਉਹ ਭਾਸ਼ਾ ਹੈ ਜਿਹੜੀ ਹਰ ਮਨੁੱਖ ਦੀ ਸਮਝ ਵਿੱਚ ਆ ਜਾਂਦੀ ਏ। ਕਿਸੇ ਮਨੁੱਖ ਨੇ ਭਾਵੇਂ ਕੋਈ ਭਾਸ਼ਾ ਨਾ ਪੜ੍ਹੀ ਹੋਵੇ, ਫੋਟੋਗਰਾਫੀ ਦੀ ਭਾਸ਼ਾ ਪੜ੍ਹ ਜਾਵੇਗਾ। ਅਸੀਂ ਜਦੋਂ ਬੱਚੇ ਨੂੰ ਸਕੂਲ ਊੜਾ-ਐੜਾ ਪੜ੍ਹਾਉਂਦੇ ਹਾਂ, ਪਰ ਊਠ ਲਿਖਣ ਦੀ ਥਾਂ ਊਠ ਦੀ ਤਸਵੀਰ ਛਾਪ ਦਿੰਦੇ ਹਾਂ। ਬੱਚਾ ਲਿਖੇ ਊਠ ਸ਼ਬਦ ਦੀ ਪਛਾਣ ਛੇਤੀ ਨਹੀਂ ਕਰੇਗਾ, ਪਰ ਊਠ ਦੀ ਤਸਵੀਰ ਵੇਖ ਕੇ ਊਠ ਸ਼ਬਦ ਯਾਦ ਕਰ ਲਵੇਗਾ।

ਮੈਂ 1979 ਵਿੱਚ ਬਾਲ ਦਿਵਸ ਉੱਤੇ ਚੰਡੀਗੜ੍ਹ ਵਿੱਚ ਬੱਚਿਆਂ ਦੀਆਂ ਤਸਵੀਰਾਂ ਦੀ ਨੁਮਾਇਸ਼ ਕੀਤੀ ਸੀ। ਇਸ ਦਾ ਉਦਘਾਟਨ ਕਰਨ ਤੋਂ ਪਹਿਲਾਂ ਸੁਖਦੇਵ ਸਿੰਘ ਢੀਂਡਸਾ ਨੇ ਮੈਨੂੰ ਆਖਿਆ, ‘‘ਬਾਜਵਾ, ਪੰਜਾਬ ਸਰਕਾਰ ਵੱਲੋਂ ਤੇਰਾ ਸਨਮਾਨ ਕੀਤਾ ਜਾਵੇਗਾ।” ਮੈਂ ਆਖਿਆ, ‘‘ਢੀਂਡਸਾ ਜੀ, ਪਹਿਲਾਂ ਉਦਘਾਟਨ ਕਰੋ। ਫੇਰ ਸਨਮਾਨ ਦੀ ਗੱਲ ਹੋਵੇਗੀ।” ਉਦਘਾਟਨ ਕਰਨ ਪਿੱਛੋਂ ਢੀਂਡਸਾ ਨੇ ਆਖਿਆ, ‘‘ਬਾਜਵਾ, ਤੂੰ ਤਾਂ ਸਰਕਾਰ ਦੇ ਵਿਰੋਧ ਵਿੱਚ ਬੱਚਿਆਂ ਦੀਆਂ ਸਾਰੀਆਂ ਤਸਵੀਰਾਂ ਪ੍ਰਦਰਸ਼ਿਤ ਕੀਤੀਆਂ ਹਨ। ਸਰਕਾਰ ਤੇਰਾ ਸਨਮਾਨ ਨਹੀਂ ਕਰ ਸਕਦੀ।”

ਮੈਂ ਆਖਿਆ, ‘‘ਸਨਮਾਨ ਨਾ ਕਰੋ। ਸਰਕਾਰ ਨਾਲ ਕੋਈ ਗਿਲਾ ਨਹੀਂ, ਪਰ ਇਨ੍ਹਾਂ ਬੱਚਿਆਂ ਦੀ ਕੋਈ ਸਰਕਾਰ ਨਹੀਂ, ਜਿਹੜੇ ਸੜਕਾਂ ਉੱਤੇ ਰੋੜੀ ਕੁੱਟਦੇ ਹਨ, ਜੁੱਤੀਆਂ ਪਾਲਿਸ਼ ਕਰਦੇ ਹਨ, ਹੋਟਲਾਂ ਦੇ ਭਾਂਡੇ ਮਾਂਜਦੇ ਹਨ। ਤੁਸੀਂ ਚੰਗੇ ਪਰਵਾਰ ਦੇ ਬੱਚੇ ਗਵਰਨਰ ਤੇ ਮੁੱਖ ਮੰਤਰੀ ਨੂੰ ਵਿਖਾਲਦੇ ਹੋ। ਇਨ੍ਹਾਂ ਬੱਚਿਆਂ ਦੀ ਭਲਾਈ ਲਈ ਕਦੀ ਕੋਈ ਕੰਮ ਕੀਤਾ ਏ? ਇਨ੍ਹਾਂ ਦੇ ਨਾਂਅ ਉੱਤੇ ਇਨ੍ਹਾਂ ਦੇ ਬਾਲ ਦਿਵਸ ਉੱਤੇ ਲੱਖਾਂ ਰੁਪਏ ਖਰਚ ਕਰ ਦੇਣੇ ਹਨ।” ਟੀ ਵੀ ਵਾਲੇ ਪਹਿਲਾਂ ਆਖਦੇ, ‘‘ਬਾਜਵਾ, ਤੇਰੀ ਇੰਟਰਵਿਊ ਕਰਾਂਗੇ।” ਉਹ ਵੀ ਤਸਵੀਰਾਂ ਦੇਖ ਕੇ ਨਾਂਹ ਕਰ ਗਏ। ਕਹਿੰਦੇ, ‘‘ਸਭ ਤਸਵੀਰਾਂ ਸਰਕਾਰ ਵਿਰੋਧੀ ਹਨ। ਇਸ ਕਰ ਕੇ ਅਸੀਂ ਤੇਰੀ ਇੰਟਰਵਿਊ ਨਹੀਂ ਕਰ ਸਕਦੇ।” ...ਤੇ ਚਲੇ ਗਏ।

ਅੰਗਰੇਜ਼ੀ ਟ੍ਰਿਬਿਊਨ ਦੇ ਸੰਪਾਦਕ ਨੂੰ ਬੇਨਤੀ ਕੀਤੀ ਤੇ ਉਹ ਆਏ। ਨੁਮਾਇਸ਼ ਵੇਖ ਕੇ ਆਖਿਆ, ‘‘ਬਾਜਵਾ, ਤੂੰ ਤਰਸਯੋਗ ਤਸਵੀਰਾਂ ਦੀ ਨੁਮਾਇਸ਼ ਕੀਤੀ ਏ।” ਉਸ ਨੇ ਆਪਣੇ ਫੋਟੋਗਰਾਫਰਾਂ ਨੂੰ ਕਿਹਾ, ‘‘ਬਾਜਵੇ ਦੀਆਂ ਤਸਵੀਰਾਂ ਦੀ ਨੁਮਾਇਸ਼ ਵੇਖ ਕੇ ਆਵੋ। ਉਸ ਤਰਸਯੋਗ ਤਸਵੀਰਾਂ ਦੀ ਨੁਮਾਇਸ਼ ਕੀਤੀ ਏ।” ਫਿਰ ਟ੍ਰਿਬਿਊਨ ਦੇ ਸਾਰੇ ਫੋਟੋਗਰਾਫਰ ਨੁਮਾਇਸ਼ ਵੇਖਣ ਆਏ। ਯੋਗ ਜੌਇ ਨੇ ਕਿਹਾ, ‘‘ਬਾਜਵਾ, ਅਸੀਂ ਪਹਿਲੀ ਵਾਰ ਤਰਸ ਵਾਲੀਆਂ ਤਸਵੀਰਾਂ ਦੀ ਨੁਮਾਇਸ਼ ਵੇਖੀ ਏ।” ਭਾਟੀਆ ਜੀ ਨੇ ਆਖਿਆ, ‘‘ਬੱਚਿਆਂ ਦੀਆਂ ਆਹ ਤਸਵੀਰਾਂ ਮੈਂ ਕਾਰ ਵਿੱਚ ਬੈਠ ਕੇ ਕਿੱਥੋਂ ਵੇਖ ਲੈਣੀਆਂ ਸਨ ਜਿਹੜੀਆਂ ਤੂੰ ਆਪਣੀ ਨੁਮਾਇਸ਼ ਵਿੱਚ ਵਿਖਾਲ ਦਿੱਤੀਆਂ ਹਨ।”

ਇਸੇ ਤਰ੍ਹਾਂ ਫਿਰ ਮੈਂ 1980 ਵਿੱਚ ਔਰਤ ਦਿਵਸ ਉੱਤੇ ਨੁਮਾਇਸ਼ ਲਾਈ। ਕੋਈ ਲੀਡਰ ਉਦਘਾਟਨ ਕਰਨ ਲਈ ਨਾ ਮੰਨਿਆ। ਆਖਰ ਸਰਦਾਰ ਕਪੂਰ ਸਿੰਘ ਘੁੰਮਣ ਨੇ ਉਦਘਾਟਨ ਕੀਤਾ।

ਇੱਕ ਵਾਰੀ ਮੈਂ ਡਾਕਟਰ ਮਹਿੰਦਰ ਸਿੰਘ ਰੰਧਾਵਾ ਨੂੰ ਚਿੱਠੀ ਲਿਖੀ ਕਿ ਫੋਟੋਗਰਾਫੀ ਅਨਪੜ੍ਹ ਲੋਕਾਂ ਦੀ ਕੌਮਾਂਤਰੀ ਭਾਸ਼ਾ ਏ। ਉਨ੍ਹਾਂ ਮੈਨੂੰ ਆਰਟ ਕੌਂਸਲ ਦੇ ਦਫਤਰ ਸੱਦਿਆ ਅਤੇ ਪੁੱਛਿਆ, ‘‘ਅਨਪੜ੍ਹ ਦੀ ਭਾਸ਼ਾ ਬਾਰੇ ਮੈਨੂੰ ਦੱਸ।” ਮੈਂ ਆਖਿਆ, ‘‘ਜੀ ਚੰਡੀਗੜ੍ਹ ਉੱਤੇ ਪੰਜਾਹ ਪੰਨਿਆਂ ਦੀ ਕਿਤਾਬ ਲਿਖਵਾਓ ਤੇ ਮੈਂ ਚੰਡੀਗੜ੍ਹ ਦੀਆਂ ਦਸ ਤਸਵੀਰਾਂ ਤਿਆਰ ਕਰਾਂਗਾ, ਜਿਹੜੀਆਂ ਵੱਖ-ਵੱਖ ਹੋਣਗੀਆਂ। ਦੋਵਾਂ ਚੀਜ਼ਾਂ ਨੂੰ ਬਾਹਰਲੇ ਦੇਸ਼ ਭੇਜ ਦੇਵੋ। ਫੇਰ ਵੇਖੋ ਚੰਡੀਗੜ੍ਹ ਦੀ ਪਛਾਣ ਤਸਵੀਰਾਂ ਤੋਂ ਹੁੰਦੀ ਏ ਜਾਂ ਕਿਤਾਬ ਤੋਂ।” ਰੰਧਾਵਾ ਹੋਰੀਂ ਆਖਦੇ, ‘‘ਕਿਤਾਬ ਪੜ੍ਹ ਕੇ ਉਨ੍ਹਾਂ ਨੂੰ ਰੌਕ ਗਾਰਡਨ ਬਾਰੇ ਪਤਾ ਨਹੀਂ ਲੱਗਣਾ, ਜਿਹੜਾ ਪਤਾ ਉਨ੍ਹਾਂ ਨੂੰ ਤਸਵੀਰਾਂ ਤੋਂ ਲੱਗਣਾ ਸੀ। ਇਸ ਕਰ ਕੇ ਫੋਟੋਗਰਾਫੀ ਅਨਪੜ੍ਹਾਂ ਦੀ ਭਾਸ਼ਾ ਹੀ ਹੋਈ ਜਿਸ ਨੂੰ ਹਰ ਕੋਈ ਸਮਝ ਜਾਂਦਾ ਏ।” ਉਨ੍ਹਾਂ ਫਿਰ ਕਿਹਾ, ‘‘ਬਾਜਵਾ, ਜੇ ਮੈਂ ਪੰਜਾਬ ਦਾ ਸਿੱਖਿਆ ਮੰਤਰੀ ਹੁੰਦਾ ਤਾਂ ਭਾਸ਼ਾ ਵਿੱਚ ਫੋਟੋਗਰਾਫੀ ਨੂੰ ਪਹਿਲੇ ਨੰਬਰ ਉੱਤੇ ਸਨਮਾਨਿਤ ਕਰਦਾ ਜਿਹੜੀ ਭਾਸ਼ਾ ਹਰ ਚੀਜ਼ ਦੀ ਅਸਲੀਅਤ ਵਿਖਾਲ ਦਿੰਦੀ ਏ। ਹਰ ਅਨਪੜ੍ਹ ਮਨੁੱਖ ਦੀ ਸਮਝ ਵਿੱਚ ਆ ਜਾਂਦੀ ਏ।” ਮੈਂ ਕਿਹਾ, ‘‘ਡਾਕਟਰ ਸਾਹਿਬ, ਸਿੱਖਿਆ ਮੰਤਰੀ ਨੂੰ ਤਸਵੀਰਾਂ ਖਿਚਵਾਉਣ ਤੇ ਅਖਬਾਰਾਂ ਵਿੱਚ ਛਪਵਾਉਣ ਦਾ ਗਿਆਨ ਹੈਗਾ ਏ। ਫੋਟੋਗਰਾਫੀ ਭਾਸ਼ਾ ਬਾਰੇ ਗਿਆਨ ਨਹੀਂ। ਫੋਟੋਗਰਾਫੀ ਬਾਰੇ ਕਿੱਥੋਂ ਗਿਆਨ ਹੋਵੇ ਕਿ ਫੋਟੋਗਰਾਫੀ ਇੱਕ ਭਾਸ਼ਾ ਏ। ਇਸ ਭਾਸ਼ਾ ਨੂੰ ਹਰ ਮਨੁੱਖ ਸਮਝ ਲੈਂਦਾ, ਭਾਵੇਂ ਛੋਟੇ ਹੋਵੇ ਜਾਂ ਵੱਡਾ, ਉਹ ਤਸਵੀਰ ਨੂੰ ਵੇਖ ਝੱਟ ਪਛਾਣ ਲੈਂਦਾ ਏ।”

## ਜੰਵ ਉਡ ਗਈ..

-ਡਾ. ਬਲਜੀਤ ਸਿੰਘ ਢਿੱਲੋਂ



ਹਾੜ੍ਹ ਦਾ ਮਹੀਨਾ ਸੀ। ਬਹੁਤ ਗਰਮੀ ਪੈ ਰਹੀ ਸੀ। ਕਦੇ-ਕਦੇ ਤੇਜ਼ ਹਨੇਰੀ ਅਤੇ ਛਿੱਟਾਂ ਆ ਜਾਂਦੀਆਂ ਸਨ। ਇਹ ਵਰਤਾਰਾ ਰੋਜ਼ ਹੀ ਹੋ ਗਿਆ ਸੀ। ਵੈਸੇ ਮੀਂਹ-ਕਣੀ ਅਤੇ ਬਹੁਤ ਗਰਮੀ ਹੋਣ ਕਰਕੇ ਹਾੜ੍ਹ ਦੇ ਮਹੀਨੇ ਵਿੱਚ ਵਿਆਹ ਨਹੀਂ ਕਰਦੇ ਸਨ। ਹਾੜ੍ਹ ਵਿੱਚ ਅੱਤ ਦੀ ਗਰਮੀ ਹੋਣ ਕਰਕੇ ਬਣੀਆਂ ਮਿਠਾਈਆਂ, ਦਾਲ-ਸਬਜ਼ੀਆਂ ਬਹੁਤ ਜਲਦੀ ਖ਼ਰਾਬ ਹੋ ਜਾਂਦੀਆਂ ਹਨ। ਸਾਡੀ ਵੱਡੀ ਭੈਣ ਦਾ ਵਿਆਹ ਹਾੜ੍ਹ ਦੇ ਮਹੀਨੇ ਰੱਖ ਦਿੱਤਾ ਸੀ। ਅਸਲ ਵਿੱਚ ਉਸ ਦਾ ਰੰਗ ਸਲੇਰਾ ਸੀ ਤੇ ਮੁੰਡਾ ਮਿਲਣਾ ਮੁਸ਼ਕਿਲ ਸੀ। ਸਾਡੇ ਤਾਈ ਜੀ ਦੀ ਭੈਣ ਨੇ ਸਾਕ ਕਰਾਇਆ ਸੀ। ਉਨ੍ਹਾਂ ਕੋਲ ਜ਼ਮੀਨ ਚੰਗੀ ਸੀ, ਪਰ ਉਨ੍ਹਾਂ ਦੀ ਇੱਕ ਸ਼ਰਤ ਸੀ ਕਿ ਵਿਆਹ ਜਲਦੀ ਕਰਨਾ ਹੈ। ਉਨ੍ਹਾਂ ਦਾ ਅਜਨਾਲੇ ਕੋਲ ਪੱਕਾ ਪਿੰਡ ਸੀ। ਸੱਤ ਹਾੜ੍ਹ ਦੀ ਤਰੀਕ ਪੱਕੀ ਹੋ ਗਈ। ਬੱਚਿਆਂ ਨੂੰ ਹਮੇਸ਼ਾਂ ਵਾਂਗ ਖ਼ੁਸ਼ੀ ਸੀ ਕਿ ਸਾਡੇ ਪਰਵਾਰ ਵਿੱਚ ਵਿਆਹ ਹੈ।

ਵਿਆਹ ਦੀ ਤਿਆਰੀ ਜ਼ੋਰਾਂ ਨਾਲ ਸ਼ੁਰੂ ਹੋ ਗਈ। ਬਿਸਤਰੇ, ਰਜਾਈਆਂ, ਤਲਾਈਆਂ ਦਾਜ ਬਣਨ ਲੱਗਾ। ਅੰਦਰ-ਬਾਹਰ ਗੋਹੇ ਮਿੱਟੀ ਦਾ ਪੋਚਾ ਫੇਰਿਆ ਗਿਆ, ਫਿਰ ਕੰਧਾਂ ਉੱਤੇ ਧਰੋਲਾ ਫੇਰਿਆ। ਜਿਉਂ-ਜਿਉਂ ਵਿਆਹ ਨੇੜੇ ਆ ਰਿਹਾ ਸੀ, ਗਰਮੀ ਵਧਦੀ ਜਾ ਰਹੀ ਸੀ। ਦਾਣਿਆਂ ਦਾ ਕੰਮ ਜੇਠ ਮਹੀਨੇ ਵਿੱਚ ਹੀ ਮੁਕਾ ਲਿਆ ਸੀ। ਉਦੋਂ ਮੇਰੇ ਪਿਤਾ ਜੀ ਛੁੱਟੀ ਆਏ ਹੋਏ ਸਨ। ਪਿਤਾ ਜੀ ਅਤੇ ਚਾਚਾ ਜੀ ਨੇ ਵਿਆਹ ਦਾ ਸਾਰਾ ਕੰਮ ਸੰਭਾਲ ਲਿਆ ਸੀ। ਸਭ ਤਿਆਰੀਆਂ ਮੁਕੰਮਲ ਹੋ ਗਈਆਂ। ਲਾਗੀਆਂ ਨੇ ਆਪਣੀਆਂ ਡਿਊਟੀਆਂ ਸਾਂਭ ਲਈਆਂ। ਜਿਸ ਦਿਨ ਵਿਆਹ ਸੀ, ਉਸ ਦਿਨ ਬੜਾ ਹੀ ਘੁੰਮ ਲੱਗਾ ਹੋਇਆ ਸੀ। ਚਾਨਣੀਆਂ ਆਦਿ ਲਾ ਦਿੱਤੀਆਂ ਸਨ। ਘਰੋਂ ਬਾਹਰ ਖਾਲੀ ਥਾਂ ਉੱਤੇ ਜੰਵ ਦਾ ਉਤਾਰਾ ਸੀ। ਜੰਵ ਨੇ ਰਾਤ ਰਹਿਣਾ ਸੀ। ਉਦੋਂ ਜੰਵ ਨੂੰ ਰਾਤ ਰੱਖਣ ਦਾ ਰਿਵਾਜ ਸੀ। ਸ਼ਾਮ ਨੂੰ ਚਾਰ-ਪੰਜ ਵਜੇ ਬਰਾਤ ਦਾ ਢੁਕਾਅ ਸੀ।

ਕੀਤੇ ਸਾਂਸੀ ਨੂੰ ਸਾਈਕਲ ਦੇ ਕੇ ਭੇਜਿਆ ਕਿ ਉਹ ਜੰਵ ਦੇ ਜੈਂਤੀਪੁਰ ਪੁੱਜਣ ਉੱਤੇ ਅੱਗਲਵਾਂਢੀ ਸਾਈਕਲ ਉੱਤੇ ਆ ਕੇ ਦੱਸ ਦੇਵੇ। ਪੰਜ ਵੱਜ ਗਏ ਸਨ। ਇੰਨੇ ਨੂੰ ਪੱਛੋਂ ਵੱਲੋਂ ਲਾਲ ਹਨੇਰੀ ਚੜ੍ਹ ਆਈ। ਦੇਗਾਂ ਥਲਿਓਂ ਅੱਗ ਬੁੱਝਾ ਦਿੱਤੀ। ਉਨ੍ਹਾਂ ਦੇ ਮੂੰਹ, ਪਰਨਿਆਂ ਨਾਲ ਬੰਨ੍ਹ ਕੇ ਉਤੇ ਪਰਾਤਾਂ ਦੇ ਦਿੱਤੀਆਂ। ਬਾਕੀ ਚੁੱਲ੍ਹਿਆਂ ਤੇ ਭੱਠੀਆਂ ਵਿੱਚੋਂ ਅੱਗ ਬੁਝਾ ਦਿੱਤੀ ਸੀ। ਬੜੀ ਤੇਜ਼, ਵਾ-ਵਰੋਲਿਆਂ ਵਾਲੀ ਹਨੇਰੀ ਸੀ। ਇੰਨੀ ਤੇਜ਼ ਸੀ ਕਿ ਬੰਦਾ ਤੁਰ ਵੀ ਨਹੀਂ ਸਕਦਾ ਸੀ। ਸਾਰੇ ਕੀਤੋ ਨੂੰ ਉਡੀਕਦੇ ਰਹੇ, ਉਹ ਵੀ ਨਾ ਆਇਆ। ਜਦੋਂ ਜੰਵ ਅੱਡੇ (ਜੈਂਤੀਪੁਰ) ਤੋਂ ਬਾਹਰ ਨਿਕਲੀ ਤਾਂ ਹਨੇਰੀ ਵਿੱਚ ਘਿਰ ਗਈ। ਕਾਲੀ ਬੋਲੀ, ਲਾਲ, ਬਹੁਤ ਤੇਜ਼ ਹਨੇਰੀ, ਨਾਲ ਮੀਂਹ ਆ ਗਿਆ। ਬਹੁਤੀ ਜੰਵ ਟਾਂਗਿਆਂ ਉੱਤੇ ਸੀ। ਹਨੇਰੀ ਨਾਲ ਘੋੜਿਆਂ ਦੇ ਪੌੜ ਚੁੱਕੇ ਗਏ, ਇੰਨੀ ਤੇਜ਼ ਹਨੇਰੀ ਵਿੱਚ ਇੱਕ ਸਟੇਸ਼ਨ ਵੈਗਨ ਸ਼ੇਖ਼ੂਪੁਰੀਆਂ ਦੇ ਝੋਨੇ ਵਿੱਚ ਆ ਵੜੀ ਕਿਉਂਕਿ ਰਾਹ ਛੋਟਾ ਸੀ ਅਤੇ ਝੋਨੇ ਵਾਲੀਆਂ ਪੈਲੀਆਂ ਨੀਵੀਆਂ ਸਨ। ਕੱਸੀ ਦਾ ਪਾਣੀ ਝੋਨੇ ਦੀਆਂ ਪੈਲੀਆਂ ਕੋਲ ਜਾ ਕੇ ਨੀਵੇਂ ਪਹੇ ਵਿੱਚ ਫੈਲ ਜਾਂਦਾ ਸੀ ਅਤੇ ਇੰਜ ਬਹੁਤ ਵੱਡਾ ਛੱਪੜ ਅਤੇ ਚਲ੍ਹਾ ਬਣ ਜਾਂਦਾ ਸੀ। ਗਰਮੀਆਂ ਵਿੱਚ ਅਕਸਰ ਇੰਜ ਹੀ ਰਹਿੰਦਾ ਕਿਉਂਕਿ ਝੋਨੇ ਵਾਲੇ ਅਕਸਰ ਪਾਣੀ ਲਾਉਣ ਲਈ ਕੱਸੀ ਤੋੜ ਦਿੰਦੇ ਸਨ।

ਤੇਜ਼ ਹਨੇਰੀ ਨਾਲ ਟਾਂਗੇ ਉਲਟ ਗਏ। ਬੀਬੀਆਂ ਅਤੇ ਜੰਵ ਚਲ੍ਹੇ ਵਿੱਚ ਡਿੱਗ ਪਏ। ਸਾਰੀਆਂ ਸਵਾਰੀਆਂ ਟੇਢੇ ਹੋਏ ਟਾਂਗਿਆਂ ਵਿੱਚੋਂ ਚਿੱਕੜ ਵਿੱਚ ਡਿੱਗ ਪਈਆਂ। ਸਾਫ਼-ਸੁਥਰੇ ਕੱਪੜੇ ਨ੍ਹੇਰੀ, ਮੀਂਹ ਤੇ ਚਿੱਕੜ ਨਾਲ ਬਰਬਾਦ ਹੋ ਗਏ। ਮਾਵੇ ਵਾਲੀਆਂ ਪੱਗਾਂ ਸਿਰਾਂ ਤੋਂ ਲਹਿ ਗਈਆਂ। ਜਦੋਂ ਘੰਟੇ ਡੇਢ ਘੱਟੋ ਬਾਅਦ ਹਨੇਰੀ ਘੱਟ ਹੋਈ ਤਾਂ ਕੀਤਾ ਸਾਂਸੀ ਪਿੰਡ ਵੱਲ ਨੂੰ ਭੱਜ ਪਿਆ। ਉਸ ਨੇ ਸਾਈਕਲ ਕਿਸੇ ਜਾਵੀਂ ਨੂੰ ਸੰਭਾਲ ਦਿੱਤਾ। ਜਦੋਂ ਉਹ ਦੌੜ ਕੇ ਪਿੰਡ ਆਇਆ ਤਾਂ ਉਸ ਦਾ ਸਾਹ ਵਿੱਚ ਸਾਹ ਨਹੀਂ ਸੀ ਰਲਦਾ। ਉਸ ਕੋਲੋਂ ਗੱਲ ਨਹੀਂ ਸੀ ਹੋ ਰਹੀ।

‘ਚਾਚਾ-ਚਾਚਾ ਜੀ, ਭੈਣ ਦੀ ਜੰਵ ਉਡ ਗਈ, ਉਹ ਜਿਹੜੀ ਪੱਕੇ ਪਿੰਡੋਂ ਆਈ ਸੀ ਆਪਣੀ ਜੰਵ..। ਹਨੇਰੀ ਵਿੱਚ ਉਡ ਗਈ।'' ਅਸੀਂ ਸਾਰਾ ਪਰਵਾਰ, ਮੀਂਹ ਹਨੇਰੀ ਨਾਲ ਝੰਬੇ ਹੋਏ ਉਸਦੇ ਦੁਆਲੇ ਇਕੱਠੇ ਹੋ ਗਏ, ਉਸ ਨੂੰ ਸਾਈਕਲ ਤੋਂ ਡਿੱਗਣ ਕਰਕੇ ਗੋਡਿਆਂ ਉੱਤੇ ਰਗੜਾਂ ਤੇ ਸੱਟਾਂ ਲੱਗੀਆਂ ਸਨ। ਕਨਾਤਾਂ ਤੇ ਚਾਨਣੀਆਂ ਉਡ ਗਈਆਂ ਜਾਂ ਪਾਟ ਗਈਆਂ ਸਨ। ਝਿੜੀ ਦੇ ਕਈ ਦਰੱਖਤ ਟੁੱਟ ਗਏ ਜਾਂ ਡਿੱਗ ਪਏ ਸਨ। ਸਭ ਕੁਝ ਮਿੰਟਾਂ ਵਿੱਚ ਉਥਲ-ਪੁਥਲ ਹੋ ਗਿਆ ਸੀ।

ਹੌਲੀ-ਹੌਲੀ ਟਾਂਗੇ ਸਿੱਧੇ ਕੀਤੇ। ਟੈਕਸੀ ਨੂੰ ਝੋਨੇ ਵਿੱਚੋਂ ਧੱਕ ਕੇ ਪਹੇ ਉੱਤੇ ਲਿਆਂਦਾ। ਕੁਝ ਜਾਵੀਂ ਪੈਦਲ ਹੀ ਤੁਰ ਪਏ। ਹੱਥਾਂ ਵਿੱਚ ਚਿੱਕੜ ਲਿੱਬੜੀਆਂ ਜੁੱਤੀਆਂ ਲੈ ਕੇ ਸਾਰੇ ਤੁਰੇ ਆਉਂਦੇ ਸਨ। ਸਾਰੀ ਜੰਵ ਦਾ ਹੁਲੀਆ ਹੀ ਵਿਗੜ ਗਿਆ ਸੀ। ਜੀਜੇ ਦੀ ਸੰਤਰੀ ਰੰਗ ਦੀ ਪੱਗ ਦਾ ਰੰਗ ਘੁਲ ਕੇ ਕੁੜਤੇ ਉੱਤੇ ਡੱਬ ਪੈ ਗਏ ਸਨ। ਬਹੁਤਿਆਂ ਕੋਲ ਕੱਪੜੇ ਬਦਲਣ ਲਈ ਦੂਸਰਾ ਜੋੜਾ ਵੀ ਨਹੀਂ ਸੀ। ਪਹਿਲਾਂ ਸਾਰੀ ਜੰਵ ਨੂੰ ਖੂਹੀ ਉੱਤੇ ਖੜਾਇਆ ਗਿਆ, ਪੈਂਚਾਂ ਨੇ ਸਾਰੀ ਜੰਵ ਨੁਹਾਈ, ਮਾੜੇ-ਮੋਟੇ ਕੱਪੜੇ ਗਲ ਪਾਏ। ਤਾਇਆ ਜੀ ਅੰਦਰੋਂ ਬੜੇ ਦੁਖੀ ਸਨ, ਪਰ ਉਹ ਗੱਲਾਂ ਕਰਕੇ ਹਸਾ ਰਹੇ ਸਨ, ‘ਉਹ ਜਾਣੇ, ਕੋਈ ਗੱਲ ਨਹੀਂ, ਇਸ਼ਨਾਨ ਹੋ ਗਿਆ, ਆਪੇ ਪਿੱਤ ਮਰ ਜਾਵੇਗੀ। ਧੋਤੇ ਕੁੜਤੇ ਅਤੇ ਚਾਦਰਾ ਬੰਨ੍ਹ ਕੇ ਤੁਰੋ-ਫਿਰੋ ਗੁਰਦੁਆਰੇ ਦੇ ਵਿਹੜੇ ਵਿੱਚ, ਚਾਹ ਬਣਦੀ ਤੱਕ ਸੁੱਕ ਜਾਣੇ ਨੇ..।''

ਫਿਰ ਸਾਰੀਆਂ ਦੇਗਾਂ ਥੱਲੇ ਅੱਗ ਬਾਲੀ, ਚਾਨਣੀਆਂ ਕਨਾਤਾਂ ਨੂੰ ਸਿੱਧਾ ਕੀਤਾ, ਸਾਰਾ ਪਿੰਡ ਸਾਡੇ ਘਰ ਆ ਗਿਆ ਮਦਦ ਕਰਨ, ਨਾਲੇ ਸਾਰੇ ਨਵੇਂ-ਨਕੋਰ ਕੁੜਤੇ, ਚਾਦਰਾਂ ਤੇ ਪੱਗਾਂ ਲੈ ਆਏ। ‘ਭਾਜੀ ਫ਼ਿਕਰ ਨਾ ਕਰੋ, ਅਸੀਂ ਤੁਹਾਡੇ ਨਾਲ ਹਾਂ, ਜਿਸ ਨੂੰ ਲੋੜੀਂਦਾ, ਨਵੇਂ ਕੱਪੜੇ ਲੈ ਲੈਣ। ਫਿਰ ਸਾਰਿਆਂ ਨੇ ਗੁਰਦੁਆਰੇ ਦੇਗ ਖੜ ਕੇ ਚਾਹ ਪਿਆਈ। ਲੱਡੂ, ਬਦਾਨਾ, ਸ਼ੱਕਰਪਾਰੇ, ਸੇਵੀਆਂ ਤੇ ਮੱਠੀਆਂ ਥਾਲਾਂ ਵਿੱਚ ਪਾ ਕੇ ਦਿੱਤੇ, ਚਾਹ ਨਾਲ। ਅਸੀਂ ਸਾਰੇ ਬੱਚੇ ਹੱਸ ਰਹੇ ਸਾਂ ਅਤੇ ਉਦਾਸ ਸਾਂ ਕਿਉਂਕਿ ਅਸੀਂ ਸਾਰੀ ਲਿੱਬੜੀ ਹੋਈ ਜੰਵ ਵੇਖੀ ਸੀ। ਰਾਤ ਨੂੰ ਫਿਰ ਗੈਸਾਂ ਦੀ ਰੋਸ਼ਨੀ ਵਿੱਚ ਮਿਲਣੀ ਹੋਈ। ਕੇਲਿਆਂ ਦਾ ਪੰਡਾਲ ਬਣਿਆਂ ਸੀ। ਮਿਲਣੀ ਪਿੱਛੋਂ ਜਦੋਂ ਜੰਵ ਰੋਟੀ ਖਾਣ ਲੱਗੀ ਤਾਂ ਵੱਡੇ ਤਾਇਆ ਜੀ ਨੇ ਸਾਰੀ ਜੰਵ ਤੋਂ ਮੁਆਫ਼ੀ ਮੰਗੀ। ਕਹਿਣ ਲੱਗੇ, ‘ਸਮਝ ਲਓ ਪਈ ਗੋਡੀ ਕਰਦਿਆਂ ਰੋਟੀ ਖਾ ਰਹੇ ਹਾਂ। ਜੇ ਕਿਰਕ ਆਵੇ ਤਾਂ ਅੱਜ ਦਾ ਦਿਨ ਭੁੱਲ ਜਾਇਓ। ਸਾਨੂੰ ਮੁਆਫ਼ੀ ਦਿਓ, ਬੀਬੀਓ ਭੈਣੋ ਜੰਵ ਨੂੰ ਸਿੱਠਣੀਆਂ ਨਾ ਦਿਓ, ਅੱਗੇ ਹੀ ਇਨ੍ਹਾਂ ਨਾਲ ਬਹੁਤ ਹੋ ਗਈ ਹੈ। ਹਾਂ, ਰੋਟੀ ਤੋਂ ਬਾਅਦ ਡਾਕਟਰ ਰਾਮ ਪਾਲ ਆ ਗਏ ਹਨ। ਮੱਲ੍ਹਮ ਪੱਟੀ ਕਰਨ ਲਈ, ਰਗੜਾਂ ਉੱਤੇ ਮੱਲ੍ਹਮ ਜ਼ਰੂਰ ਲਵਾ ਲਿਓ ਤੇ ਦਵਾਈ ਵੀ ਲੈ ਲਿਓ..।''

ਬਰਾਤ ਇੰਨਾ ਕੁਝ ਹੋਣ ਦੇ ਬਾਵਜੂਦ ਖ਼ੁਸ਼ ਸੀ ਕਿਉਂਕਿ ਉਹ ਸਾਰੇ ਠੀਕ-ਠਾਕ ਪਹੁੰਚ ਗਏ ਸਨ। ਨਹੀਂ ਤਾਂ ਜਿਸ ਤਰ੍ਹਾਂ ਦਾ ਮੀਂਹ ਹਨੇਰੀ ਸੀ, ਸੱਟਾਂ ਵੱਧ ਲੱਗ ਸਕਦੀਆਂ ਸਨ। ਉਨ੍ਹਾਂ ਪਿੰਡ ਉਨ੍ਹਾਂ ਦੀ ਸੇਵਾ ਵਿੱਚ ਜੁਟਿਆ ਸੀ। ਅਸੀਂ ਸਾਰੇ ਹੈਰਾਨ ਸੀ, ਸਾਨੂੰ ਇਹ ਸਮਝ ਨਹੀਂ ਆ ਰਹੀ ਕਿ ਜੰਵ ਉਡ ਕਿਵੇਂ ਗਈ? ਸਵੇਰੇ ਜਦੋਂ ਆਨੰਦ ਕਾਰਜ ਹੋਏ ਤਾਂ ਲਾਈਫ਼ ਬੋਆਏ, ਸਨਲਾਈਟ ਸਾਬਣ ਨਾਲ ਨਾਤ੍ਹੀ-ਧੋਤੀ ਜੰਵ ਸਾਫ਼ ਕੱਪੜੇ ਪਾ ਕੇ ਆਨੰਦ ਕਾਰਜ ਉੱਤੇ ਬੈਠੀ ਸੀ।

ਉਸ ਦਿਨ ਅਸੀਂ ਵਿਆਹ ਦਾ ਚੰਗਾ ਆਨੰਦ ਮਾਣਿਆ, ਪਰ ਭੈਣ ਮਨਜੀਤ ਦੀ ਜੰਵ ਹਨੇਰੀ ਵਿੱਚ ਉਡ ਗਈ ਸੀ, ਇਹ ਗੱਲ ਮੈਨੂੰ ਅੱਜ ਵੀ ਅਲੋਕਾਰ ਅਤੇ ਅਣਹੋਣੀ ਲੱਗਦੀ ਹੈ। ਇਹ ਸੱਚ ਹੈ ਕੁਦਰਤ ਅੱਗੇ ਕਿਸੇ ਦਾ ਜ਼ੋਰ ਨਹੀਂ ਵੱਡੇ ਤਾਇਆ ਜੀ ਦੇ ਲਫਜ਼ ਮੈਨੂੰ ਹਾਲੇ ਵੀ ਯਾਦ ਹਨ ਅਤੇ ਕਦੇ ਵੀ ਨਹੀਂ ਭੁੱਲਣਗੇ।

## ਦੋ ਪੁੜਾਂ ਵਿੱਚ ਪਿਸਦੀ ਨੌਕਰੀਪੇਸ਼ਾ ਔਰਤ

-ਪਰਮਜੀਤ ਕੌਰ



ਸਾਡੇ ਦੇਸ਼ ਅੰਦਰ ਜ਼ਿਆਦਾਤਰ ਔਰਤਾਂ ਨੂੰ ਮਰਦ ਪ੍ਰਧਾਨ ਸਮਾਜ ਅੰਦਰ ਮਰਦਾਂ ਦੇ ਬਣਾਏ ਨਿਯਮਾਂ ਦੀ ਪਾਲਣਾ ਕਰਦਿਆਂ ਤਰਸ ਦੀ ਪਾਤਰ ਬਣ ਕੇ ਰਹਿਣਾ ਪਿਆ ਹੈ। ਔਰਤ ਹਮੇਸ਼ਾਂ ਘਰ ਦੀ ਚਾਰਦੀਵਾਰੀ ਅੰਦਰ ਘਰੇਲੂ ਕੰਮ ਹੀ ਕਰਦੀ ਸੀ ਤੇ ਉਸ ਨੂੰ ਪੜ੍ਹਾਈ ਤੇ ਨੌਕਰੀ ਦੀ ਇਜਾਜ਼ਤ ਨਹੀਂ ਸੀ, ਪਰ ਅੱਜ ਸਮਾਂ ਬਦਲ ਗਿਆ ਹੈ। ਅੱਜ ਮਹਿੰਗਾਈ ਆਪਣੀ ਚਰਮ ਸੀਮਾ ਉੱਤੇ ਹੈ, ਇਸ ਨਾਲ ਸਾਡੀਆਂ ਬੇਲੋੜੀਆਂ ਜ਼ਰੂਰਤਾਂ ਅਨੁਸਾਰ ਅੱਜ ਔਰਤਾਂ ਵੀ ਮਰਦਾਂ ਦੇ ਬਰਾਬਰ ਨੌਕਰੀ ਕਰਦੀਆਂ ਹਨ। ਕਹਿਣ ਨੂੰ ਅੱਜ ਦੀ ਨਾਰੀ ਆਪਣੇ ਪੈਰਾਂ ਉੱਤੇ ਖੜ੍ਹੀ ਹੈ। ਕੀ ਸੱਚਮੁੱਚ ਹੀ ਔਰਤਾਂ ਆਪਣੇ ਪੈਰਾਂ ਉੱਤੇ ਖੜ੍ਹੀਆਂ ਹਨ? ਕੀ ਇਨ੍ਹਾਂ ਨੌਕਰੀਪੇਸ਼ਾ ਔਰਤਾਂ ਦੀ ਜ਼ਿੰਦਗੀ ਸੱਚਮੁੱਚ ਸੁਖਾਵੀਂ ਹੈ? ਮੇਰੇ ਮੁਤਾਬਿਕ ਬਿਲਕੁਲ ਵੀ ਨਹੀਂ ਕਿਉਂਕਿ ਨੌਕਰੀਪੇਸ਼ਾ ਔਰਤਾਂ ਨੂੰ ਅਨੇਕਾਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮਰਦਾਂ ਦੇ ਮੁਕਾਬਲੇ ਔਰਤਾਂ ਨੂੰ ਸਮਾਜਿਕ ਤੇ ਘਰੇਲੂ ਜ਼ਿੰਮੇਵਾਰੀਆਂ ਜ਼ਿਆਦਾ ਨਿਭਾਉਣੀਆਂ ਪੈਂਦੀਆਂ ਹਨ।

ਔਰਤ ਭਾਵੇਂ ਕਿੱਡੇ ਵੀ ਵੱਡੇ ਮਰਜ਼ੀ ਅਹੁਦੇ ਉਤੇ ਤਾਇਨਾਤ ਹੋਵੇ, ਘਰੇਲੂ ਜ਼ਿੰਮੇਵਾਰੀਆਂ ਤੋਂ ਉਸ ਦਾ ਛੁਟਕਾਰਾ ਨਹੀਂ ਹੁੰਦਾ। ਉਹ ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾਂ ਉਠਦੀ ਹੈ, ਬੱਚਿਆਂ, ਪਤੀ ਅਤੇ ਪਰਵਾਰ ਲਈ ਖਾਣਾ ਤਿਆਰ ਕਰਦੀ ਤੇ ਹੋਰ ਘਰੇਲੂ ਤੇ ਪਰਵਾਰਕ ਜ਼ਿੰਮੇਵਾਰੀਆਂ ਨੂੰ ਨੇਪਰੇ ਚਾੜ੍ਹਦੀ ਹੋਈ ਬਹੁਤ ਹੀ ਕਾਹਲੀ ਨਾਲ ਆਪਣੇ ਕੰਮ ਲਈ ਜਾਣ ਨੂੰ ਤਿਆਰ ਹੁੰਦੀ ਹੈ। ਏਨੀ ਮਿਹਨਤ ਅਤੇ ਮੁਸ਼ੱਕਤ ਭਰੀ ਜ਼ਿੰਦਗੀ ਤੋਂ ਬਾਅਦ ਵੀ ਕਈ ਪਰਵਾਰਾਂ ਵਿੱਚ ਔਰਤਾਂ ਨੂੰ ਬਣਦਾ ਮਾਣ ਸਨਮਾਨ ਨਹੀਂ ਮਿਲਦਾ। ਕਈ ਔਰਤਾਂ ਹਰ ਸਮੇਂ ਕੋਹਲੂ ਦਾ ਬੈਲ ਬਣੀਆਂ ਰਹਿੰਦੀਆਂ ਹਨ ਤੇ ਆਪਣੀਆਂ ਸਾਰੀਆਂ ਜ਼ਿੰਮੇਵਾਰੀਆਂ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਦੀਆਂ ਹਨ, ਪਰ ਇਨ੍ਹਾਂ ਨੂੰ ਦੀ ਤਨਖ਼ਾਹ ਬੈਂਕਾਂ ਵਿੱਚ ਆਉਂਦੀ ਹੈ ਤੇ ਖਾਤੇ ਦੇ ਏ ਟੀ ਐਮ ਪਰਵਾਰ ਵਾਲਿਆਂ ਨੇ ਸਾਂਭੇ ਹੁੰਦੇ ਹਨ। ਇਸ ਲਈ ਉਨ੍ਹਾਂ ਨੂੰ ਆਪਣੀਆਂ ਨਿੱਜੀ ਜ਼ਰੂਰਤਾਂ ਲਈ ਪਤੀ ਜਾਂ ਪਰਵਾਰ ਉੱਤੇ ਨਿਰਭਰ ਰਹਿ ਕੇ ਤਰਸ ਦਾ ਪਾਤਰ ਬਣਨਾ ਪੈਂਦਾ ਹੈ। ਘਰੇਲੂ ਜ਼ਿੰਮੇਵਾਰੀਆਂ ਤੇ ਡਿਊਟੀ ਨਿਭਾਉਣ ਦੀ ਚੱਕੀ ਵਿੱਚ ਪਿਸਦਿਆਂ ਇਹ ਔਰਤਾਂ ਆਪਣੇ ਬਾਰੇ ਸੋਚਣਾ ਭੁੱਲ ਜਾਂਦੀਆਂ ਹਨ। ਸਮੇਂ ਸਿਰ ਤੇ ਸੰਤੁਲਿਤ ਖੁਰਾਕ ਨਾ ਲੈਣ ਕਾਰਨ ਇਹ ਕੁਪੋਸ਼ਣ ਦੀਆਂ ਸ਼ਿਕਾਰ ਹੋ ਜਾਂਦੀਆਂ ਤੇ ਕਈ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੀਆਂ ਹਨ।

ਦੂਜੇ ਪਾਸੇ ਮਰਦਾਂ ਨੇ ਦਫ਼ਤਰ ਤੋਂ ਛੁੱਟੀ ਵਾਲੇ ਦਿਨ ਆਰਾਮ ਹੁੰਦਾ ਹੈ। ਔਰਤ ਨੂੰ ਛੁੱਟੀ ਵਾਲੇ ਦਿਨ ਆਮ ਨਾਲੋਂ ਵੀ ਵੱਧ ਕੰਮ ਕਰਨੇ ਪੈਂਦੇ ਹਨ। ਉਹ ਘਰ ਦਾ ਕੰਮ ਕਰਕੇ ਕਿੰਨੀ ਵੀ ਥੱਕ ਟੁੱਟ ਕਿਉਂ ਨਾ ਜਾਵੇ, ਪਰ ਘਰੇਲੂ ਕੰਮ ਦੀ ਸਾਰੀ ਜ਼ਿੰਮੇਵਾਰੀ ਉਸ ਨੂੰ ਇਕੱਲੀ ਨੂੰ ਚੁੱਕਣੀ ਪੈਂਦੀ ਹੈ। ਦਫ਼ਤਰ ਤੋਂ ਛੁੱਟੀ ਵਾਲੇ ਦਿਨ ਉਹ ਪਰਵਾਰਕ ਮੈਂਬਰਾਂ ਦੀਆਂ ਇੱਛਾਵਾਂ ਦੀ ਪੂਰਤੀ ਕਰਦੀ ਹੈ, ਪਰ ਉਸ ਦੀਆਂ ਆਪਣੀਆਂ ਇੱਛਾਵਾਂ ਮਰ ਜਾਂਦੀਆਂ ਹਨ। ਕੰਮਕਾਜੀ ਔਰਤਾਂ ਦੇ ਘਰੇਲੂ ਹਾਲਾਤ ਅਜਿਹੇ ਹਨ ਕਿ ਜੇ ਘਰ ਵਿੱਚ ਸੱਸ ਹੈ ਤਾਂ ਉਹ ਆਪਣੀ ਕੰਮਕਾਜੀ ਨੂੰਹ ਦੀ ਘਰੇਲੂ ਕੰਮ ਵਿੱਚ ਮਦਦ ਕਰਨ ਦੀ ਜਗ੍ਹਾ ਉਸ ਉੱਤੇ ਹੁਕਮ ਚਲਾਉਣਾ ਜ਼ਰੂਰੀ ਸਮਝਦੀ ਹੈ। ਅਜਿਹੇ ਵਿੱਚ ਅਜਿਹੀ ਔਰਤ ਕੋਲ ਘਰ ਤੇ ਦਫ਼ਤਰ ਵਿਚਕਾਰ ਪਿਸਣ ਤੋਂ ਇਲਾਵਾ ਹੋਰ ਕੋਈ ਰਸਤਾ ਨਹੀਂ ਹੁੰਦਾ। ਪਰਵਾਰਾਂ ਨੂੰ ਔਰਤਾਂ ਦੇ ਕੰਮਕਾਜ ਪ੍ਰਤੀ ਸੰਵੇਦਨਸ਼ੀਲ ਹੋਣ ਦੀ ਜ਼ਰੂਰਤ ਹੈ। ਜੇ ਵਿਹਲਾ ਬੈਠਾ ਮਰਦ ਔਰਤ ਦਾ ਘਰੇਲੂ ਕੰਮਾਂ ਵਿੱਚ ਹੱਥ ਵਟਾ ਦੇਵੇ ਤਾਂ ਉਸ ਦੀ ਕੋਈ ਹੇਠੀ ਨਹੀਂ ਹੋਣ ਲੱਗੀ।

ਘਰੇਲੂ ਅਤੇ ਪਰਵਾਰਕ ਸਮੱਸਿਆਵਾਂ ਤੋਂ ਬਿਨਾਂ ਨੌਕਰੀਪੇਸ਼ਾ ਔਰਤਾਂ ਨੂੰ ਹੋਰ ਵੀ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅੱਜ ਦੇ ਤਕਨੀਕੀ ਯੁੱਗ ਵਿੱਚ ਸਭ ਕੁਝ ਆਨਲਾਈਨ ਚੱਲ ਰਿਹਾ ਹੈ। ਇਸ ਤਰ੍ਹਾਂ ਘਰ ਬੈਠ ਕੇ ਵੀ ਔਰਤ ਆਪਣੇ ਦਫ਼ਤਰੀ ਕੰਮ ਤੋਂ ਵਿਹਲੀ ਨਹੀਂ ਹੁੰਦੀ ਤੇ ਕਈ ਵਾਰੀ ਛੁੱਟੀ ਵਾਲੇ ਦਿਨ ਵੀ ਮੀਟਿੰਗਾਂ ਦਾ ਹਿੱਸਾ ਬਣਨਾ ਪੈਂਦਾ ਹੈ। ਕੰਮਕਾਜੀ ਸਥਾਨਾਂ ਉੱਤੇ ੀ ਔਰਤ ਪੂਰੀ ਸੁਰੱਖਿਅਤ ਨਹੀਂ। ਕਈ ਵਾਰੀ ਉਸ ਨੂੰ ਮਰਦ ਸਾਥੀਆਂ ਦੀਆਂ ਬਹੁਤ ਸਾਰੀਆਂ ਵਧੀਕੀਆਂ ਸਹਿਣੀਆਂ ਪੈਂਦੀਆਂ ਹਨ। ਵਾਰ-ਵਾਰ ਉਸ ਦੇ ਕੰਮਾਂ ਵਿੱਚ ਗ਼ਲਤੀ ਕੱਢੀ ਜਾਂਦੀ ਹੈ। ਔਰਤ ਨੂੰ ਨੀਵਾਂ ਦਿਖਾਉਣ ਦੇ ਕਈ ਤਰੀਕੇ ਵਰਤੇ ਜਾਂਦੇ ਹਨ। ਕਈ ਵਾਰੀ ਔਰਤਾਂ ਨੂੰ ਜਿਸਮਾਨੀ ਛੇੜਛਾੜ ਵੀ ਸਹਿਣੀ ਪੈਂਦੀ ਹੈ। ਕਈਆਂ ਨੂੰ ਉਨ੍ਹਾਂ ਦੀ ਨੌਕਰੀ ਤੋਂ ਬਿਨ੍ਹਾਂ ਵਾਧੂ ਸਮਾਂ ਰੁਕਣ ਲਈ ਮਜ਼ਬੂਰ ਕੀਤਾ ਜਾਂਦਾ ਹੈ ਤੇ ਕਈ ਵਾਰੀ ਛੁੱਟੀ ਦੇ ਦਿਨ ਵੀ ਉਨ੍ਹਾਂ ਨੂੰ ਕੰਮ ਵਾਲੀ ਥਾਂ ਬੁਲਾਇਆ ਜਾਂਦਾ ਹੈ, ਪਰ ਔਰਤਾਂ ਇਨ੍ਹਾਂ ਘਟਨਾਵਾਂ ਬਾਰੇ ਚੁੱਪ ਹੋ ਜਾਂਦੀਆਂ ਹਨ ਕਿਉਂਕਿ ਉਹ ਸੋਚਦੀਆਂ ਹਨ ਕਿ ਜੇ ਅਸੀਂ ਸ਼ਿਕਾਇਤ ਕਰਾਂਗੀਆਂ, ਇਸ ਨਾਲ ਸਾਡੀ ਪ੍ਰਤੀ ਗ਼ਲਤ ਰਵੱਈਆ ਹੋਵੇਗਾ।

ਇਸ ਤਰ੍ਹਾਂ ਦੀਆਂ ਔਰਤਾਂ ਮਾਨਸਿਕ ਤੌਰ ਉੱਤੇ ਪਰੇਸ਼ਾਨ ਰਹਿਣ ਲੱਗਦੀਆਂ ਹਨ ਜਿਸ ਦਾ ਅਸਰ ਪਰਵਾਰ ਅਤੇ ਕੰਮ ਉੱਤੇ ਪੈਂਦਾ ਹੈ। ਕਈ ਔਰਤਾਂ ਨੂੰ ਆਪਣੀ ਨੌਕਰੀ ਲਈ ਦੂਰ ਦੁਰਾਡੇ ਸ਼ਹਿਰਾਂ ਵਿੱਚ ਜਾਣਾ ਪੈਂਦਾ ਹੈ, ਪਰ ਭਾਰਤ ਵਿੱਚ ਔਰਤਾਂ ਲਈ ਯਾਤਰਾ ਕਰਨ ਸਮੇਂ ਕੋਈ ਜ਼ਿਆਦਾ ਵਧੀਆ ਪ੍ਰਬੰਧ ਨਹੀਂ ਹਨ। ਜਨਤਕ ਟਰਾਂਸਪੋਰਟ ਦੇ ਸਾਧਨਾਂ ਉਪਰ ਔਰਤਾਂ ਨਾਲ ਛੇੜਖਾਨੀ ਹੋਣੀ ਆਮ ਗੱਲ ਹੈ। ਇਨ੍ਹਾਂ ਸਭ ਕਾਰਨਾਂ ਕਰਕੇ ਉਹ ਆਪਣੇ ਬੱਚਿਆਂ ਨੂੰ ਵੀ ਸਹੀ ਸਮਾਂ ਨਹੀਂ ਦੇ ਸਕਦੀਆਂ ਜਿਸ ਨਾਲ ਬੱਚੇ ਭਾਵਨਾਤਮਕ ਤੌਰ ਉੱਤੇ ਉਨ੍ਹਾਂ ਤੋਂ ਦੂਰ ਹੋ ਜਾਂਦੇ ਹਨ।

ਮੁੱਕਦੀ ਗੱਲ ਇਹ ਕਿ ਭਾਵੇਂ ਕੰਮਕਾਜੀ ਔਰਤਾਂ ਨੂੰ ਅਨੇਕਾਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਪਰ ਸਮੇਂ ਦੀ ਮੰਗ ਅਨੁਸਾਰ ਉਨ੍ਹਾਂ ਦਾ ਨੌਕਰੀ ਕਰਨਾ ਜ਼ਰੂਰੀ ਹੈ। ਇਸ ਲਈ ਪਰਵਾਰਕ ਮੈਂਬਰਾਂ ਨੂੰ ਔਰਤਾਂ ਪ੍ਰਤੀ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ। ਸਾਰੇ ਮੈਂਬਰਾਂ ਨੂੰ ਸਹਿਯੋਗ ਦੇਣਾ ਚਾਹੀਦਾ ਹੈ। ਔਰਤਾਂ ਨੂੰ ਵੀ ਨਿਡਰ ਰਹਿਣਾ ਚਾਹੀਦਾ ਹੈ। ਉਨ੍ਹਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣਾ ਚਾਹੀਦਾ ਹੈ। ਆਪਣੀ ਤਨਖ਼ਾਹ ਵਿੱਚੋਂ ਹਰ ਮਹੀਨੇ ਕੁਝ ਹਿੱਸਾ ਆਪਣੇ ਲਈ ਬਚਾ ਕੇ ਰੱਖਣਾ ਚਾਹੀਦਾ ਹੈ ਤਾਂ ਕਿ ਪਤੀ ਤੇ ਪਰਵਾਰ ਅੱਗੇ ਛੋਟੀ ਛੋਟੀ ਚੀਜ਼ ਲਈ ਹੱਥ ਨਾ ਅੱਡਣੇ ਪੈਣ। ਜਦੋਂ ਔਰਤ ਨੌਕਰੀਪੇਸ਼ਾ ਹੈ ਤਾਂ ਉਸ ਨੂੰ ਆਪਣੀਆਂ ਰੀਝਾਂ ਦੀ ਪੂਰਤੀ ਅਤੇ ਸੁਰੱਖਿਅਤ ਭਵਿੱਖ ਲਈ ਬੱਚਤ ਕਰਨ ਦੀ ਵੀ ਜ਼ਰੂਰਤ ਹੈ।

ਉਂਜ ਤਾਂ ਔਰਤਾਂ ਨੂੰ ਸਮਾਜ ਵਿੱਚ ਨਿਭਰਤਾ ਨਾਲ ਵਿਚਰਨਾ ਚਾਹੀਦਾ ਹੈ, ਪਰ ਜੇਕਰ ਕੋਈ ਅਣਹੋਣੀ ਹੁੰਦੀ ਹੈ ਤਾਂ ਸਰਕਾਰ ਵੱਲੋਂ ਕੰਮਕਾਜੀ ਔਰਤਾਂ ਲਈ ਸ਼ਿਕਾਇਤ ਨਿਵਾਰਨ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ ਜਿਸ ਦੀਆਂ ਮੈਂਬਰ ਔਰਤਾਂ ਹੀ ਹੁੰਦੀਆਂ ਹਨ। ਡਿਊਟੀ ਸਮੇਂ ਕਿਸੇ ਵੀ ਕਿਸਮ ਦੇ ਜਿਨਸੀ ਸ਼ੋਸ਼ਣ ਸਬੰਧੀ ਔਰਤਾਂ ਆਪਣੀ ਆਵਾਜ਼ ਬੁਲੰਦ ਕਰ ਸਕਦੀਆਂ ਹਨ। ਸੋ ਜੇਕਰ ਨੌਕਰੀਪੇਸ਼ਾ ਔਰਤਾਂ ਥੋੜ੍ਹੀ ਜਿਹੀ ਜਾਗਰੂਕਤਾ ਰੱਖਣ ਅਤੇ ਆਪਣੇ ਹੱਕਾਂ ਪ੍ਰਤੀ ਸੁਚੇਤ ਹੋਣ ਤਾਂ ਥੋੜ੍ਹੀ ਜਿਹੀ ਕੋਸ਼ਿਸ਼ ਨਾਲ ਮਾਹੌਲ ਨੂੰ ਸੁਖਾਵਾਂ ਕੀਤਾ ਜਾ ਸਕਦਾ ਹੈ।


## ਇਨਸਾਨੀਅਤ



ਸੰਜੀਵ ਕੁਮਾਰ ਸ਼ਰਮਾ

ਦਹਿਸ਼ਤ ਦਾ ਪਰਛਾਵਾਂ ਪਿਆ ਜਦ
ਇਨਸਾਨੀਅਤ ਸੀ ਅੱਗੇ ਆਈ।
ਧਰਮ ਜਾਤ ਨੂੰ ਪਿੱਛੇ ਛੱਡ ਕੇ,
ਸਭਨਾਂ ਦੀ ਸੀ ਪੀੜ ਵੰਡਾਈ।
ਚੁੱਕ ਮੋਢਿਆਂ ’ਤੇ, ਲੱਦ ਖੱਚਰਾਂ ’ਤੇ,
ਸੇਵਾ ਲਈ ਸੀ ਆਈ ਲੋਕਾਈ।
ਬਿਨਾਂ ਕਿਸੇ ਦੇ ਨਾਮ ਨੂੰ ਪੁੱਛਿਆਂ,
ਜ਼ਖ਼ਮਾਂ ’ਤੇ ਸੀ ਮੱਲ੍ਹਮ ਲਾਈ।
ਡਾਕਟਰਾਂ ਨਰਸਾਂ ਦੇ ਰੂਪ ਵਿੱਚ,
ਕਈਆਂ ਦੀ ਸੀ ਜਾਨ ਬਚਾਈ।
ਮੁਕਾਮੀ ਫ਼ਰਿਸ਼ਤਿਆਂ ਦੇ ਸਦਕਾ ਹੀ,
ਜੀਵਨ ਦੀ ਸੀ ਆਸ ਜਗਾਈ।
ਧਰਮ ਸੀ ਭਾਵੇਂ ‘ਦੂਜਾ’ ਉਸ ਦਾ,
ਜਾਨ ਦੀ ਬਾਜ਼ੀ ਉਸ ਨੇ ਲਾਈ।
‘ਆਦਿਲ’ ਨਾਮ ਨੂੰ ਸੱਚਾ ਕਰਕੇ,
ਜਾਨ ‘ਸਾਡਿਆਂ’ ਲਈ ਗੁਆਈ।
ਇਕਮੁੱਠ ਸਭਨਾਂ ਨੂੰ ਹੈ ਕੀਤਾ,
ਧਰਮਾਂ ਦੀ ਇਹ ਨਹੀਂ ਲੜਾਈ।
ਭੁੱਲ ਜਾਓਗੇ ਜੇਕਰ ਇਸ ਨੂੰ,
ਪਤਨ ਫੇਰ ਹੈ ਸਦਾ ਸਦਾ ਲਈ।


ARMAAN
ENTERPRISES INC
PATIO COVERS | RAILING | GATES
INSTALLATION & MAINTENANCE
RESIDENTIAL & COMMERCIAL
PATIO COVERS
RAILING & GATES
INSTALLATION, REPAIR & CLEANING
SERVING ALL LOWER
MAINLAND / ISLAND
SPECIALIST IN:
ALUMINUM PANELS AND
CLEAR GLASS OR LIGHT TINTED GLASS
WE INSTALLED PATIO COVERS AND
RAILING, GATES IN REASONABLE PRICE
QUALITY WORKMANSHIP,
BUILT TO LAST
QUALITY | RELIABILITY | SATISFACTION
BUILT FOR YOUR COMFORT. BUILT TO LAST.
M.S. MANGAT
604 710 1197
ARMAAN MANGAT
778 930 7500
armaanenterprisesinc7@gmail.com



# ਦੁਨੀਆਦਾਰੀ



## ਚੰਡੀਗੜ੍ਹ ਦੇ ਅਰਸ਼ਦੀਪ ਸਿੰਘ ਡਾਂਗ ਨੇ ਰਚਿਆ ਇਤਿਹਾਸ, ਬ੍ਰਿਟਿਸ਼ ਰਾਇਲ ਏਅਰ ਫੋਰਸ ਦੇ ਪਹਿਲੇ ਸਿੱਖ ਲੜਾਕੂ ਪਾਇਲਟ ਬਣੇ

ਚੰਡੀਗੜ੍ਹ ਵਿੱਚ ਜਨਮੇ 28 ਸਾਲਾ ਫਲਾਈਟ ਲੈਫਟੀਨੈਂਟ ਅਰਸ਼ਦੀਪ ਸਿੰਘ ਡਾਂਗ ਨੇ ਬ੍ਰਿਟਿਸ਼ ਰਾਇਲ ਏਅਰ ਫੋਰਸ ਵਿੱਚ ਇਤਿਹਾਸ ਰਚ ਦਿੱਤਾ ਹੈ। ਉਹ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਰਾਇਲ ਏਅਰ ਫੋਰਸ ਵਿੱਚ ਲੜਾਕੂ ਪਾਇਲਟ ਵਜੋਂ ਯੋਗਤਾ ਹਾਸਲ ਕਰਨ ਵਾਲੇ ਪਹਿਲੇ ਸਿੱਖ ਅਧਿਕਾਰੀ ਬਣ ਗਏ ਹਨ। ਉਨ੍ਹਾਂ ਦੀ ਇਸ ਉਪਲਬਧੀ ਨੂੰ ਬ੍ਰਿਟਿਸ਼ ਹਵਾਈ ਸੈਨਾ ਦੇ ਇਤਿਹਾਸ ਵਿੱਚ ਸਿੱਖ ਭਾਈਚਾਰੇ ਲਈ ਇੱਕ ਮਹੱਤਵਪੂਰਨ ਮੀਲਪੱਥਰ ਮੰਨਿਆ ਜਾ ਰਿਹਾ ਹੈ।

ਰਾਇਲ ਏਅਰ ਫੋਰਸ ਦੇ ਅਨੁਸਾਰ ਦੂਜੀ ਆਲਮੀ ਜੰਗ ਤੋਂ ਬਾਅਦ ਇਹ ਪਹਿਲਾ ਮੌਕਾ ਹੈ ਜਦੋਂ ਕਿਸੇ ਸਿੱਖ ਅਧਿਕਾਰੀ ਨੇ ਲੜਾਕੂ ਸਕੁਐਡਰਨ ਤੋਂ ਵਿੰਗਾਂ ਲਈ ਯੋਗਤਾ ਹਾਸਲ ਕੀਤੀ ਹੈ। ਅਰਸ਼ਦੀਪ ਸਿੰਘ ਨੇ ਉੱਤਰੀ ਵੇਲਜ਼ ਵਿੱਚ ਸਥਿਤ ਰਾਇਲ ਏਅਰ ਫੋਰਸ ਵੈਲੀ ਵਿਖੇ ਕਰਵਾਏ ਗਏ ਫਾਸਟ ਜੈੱਟ ਪਾਇਲਟ ਗ੍ਰੈਜੂਏਸ਼ਨ ਸਮਾਰੋਹ ਦੌਰਾਨ ਆਪਣੀ ਸਿਖਲਾਈ ਸਫਲਤਾਪੂਰਵਕ ਪੂਰੀ ਕੀਤੀ।



### ਛੇ ਸਾਲ ਦੀ ਉਮਰ ਵਿੱਚ ਚੰਡੀਗੜ੍ਹ ਤੋਂ ਯੂਕੇ ਗਏ ਸਨ ਅਰਸ਼ਦੀਪ

ਅਰਸ਼ਦੀਪ ਸਿੰਘ ਡਾਂਗ ਦਾ ਜਨਮ ਚੰਡੀਗੜ੍ਹ ਵਿੱਚ ਹੋਇਆ ਸੀ ਅਤੇ ਉਹ ਮਹਿਜ਼ ਛੇ ਸਾਲ ਦੀ ਉਮਰ ਵਿੱਚ ਆਪਣੇ ਪਰਿਵਾਰ ਨਾਲ ਯੂਕੇ ਚਲੇ ਗਏ ਸਨ। ਉਨ੍ਹਾਂ ਨੇ ਆਪਣੀ ਪੜ੍ਹਾਈ ਜਾਰੀ ਰੱਖਦਿਆਂ ਬ੍ਰਿਸਟਲ ਯੂਨੀਵਰਸਿਟੀ ਤੋਂ ਗਣਿਤ ਅਤੇ ਦਰਸ਼ਨ ਵਿਸ਼ਿਆਂ ਵਿੱਚ ਡਿਗਰੀ ਹਾਸਲ ਕੀਤੀ।

ਇਸ ਤੋਂ ਬਾਅਦ ਉਨ੍ਹਾਂ ਨੇ ਰਾਇਲ ਏਅਰ ਫੋਰਸ ਵਿੱਚ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ। ਫਰਵਰੀ 2022 ਵਿੱਚ ਉਨ੍ਹਾਂ ਨੇ ਅਫਸਰ ਸਿਖਲਾਈ ਪੂਰੀ ਕੀਤੀ ਅਤੇ ਸਾਲ 2023 ਵਿੱਚ ਮੁੱਢਲੀ ਉਡਾਣ ਸਿਖਲਾਈ ਸਫਲਤਾਪੂਰਵਕ ਪੂਰੀ ਕੀਤੀ।

### ਟੈਕਸਾਸ ਵਿੱਚ ਵੀ ਲਈ ਵਿਸ਼ੇਸ਼ ਸਿਖਲਾਈ

ਸਾਲ 2024 ਵਿੱਚ ਅਰਸ਼ਦੀਪ ਸਿੰਘ ਨੂੰ ਰਾਇਲ ਏਅਰ ਫੋਰਸ ਦੀ ਤੇਜ਼ ਜੈੱਟ ਧਾਰਾ ਲਈ ਚੁਣਿਆ ਗਿਆ। ਇਸ ਤੋਂ ਬਾਅਦ ਉਨ੍ਹਾਂ ਨੇ ਅਮਰੀਕਾ ਦੇ ਟੈਕਸਾਸ ਵਿੱਚ ਵੀ ਵਿਸ਼ੇਸ਼ ਉਡਾਣ ਸਿਖਲਾਈ ਹਾਸਲ ਕੀਤੀ। ਲੰਬੀ ਅਤੇ ਮੁਸ਼ਕਲ ਸਿਖਲਾਈ ਤੋਂ ਬਾਅਦ ਉਨ੍ਹਾਂ ਨੇ ਜੁਲਾਈ 2026 ਵਿੱਚ ਆਪਣਾ ਵਿੰਗ ਟੈਸਟ ਪਾਸ ਕੀਤਾ ਅਤੇ ਲੜਾਕੂ ਪਾਇਲਟ ਵਜੋਂ ਯੋਗਤਾ ਹਾਸਲ ਕੀਤੀ।

ਇਸ ਪ੍ਰਾਪਤੀ ਨਾਲ ਉਹ ਰਾਇਲ ਏਅਰ ਫੋਰਸ ਵਿੱਚ ਲੜਾਕੂ ਪਾਇਲਟ ਵਜੋਂ ਯੋਗਤਾ ਹਾਸਲ ਕਰਨ ਵਾਲੇ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਦੇ ਪਹਿਲੇ ਸਿੱਖ ਅਧਿਕਾਰੀ ਬਣ ਗਏ ਹਨ। ਉਨ੍ਹਾਂ ਦੀ ਇਸ ਸਫਲਤਾ ਨੇ ਨਾ ਸਿਰਫ਼ ਉਨ੍ਹਾਂ ਦੇ ਪਰਿਵਾਰ ਬਲਕਿ ਵਿਸ਼ਵ ਭਰ ਵਿੱਚ ਵੱਸਦੇ ਸਿੱਖ ਭਾਈਚਾਰੇ ਲਈ ਵੀ ਮਾਣ ਦਾ ਮੌਕਾ ਪੈਦਾ ਕੀਤਾ ਹੈ।

### ਦਾਦਾ ਜੀ ਦਾ ਸੁਪਨਾ ਕੀਤਾ ਪੂਰਾ

ਅਰਸ਼ਦੀਪ ਸਿੰਘ ਨੇ ਆਪਣੀ ਇਤਿਹਾਸਕ ਪ੍ਰਾਪਤੀ ’ਤੇ ਮਾਣ ਜ਼ਾਹਰ ਕਰਦਿਆਂ ਦੱਸਿਆ ਕਿ ਉਨ੍ਹਾਂ ਦੇ ਦਾਦਾ ਸਰਦਾਰ ਸੰਤੋਖ ਸਿੰਘ ਡਾਂਗ ਦਾ ਸੁਪਨਾ ਸੀ ਕਿ ਪਰਿਵਾਰ ਵਿੱਚੋਂ ਕੋਈ ਇੱਕ ਪਾਇਲਟ ਬਣੇ। ਅਰਸ਼ਦੀਪ ਨੇ ਆਪਣੀ ਮਿਹਨਤ ਅਤੇ ਸਮਰਪਣ ਨਾਲ ਇਸ ਸੁਪਨੇ ਨੂੰ ਸਾਕਾਰ ਕਰ ਦਿੱਤਾ ਹੈ।

ਉਨ੍ਹਾਂ ਆਪਣੀ ਕਾਮਯਾਬੀ ਦਾ ਸਿਹਰਾ ਆਪਣੇ ਪਰਿਵਾਰ ਦੇ ਲਗਾਤਾਰ ਸਹਿਯੋਗ ਅਤੇ ਆਪਣੇ ਸਿੱਖ ਪਾਲਣ-ਪੋਸ਼ਣ ਨੂੰ ਦਿੱਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਲਈ ਇਹ ਸਿਰਫ਼ ਨਿੱਜੀ ਪ੍ਰਾਪਤੀ ਨਹੀਂ ਹੈ, ਸਗੋਂ ਕੌਮਾਂਤਰੀ ਪੱਧਰ ’ਤੇ ਆਪਣੇ ਭਾਈਚਾਰੇ ਦੀ ਨੁਮਾਇੰਦਗੀ ਕਰਨ ਦਾ ਵੀ ਮਾਣ ਹੈ।

ਅਰਸ਼ਦੀਪ ਸਿੰਘ ਨੇ ਉਮੀਦ ਜਤਾਈ ਕਿ ਉਨ੍ਹਾਂ ਦੀ ਇਹ ਪ੍ਰਾਪਤੀ ਹੋਰ ਨੌਜਵਾਨਾਂ ਨੂੰ ਹਵਾਈ ਸੈਨਾ ਅਤੇ ਹਵਾਬਾਜ਼ੀ ਦੇ ਖੇਤਰ ਵਿੱਚ ਕਰੀਅਰ ਬਣਾਉਣ ਲਈ ਪ੍ਰੇਰਿਤ ਕਰੇਗੀ। ਉਨ੍ਹਾਂ ਦੀ ਕਹਾਣੀ ਇਹ ਵੀ ਦਰਸਾਉਂਦੀ ਹੈ ਕਿ ਲਗਾਤਾਰ ਮਿਹਨਤ, ਅਨੁਸ਼ਾਸਨ ਅਤੇ ਪਰਿਵਾਰਕ ਸਹਿਯੋਗ ਨਾਲ ਵੱਡੇ ਤੋਂ ਵੱਡੇ ਟੀਚੇ ਹਾਸਲ ਕੀਤੇ ਜਾ ਸਕਦੇ ਹਨ।

ਚੰਡੀਗੜ੍ਹ ਤੋਂ ਯੂਕੇ ਤੱਕ ਦਾ ਸਫ਼ਰ ਤੈਅ ਕਰਕੇ ਰਾਇਲ ਏਅਰ ਫੋਰਸ ਦੇ ਲੜਾਕੂ ਪਾਇਲਟ ਬਣੇ ਅਰਸ਼ਦੀਪ ਸਿੰਘ ਡਾਂਗ ਦੀ ਇਹ ਇਤਿਹਾਸਕ ਉਪਲਬਧੀ ਸਿੱਖ ਭਾਈਚਾਰੇ ਲਈ ਇੱਕ ਹੋਰ ਮਾਣ ਵਾਲਾ ਅਧਿਆਇ ਬਣ ਗਈ ਹੈ।

## ਸ੍ਰੀ ਨਨਕਾਣਾ ਸਾਹਿਬ ਗੁਰਪੁਰਬ ਲਈ 7500 ਤੋਂ ਵੱਧ ਸ਼ਰਧਾਲੂਆਂ ਨੇ ਮੰਗੇ ਵੀਜ਼ੇ

### ਧਾਮੀ ਨੇ ਪਾਕਿਸਤਾਨ ਹਾਈ ਕਮਿਸ਼ਨ ਅੱਗੇ ਰੱਖੀ ਵੱਡੀ ਮੰਗ

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਵਫ਼ਦ ਵੱਲੋਂ ਪਾਕਿਸਤਾਨੀ ਅਧਿਕਾਰੀਆਂ ਨਾਲ ਮੁਲਾਕਾਤ; ਨਿਰਧਾਰਤ ਕੋਟੇ ਤੋਂ ਵੱਧ ਵੀਜ਼ੇ ਜਾਰੀ ਕਰਨ ਦੀ ਅਪੀਲ, ਕਰਤਾਰਪੁਰ ਲਾਂਘਾ ਮੁੜ ਖੋਲ੍ਹਣ ਦੀ ਵੀ ਮੰਗ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਮੌਕੇ ਨਵੰਬਰ 2026 ਵਿੱਚ ਪਾਕਿਸਤਾਨ ਸਥਿਤ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਦਰਸ਼ਨਾਂ ਲਈ ਜਾਣ ਵਾਲੇ ਸਿੱਖ ਸ਼ਰਧਾਲੂਆਂ ਨੂੰ ਵੀਜ਼ੇ ਦਿਵਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੀਆਂ ਕੋਸ਼ਿਸ਼ਾਂ ਤੇਜ਼ ਕਰ ਦਿੱਤੀਆਂ ਹਨ। ਇਸੇ ਤਹਿਤ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਇੱਕ ਉੱਚ ਪੱਧਰੀ ਵਫ਼ਦ ਨੇ ਦਿੱਲੀ ਸਥਿਤ ਪਾਕਿਸਤਾਨ ਹਾਈ ਕਮਿਸ਼ਨ ਦੇ ਮੁੱਖ ਅਧਿਕਾਰੀ ਸ਼ਾਇਦ ਅਹਿਮਦ ਵੜੈਚ ਨਾਲ ਮੁਲਾਕਾਤ ਕੀਤੀ।

ਮੁਲਾਕਾਤ ਦੌਰਾਨ ਐਡਵੋਕੇਟ ਧਾਮੀ ਨੇ ਨਵੰਬਰ ਮਹੀਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਸਬੰਧੀ ਸ੍ਰੀ ਨਨਕਾਣਾ ਸਾਹਿਬ ਵਿਖੇ ਹੋਣ ਵਾਲੇ ਸਮਾਗਮਾਂ ਵਿੱਚ ਸ਼ਾਮਲ ਹੋਣ ਲਈ ਵੱਧ ਤੋਂ ਵੱਧ ਸਿੱਖ ਸ਼ਰਧਾਲੂਆਂ ਨੂੰ ਵੀਜ਼ੇ ਜਾਰੀ ਕਰਨ ਦੀ ਅਪੀਲ ਕੀਤੀ। ਇਸ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਪਾਕਿਸਤਾਨ ਹਾਈ ਕਮਿਸ਼ਨ ਨੂੰ ਇੱਕ ਲਿਖਤੀ ਪੱਤਰ ਵੀ ਸੌਂਪਿਆ ਗਿਆ।



ਇਸ ਵਫ਼ਦ ਵਿੱਚ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ, ਮਨਜੀਤ ਸਿੰਘ ਜੀਕੇ, ਸ਼੍ਰੋਮਣੀ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਅਤੇ ਮੈਨੇਜਰ ਰਜਿੰਦਰ ਸਿੰਘ ਰੂਬੀ ਵੀ ਮੌਜੂਦ ਸਨ।

### ਹਰ ਸਿੱਖ ਦੀ ਸ੍ਰੀ ਨਨਕਾਣਾ ਸਾਹਿਬ ਜਾਣ ਦੀ ਭਾਵਨਾ: ਧਾਮੀ

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਹੋਣ ਵਾਲੇ ਸਮਾਗਮਾਂ ਵਿੱਚ ਸ਼ਾਮਲ ਹੋਣਾ ਹਰ ਸਿੱਖ ਦੀ ਦਿਲੀ ਇੱਛਾ ਹੁੰਦੀ ਹੈ। ਇਸ ਲਈ ਪਾਕਿਸਤਾਨ ਹਾਈ ਕਮਿਸ਼ਨ ਨੂੰ ਸਿੱਖ ਸੰਗਤ ਦੀਆਂ ਧਾਰਮਿਕ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਖੁੱਲ੍ਹੇ ਦਿਲ ਨਾਲ ਵੀਜ਼ੇ ਜਾਰੀ ਕਰਨੇ ਚਾਹੀਦੇ ਹਨ।

ਉਨ੍ਹਾਂ ਦੱਸਿਆ ਕਿ ਭਾਰਤ ਅਤੇ ਪਾਕਿਸਤਾਨ ਸਰਕਾਰਾਂ ਵਿਚਾਲੇ ਹੋਏ ਸਮਝੌਤਿਆਂ ਤਹਿਤ ਸ਼੍ਰੋਮਣੀ ਕਮੇਟੀ ਵੱਲੋਂ ਹਰ ਸਾਲ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਭੇਜਿਆ ਜਾਂਦਾ ਹੈ। ਆਮ ਤੌਰ ’ਤੇ ਇਸ ਯਾਤਰਾ ਲਈ ਪਾਕਿਸਤਾਨ ਹਾਈ ਕਮਿਸ਼ਨ ਵੱਲੋਂ ਸ਼੍ਰੋਮਣੀ ਕਮੇਟੀ ਵੱਲੋਂ ਭੇਜੇ ਗਏ ਲਗਭਗ 1800 ਸ਼ਰਧਾਲੂਆਂ ਨੂੰ ਵੀਜ਼ੇ ਜਾਰੀ ਕੀਤੇ ਜਾਂਦੇ ਹਨ।

### 7500 ਤੋਂ ਵੱਧ ਸ਼ਰਧਾਲੂਆਂ ਨੇ ਪਾਸਪੋਰਟ ਜਮ੍ਹਾਂ ਕਰਵਾਏ

ਐਡਵੋਕੇਟ ਧਾਮੀ ਨੇ ਕਿਹਾ ਕਿ ਪਿਛਲੇ ਕੁਝ ਸਮੇਂ ਤੋਂ ਨਿੱਜੀ ਤੌਰ ’ਤੇ ਸੰਗਠਿਤ ਸਿੱਖ ਜਥਿਆਂ ਨੂੰ ਵੀਜ਼ੇ ਨਾ ਮਿਲਣ ਅਤੇ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਬੰਦ ਹੋਣ ਕਾਰਨ ਸਿੱਖ ਸੰਗਤ ਵਿੱਚ ਪਾਕਿਸਤਾਨ ਸਥਿਤ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਦਰਸ਼ਨਾਂ ਦੀ ਤਾਂਘ ਹੋਰ ਵਧੀ ਹੈ।

ਇਸੇ ਕਾਰਨ ਨਵੰਬਰ 2026 ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਮੌਕੇ ਪਾਕਿਸਤਾਨ ਜਾਣ ਲਈ 7500 ਤੋਂ ਵੱਧ ਸਿੱਖ ਸ਼ਰਧਾਲੂ ਆਪਣੇ ਪਾਸਪੋਰਟ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵਿੱਚ ਜਮ੍ਹਾਂ ਕਰਵਾ ਚੁੱਕੇ ਹਨ।

ਧਾਮੀ ਨੇ ਕਿਹਾ ਕਿ 7500 ਤੋਂ ਵੱਧ ਪਾਸਪੋਰਟ ਜਮ੍ਹਾਂ ਹੋਣਾ ਸਿਰਫ਼ ਇੱਕ ਅੰਕੜਾ ਨਹੀਂ ਹੈ, ਸਗੋਂ ਇਹ ਸਿੱਖ ਸੰਗਤ ਦੀ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਪਾਕਿਸਤਾਨ ਵਿੱਚ ਸਥਿਤ ਇਤਿਹਾਸਕ ਗੁਰਦੁਆਰਾ ਸਾਹਿਬਾਨ ਪ੍ਰਤੀ ਡੂੰਘੀ ਸ਼ਰਧਾ ਅਤੇ ਭਾਵਨਾਤਮਕ ਸਾਂਝ ਨੂੰ ਦਰਸਾਉਂਦਾ ਹੈ।

### ਨਿਰਧਾਰਤ ਕੋਟੇ ਤੋਂ ਉੱਪਰ ਉੱਠ ਕੇ ਵੀਜ਼ੇ ਦੇਣ ਦੀ ਮੰਗ

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਪਾਕਿਸਤਾਨ ਹਾਈ ਕਮਿਸ਼ਨ ਨੂੰ ਅਪੀਲ ਕੀਤੀ ਕਿ ਸਿੱਖ ਸੰਗਤ ਦੀਆਂ ਧਾਰਮਿਕ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਨਿਰਧਾਰਤ ਵੀਜ਼ਾ ਕੋਟੇ ਦੀ ਸੀਮਾ ਤੋਂ ਉੱਪਰ ਉੱਠ ਕੇ ਵਿਸ਼ੇਸ਼ ਪ੍ਰਬੰਧ ਕੀਤੇ ਜਾਣ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਪਾਕਿਸਤਾਨ ਜਾਣ ਲਈ 7500 ਤੋਂ ਵੱਧ ਸ਼ਰਧਾਲੂਆਂ ਦੇ ਪਾਸਪੋਰਟ ਜਮ੍ਹਾਂ ਕਰਵਾਏ ਗਏ ਹਨ। ਇਸ ਲਈ ਪਾਕਿਸਤਾਨ ਸਰਕਾਰ ਅਤੇ ਹਾਈ ਕਮਿਸ਼ਨ ਨੂੰ ਇਸ ਮਾਮਲੇ ਨੂੰ ਸਿਰਫ਼ ਆਮ ਪ੍ਰਸ਼ਾਸਕੀ ਪ੍ਰਕਿਰਿਆ ਵਜੋਂ ਨਾ ਦੇਖਦੇ ਹੋਏ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਜੋੜ ਕੇ ਵਿਚਾਰਨਾ ਚਾਹੀਦਾ ਹੈ।

ਧਾਮੀ ਨੇ ਉਮੀਦ ਜਤਾਈ ਕਿ ਪਾਕਿਸਤਾਨ ਹਾਈ ਕਮਿਸ਼ਨ ਸਿੱਖ ਸੰਗਤ ਦੀਆਂ ਭਾਵਨਾਵਾਂ ਨੂੰ ਸਮਝਦਿਆਂ ਇਸ ਵਿਸ਼ੇਸ਼ ਮੌਕੇ ’ਤੇ ਵੱਧ ਤੋਂ ਵੱਧ ਸ਼ਰਧਾਲੂਆਂ ਨੂੰ ਵੀਜ਼ੇ ਜਾਰੀ ਕਰਨ ਸਬੰਧੀ ਹਾਂ-ਪੱਖੀ ਫ਼ੈਸਲਾ ਕਰੇਗਾ।

### ਭਾਰਤ ਸਰਕਾਰ ਨੂੰ ਵੀ ਦਖ਼ਲ ਦੇਣ ਦੀ ਅਪੀਲ

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਰਤ ਸਰਕਾਰ ਨੂੰ ਵੀ ਅਪੀਲ ਕੀਤੀ ਕਿ ਉਹ ਇਹ ਮਾਮਲਾ ਪਾਕਿਸਤਾਨ ਸਰਕਾਰ ਕੋਲ ਪ੍ਰਭਾਵਸ਼ਾਲੀ ਢੰਗ ਨਾਲ ਉਠਾਏ। ਉਨ੍ਹਾਂ ਕਿਹਾ ਕਿ ਵੱਧ ਤੋਂ ਵੱਧ ਸਿੱਖ ਸ਼ਰਧਾਲੂਆਂ ਦੀ ਪਾਕਿਸਤਾਨ ਯਾਤਰਾ ਨੂੰ ਸੁਖਾਲਾ ਬਣਾਉਣ ਲਈ ਕੇਂਦਰ ਸਰਕਾਰ ਨੂੰ ਆਪਣੀ ਭੂਮਿਕਾ ਨਿਭਾਉਣੀ ਚਾਹੀਦੀ ਹੈ।

ਇਸ ਦੇ ਨਾਲ ਹੀ ਉਨ੍ਹਾਂ ਭਾਰਤ ਸਰਕਾਰ ਨੂੰ ਸਿੱਖ ਸੰਗਤ ਦੀਆਂ ਧਾਰਮਿਕ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਵੀ ਮੁੜ ਤੁਰੰਤ ਖੋਲ੍ਹਣ ਦੀ ਅਪੀਲ ਕੀਤੀ।

ਧਾਮੀ ਨੇ ਕਿਹਾ ਕਿ ਕਰਤਾਰਪੁਰ ਸਾਹਿਬ ਲਾਂਘਾ ਸਿੱਖ ਸੰਗਤ ਲਈ ਬੇਹੱਦ ਮਹੱਤਵਪੂਰਨ ਧਾਰਮਿਕ ਰਸਤਾ ਹੈ ਅਤੇ ਇਸ ਨੂੰ ਮੁੜ ਖੋਲ੍ਹਣ ਨਾਲ ਸੰਗਤ ਨੂੰ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਦਾ ਮੌਕਾ ਮਿਲ ਸਕੇਗਾ।

### ਪਾਕਿਸਤਾਨ ਹਾਈ ਕਮਿਸ਼ਨ ਦੇ ਅਧਿਕਾਰੀਆਂ ਦਾ ਸਨਮਾਨ

ਮੁਲਾਕਾਤ ਦੇ ਅੰਤ ਵਿੱਚ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਪਾਕਿਸਤਾਨ ਹਾਈ ਕਮਿਸ਼ਨ ਦੇ ਅਧਿਕਾਰੀਆਂ ਨੂੰ ਯਾਦਗਾਰੀ ਤੌਰ ’ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਮਾਡਲ ਅਤੇ ਸ਼ਾਲ ਭੇਟ ਕਰਕੇ ਸਨਮਾਨਿਤ ਵੀ ਕੀਤਾ ਗਿਆ।

ਹੁਣ ਸਿੱਖ ਸੰਗਤ ਦੀ ਨਜ਼ਰ ਪਾਕਿਸਤਾਨ ਹਾਈ ਕਮਿਸ਼ਨ ਵੱਲੋਂ 7500 ਤੋਂ ਵੱਧ ਸ਼ਰਧਾਲੂਆਂ ਦੇ ਵੀਜ਼ਿਆਂ ਸਬੰਧੀ ਲਏ ਜਾਣ ਵਾਲੇ ਫ਼ੈਸਲੇ ’ਤੇ ਟਿਕੀ ਹੋਈ ਹੈ। ਜੇਕਰ ਵੱਡੀ ਗਿਣਤੀ ਵਿੱਚ ਵੀਜ਼ੇ ਜਾਰੀ ਕੀਤੇ ਜਾਂਦੇ ਹਨ ਤਾਂ ਨਵੰਬਰ 2026 ਵਿੱਚ ਸ੍ਰੀ ਨਨਕਾਣਾ ਸਾਹਿਬ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਮੌਕੇ ਵੱਡੀ ਗਿਣਤੀ ਵਿੱਚ ਸਿੱਖ ਸ਼ਰਧਾਲੂਆਂ ਦੇ ਪਹੁੰਚਣ ਦਾ ਰਾਹ ਖੁੱਲ੍ਹ ਸਕਦਾ ਹੈ।

## ਭਾਰਤੀ ਮੂਲ ਦੀ ਪੀਆ ਡਾਂਡੀਆ ਨੇ ਫਲੋਰੀਡਾ ’ਚ ਡੈਮੋਕ੍ਰੇਟਿਕ ਪ੍ਰਾਇਮਰੀ ਜਿੱਤੀ, ਨਵੰਬਰ ’ਚ ਰਿਪਬਲਿਕਨ ਉਮੀਦਵਾਰ ਨਾਲ ਹੋਵੇਗਾ ਮੁਕਾਬਲਾ

ਭਾਰਤੀ-ਅਮਰੀਕੀ ਸਾਬਕਾ ਸਕੂਲ ਪ੍ਰਿੰਸੀਪਲ ਪੀਆ ਡਾਂਡੀਆ ਨੇ ਫਲੋਰੀਡਾ ਦੇ 22ਵੇਂ ਕਾਂਗਰਸ ਹਲਕੇ ਤੋਂ ਡੈਮੋਕ੍ਰੇਟਿਕ ਪਾਰਟੀ ਦੀ ਪ੍ਰਾਇਮਰੀ ਚੋਣ ਜਿੱਤ ਲਈ ਹੈ। ਇਸ ਜਿੱਤ ਨਾਲ ਹੁਣ ਨਵੰਬਰ ਵਿੱਚ ਹੋਣ ਵਾਲੀਆਂ ਆਮ ਚੋਣਾਂ ਵਿੱਚ ਉਨ੍ਹਾਂ ਦਾ ਮੁਕਾਬਲਾ ਰਿਪਬਲਿਕਨ ਉਮੀਦਵਾਰ ਕੇਸੀ ਅਸਕਰ ਨਾਲ ਹੋਵੇਗਾ, ਜੋ ਸਾਬਕਾ ਮਰੀਨ ਹਨ।

ਡੈਮੋਕ੍ਰੇਟਿਕ ਪ੍ਰਾਇਮਰੀ ਵਿੱਚ ਪੀਆ ਡਾਂਡੀਆ ਨੇ 68.6 ਫੀਸਦੀ ਵੋਟਾਂ ਹਾਸਲ ਕਰਕੇ ਵਕੀਲ ਕਾਇਸੀ ਅਰਲੀ ਨੂੰ ਹਰਾਇਆ। ਅਰਲੀ ਨੂੰ 31.4 ਫੀਸਦੀ ਵੋਟਾਂ ਮਿਲੀਆਂ। ਇਸ ਜਿੱਤ ਤੋਂ ਬਾਅਦ ਡਾਂਡੀਆ ਨੇ ਨਵੰਬਰ ਦੀਆਂ ਆਮ ਚੋਣਾਂ ਲਈ ਆਪਣੀ ਮੁਹਿੰਮ ਹੋਰ ਤੇਜ਼ ਕਰ ਦਿੱਤੀ ਹੈ।

ਪੀਆ ਡਾਂਡੀਆ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ ’ਤੇ ਆਪਣੀ ਜਿੱਤ ਤੋਂ ਬਾਅਦ ਹਲਕੇ ਦੇ ਵੋਟਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਉਹ ਆਪਣੇ ਵਿਦਿਆਰਥੀਆਂ, ਆਪਣੇ ਪੁੱਤਰ ਅਤੇ ਹਲਕੇ ਵਿੱਚ ਵੱਡੇ ਹੋ ਰਹੇ ਹਰ ਉਸ ਬੱਚੇ ਲਈ ਚੋਣ ਮੈਦਾਨ ਵਿੱਚ ਉਤਰੀ ਹਨ, ਜੋ ਬਿਹਤਰ ਭਵਿੱਖ ਦਾ ਹੱਕਦਾਰ ਹੈ।

ਡਾਂਡੀਆ ਨੇ ਕਿਹਾ ਕਿ ਉਨ੍ਹਾਂ ਦੀ ਮੁਹਿੰਮ ਦਾ ਮਕਸਦ ਲੋਕਾਂ ਨੂੰ ਇਕੱਠਾ ਕਰਕੇ ਜੀਵਨ ਦੀਆਂ ਵਧਦੀਆਂ ਲਾਗਤਾਂ ਨੂੰ ਘਟਾਉਣਾ, ਭ੍ਰਿਸ਼ਟਾਚਾਰ ਨਾਲ ਨਜਿੱਠਣਾ ਅਤੇ ਵਾਸ਼ਿੰਗਟਨ ਨੂੰ ਆਮ ਲੋਕਾਂ ਲਈ ਬਿਹਤਰ ਢੰਗ ਨਾਲ ਕੰਮ ਕਰਨ ਲਈ ਮਜਬੂਰ ਕਰਨਾ ਹੈ। ਉਨ੍ਹਾਂ ਆਪਣੀ ਜਿੱਤ ਨੂੰ ਆਪਣੇ ਸਮਰਥਕਾਂ ਦੇ ਵਿਸ਼ਵਾਸ ਅਤੇ ਸਹਿਯੋਗ ਨਾਲ ਜੋੜਿਆ।



ਡੈਮੋਕ੍ਰੇਟਿਕ ਨੈਸ਼ਨਲ ਕਮੇਟੀ ਵੱਲੋਂ ਵੀ ਪ੍ਰਾਇਮਰੀ ਚੋਣ ਵਿੱਚ ਜਿੱਤ ਹਾਸਲ ਕਰਨ ’ਤੇ ਪੀਆ ਡਾਂਡੀਆ ਨੂੰ ਵਧਾਈ ਦਿੱਤੀ ਗਈ ਹੈ। ਹੁਣ ਉਹ ਦੱਖਣੀ ਫਲੋਰੀਡਾ ਦੇ 22ਵੇਂ ਕਾਂਗਰਸ ਹਲਕੇ ਤੋਂ ਨਵੰਬਰ ਵਿੱਚ ਰਿਪਬਲਿਕਨ ਉਮੀਦਵਾਰ ਕੇਸੀ ਅਸਕਰ ਦਾ ਸਾਹਮਣਾ ਕਰਨਗੇ।

ਇਹ ਕਾਂਗਰਸ ਹਲਕਾ ਹਾਲ ਹੀ ਦੀ ਹਲਕਾਬੰਦੀ ਤੋਂ ਬਾਅਦ ਬਣਾਇਆ ਗਿਆ ਹੈ ਅਤੇ ਇਸ ਚੋਣ ਵਿੱਚ ਕੋਈ ਮੌਜੂਦਾ ਸੰਸਦ ਮੈਂਬਰ ਉਮੀਦਵਾਰ ਵਜੋਂ ਮੈਦਾਨ ਵਿੱਚ ਨਹੀਂ ਹੈ। ਇਸ ਕਾਰਨ ਨਵੰਬਰ ਦੀ ਚੋਣ ਨੂੰ ਦੋਹਾਂ ਪਾਰਟੀਆਂ ਲਈ ਮਹੱਤਵਪੂਰਨ ਮੁਕਾਬਲਾ ਮੰਨਿਆ ਜਾ ਰਿਹਾ ਹੈ।

ਪੀਆ ਡਾਂਡੀਆ ਪਹਿਲੀ ਪੀੜ੍ਹੀ ਦੀ ਅਮਰੀਕੀ ਹਨ। ਉਨ੍ਹਾਂ ਦੀ ਮੁਹਿੰਮ ਦੀ ਜਾਣਕਾਰੀ ਮੁਤਾਬਕ ਉਨ੍ਹਾਂ ਨੇ ਸਿੱਖਿਆ, ਨੀਤੀ-ਨਿਰਮਾਣ ਅਤੇ ਤਕਨਾਲੋਜੀ ਦੇ ਖੇਤਰ ਵਿੱਚ ਕੰਮ ਕਰਦਿਆਂ ਭਾਈਚਾਰਿਆਂ ਨੂੰ ਮਜ਼ਬੂਤ ਕਰਨ ਲਈ ਆਪਣਾ ਕਰੀਅਰ ਸਮਰਪਿਤ ਕੀਤਾ ਹੈ।

ਫਲੋਰੀਡਾ ਦੇ ਪਾਮ ਬੀਚ ਕਾਉਂਟੀ ਵਿੱਚ ਜਨਮੀ ਅਤੇ ਵੱਡੀ ਹੋਈ ਡਾਂਡੀਆ ਨੇ ਆਪਣੇ ਪੇਸ਼ੇਵਰ ਜੀਵਨ ਦੀ ਸ਼ੁਰੂਆਤ ਇੱਕ ਅਧਿਆਪਕ ਵਜੋਂ ਕੀਤੀ। ਬਾਅਦ ਵਿੱਚ ਉਹ ਨਿਊਯਾਰਕ ਦੇ ਹਾਰਲੇਮ ਇਲਾਕੇ ਵਿੱਚ ਇੱਕ ਹਾਈ ਸਕੂਲ ਦੀ ਪ੍ਰਿੰਸੀਪਲ ਬਣੀ। ਉਨ੍ਹਾਂ ਦਾ ਧਿਆਨ ਖ਼ਾਸ ਤੌਰ ’ਤੇ ਘੱਟ ਆਮਦਨ ਵਾਲੇ ਪਰਿਵਾਰਾਂ ਨਾਲ ਸਬੰਧਤ ਵਿਦਿਆਰਥੀਆਂ ਲਈ ਸਿੱਖਿਆ ਅਤੇ ਆਰਥਿਕ ਮੌਕਿਆਂ ਨੂੰ ਬਿਹਤਰ ਬਣਾਉਣ ’ਤੇ ਰਿਹਾ।

ਡਾਂਡੀਆ ਨੇ ਇੱਕ ਹਾਈ ਸਕੂਲ ਦੀ ਸਥਾਪਨਾ ਵੀ ਕੀਤੀ, ਜਿਸ ਦਾ ਮਕਸਦ ਘੱਟ ਆਮਦਨ ਵਾਲੇ ਵਿਦਿਆਰਥੀਆਂ ਨੂੰ ਸਿੱਖਿਆ ਰਾਹੀਂ ਆਰਥਿਕ ਆਜ਼ਾਦੀ ਵੱਲ ਲਿਜਾਣਾ ਸੀ। ਉਨ੍ਹਾਂ ਦੇ ਸਕੂਲ ਦੇ ਹਰ ਗ੍ਰੈਜੂਏਟ ਨੇ ਕਾਲਜ ਵਿੱਚ ਦਾਖਲਾ ਹਾਸਲ ਕੀਤਾ। ਇਨ੍ਹਾਂ ਵਿਦਿਆਰਥੀਆਂ ਵਿੱਚੋਂ ਲਗਭਗ 86 ਫੀਸਦੀ ਘੱਟ ਆਮਦਨ ਵਾਲੇ ਪਰਿਵਾਰਾਂ ਨਾਲ ਸਬੰਧਤ ਸਨ।

ਡਾਂਡੀਆ ਦੀ ਮੁਹਿੰਮ ਅਨੁਸਾਰ ਉਹ ਸਿਰਫ਼ 28 ਸਾਲ ਦੀ ਉਮਰ ਵਿੱਚ ਆਪਣੇ ਸਕੂਲ ਦੀ ਸੰਸਥਾਪਕ ਪ੍ਰਿੰਸੀਪਲ ਬਣ ਗਈ ਸੀ। ਇਸ ਉਮਰ ਵਿੱਚ ਸਕੂਲ ਦੀ ਅਗਵਾਈ ਸੰਭਾਲਣ ਕਾਰਨ ਉਹ ਦੇਸ਼ ਦੇ ਸਭ ਤੋਂ ਘੱਟ ਉਮਰ ਵਾਲੇ ਹਾਈ ਸਕੂਲ ਪ੍ਰਿੰਸੀਪਲਾਂ ਵਿੱਚ ਸ਼ਾਮਲ ਹੋ ਗਈ ਸੀ।

ਸਿੱਖਿਆ ਦੇ ਖੇਤਰ ਵਿੱਚ ਆਪਣੇ ਤਜ਼ਰਬੇ ਤੋਂ ਬਾਅਦ ਡਾਂਡੀਆ ਨੇ ਨੀਤੀ ਅਤੇ ਤਕਨਾਲੋਜੀ ਨਾਲ ਸਬੰਧਤ ਖੇਤਰਾਂ ਵਿੱਚ ਵੀ ਕੰਮ ਕੀਤਾ। ਹੁਣ ਉਹ ਇਸ ਤਜ਼ਰਬੇ ਨੂੰ ਸਿਆਸੀ ਮੰਚ ’ਤੇ ਲਿਆਉਂਦਿਆਂ ਦੱਖਣੀ ਫਲੋਰੀਡਾ ਦੇ ਲੋਕਾਂ ਦੀ ਨੁਮਾਇੰਦਗੀ ਕਰਨ ਲਈ ਚੋਣ ਮੈਦਾਨ ਵਿੱਚ ਹਨ।

ਡੈਮੋਕ੍ਰੇਟਿਕ ਪ੍ਰਾਇਮਰੀ ਵਿੱਚ ਮਿਲੀ ਵੱਡੀ ਜਿੱਤ ਤੋਂ ਬਾਅਦ ਪੀਆ ਡਾਂਡੀਆ ਲਈ ਅਗਲੀ ਵੱਡੀ ਚੁਣੌਤੀ ਨਵੰਬਰ ਦੀ ਆਮ ਚੋਣ ਹੋਵੇਗੀ। ਇਸ ਚੋਣ ਵਿੱਚ ਉਨ੍ਹਾਂ ਦਾ ਮੁਕਾਬਲਾ ਸਾਬਕਾ ਮਰੀਨ ਅਤੇ ਰਿਪਬਲਿਕਨ ਉਮੀਦਵਾਰ ਕੇਸੀ ਅਸਕਰ ਨਾਲ ਹੋਵੇਗਾ। ਹੁਣ ਨਜ਼ਰ ਇਸ ਗੱਲ ’ਤੇ ਰਹੇਗੀ ਕਿ ਨਵੰਬਰ ਵਿੱਚ ਫਲੋਰੀਡਾ ਦੇ 22ਵੇਂ ਕਾਂਗਰਸ ਹਲਕੇ ਦੇ ਵੋਟਰ ਕਿਸ ਉਮੀਦਵਾਰ ਦੇ ਹੱਕ ਵਿੱਚ ਆਪਣਾ ਫ਼ੈਸਲਾ ਸੁਣਾਉਂਦੇ ਹਨ।

## ਭਾਰਤੀ ਚੋਣ ਪ੍ਰਣਾਲੀ ਤੋਂ ਪ੍ਰਭਾਵਿਤ ਟਰੰਪ! ਅਮਰੀਕਾ ’ਚ ‘SAVE America Act’ ਲਈ ਫੋਟੋ ਆਈਡੀ ਨੂੰ ਬਣਾਇਆ ਮੁੱਦਾ

### ਟਰੂਥ ਸੋਸ਼ਲ ’ਤੇ ਭਾਰਤ ਦੀ ਵੋਟਰ ਪਛਾਣ ਪ੍ਰਣਾਲੀ ਦੀ ਕੀਤੀ ਸ਼ਲਾਘਾ; ਕਾਂਗਰਸ ਨੂੰ ਬਿੱਲ ਤੁਰੰਤ ਪਾਸ ਕਰਨ ਦੀ ਅਪੀਲ



ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਅਮਰੀਕਾ ਵਿੱਚ ‘ਸੇਵ ਅਮੈਰਿਕਾ ਐਕਟ’ (SAVE America Act) ਲਾਗੂ ਕਰਵਾਉਣ ਦੀ ਆਪਣੀ ਮੰਗ ਨੂੰ ਮੁੜ ਜ਼ੋਰਦਾਰ ਢੰਗ ਨਾਲ ਉਠਾਇਆ ਹੈ। ਇਸ ਵਾਰ ਟਰੰਪ ਨੇ ਆਪਣੇ ਹੱਕ ਵਿੱਚ ਦਲੀਲ ਦਿੰਦਿਆਂ ਭਾਰਤ ਦੀ ਚੋਣ ਪ੍ਰਣਾਲੀ ਅਤੇ ਵੋਟਰ ਪਛਾਣ ਸਬੰਧੀ ਨਿਯਮਾਂ ਦਾ ਹਵਾਲਾ ਦਿੱਤਾ ਹੈ।

ਟਰੰਪ ਨੇ ਸੋਸ਼ਲ ਮੀਡੀਆ ਮੰਚ ‘ਟਰੂਥ ਸੋਸ਼ਲ’ ’ਤੇ ਇੱਕ ਪੋਸਟ ਸਾਂਝੀ ਕਰਦਿਆਂ ਭਾਰਤ ਦੀ ਚੋਣ ਪ੍ਰਣਾਲੀ ਦੀ ਸ਼ਲਾਘਾ ਕੀਤੀ। ਉਨ੍ਹਾਂ ਭਾਰਤ ਦੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਇੱਕ ਕਥਿਤ ਬਿਆਨ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਨ੍ਹਾਂ ਨੇ ਅਮਰੀਕਾ ਵਿੱਚ ਬਿਨਾਂ ਫੋਟੋ ਪਛਾਣ ਪੱਤਰ ਦੇ ਵੋਟ ਪੈਣ ਦੀ ਪ੍ਰਥਾ ’ਤੇ ਹੈਰਾਨੀ ਜਤਾਈ ਸੀ।

### ਟਰੰਪ ਨੇ ਭਾਰਤ ਦੀ ਚੋਣ ਪ੍ਰਣਾਲੀ ਦਾ ਦਿੱਤਾ ਹਵਾਲਾ

ਟਰੰਪ ਨੇ ਆਪਣੀ ਪੋਸਟ ਵਿੱਚ ਦਾਅਵਾ ਕੀਤਾ ਕਿ ਇਸੇ ਮਹੀਨੇ ਭਾਰਤ ਦੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੇ ਅਮਰੀਕੀ ਪ੍ਰਸ਼ਾਸਨ ਤੋਂ ਇਹ ਸਵਾਲ ਕੀਤਾ ਸੀ ਕਿ ਅਮਰੀਕਾ ਵਿੱਚ ਬਿਨਾਂ ਕਿਸੇ ਫੋਟੋ ਪਛਾਣ ਪੱਤਰ ਦੇ ਚੋਣਾਂ ਕਿਵੇਂ ਕਰਵਾਈਆਂ ਜਾ ਸਕਦੀਆਂ ਹਨ।

ਭਾਰਤ ਦੀਆਂ ਪਿਛਲੀਆਂ ਆਮ ਚੋਣਾਂ ਦਾ ਹਵਾਲਾ ਦਿੰਦਿਆਂ ਟਰੰਪ ਨੇ ਕਿਹਾ ਕਿ ਭਾਰਤ ਵਿੱਚ ਲਗਭਗ 64.6 ਕਰੋੜ ਵੋਟਰਾਂ ਨੇ ਆਪਣੀ ਵੋਟ ਦਾ ਇਸਤੇਮਾਲ ਕੀਤਾ। ਉਨ੍ਹਾਂ ਦਾਅਵਾ ਕੀਤਾ ਕਿ ਇਨ੍ਹਾਂ ਵਿੱਚੋਂ ਇੱਕ ਫੀਸਦੀ ਤੋਂ ਵੀ ਘੱਟ ਵੋਟਰਾਂ ਨੇ ਡਾਕ ਰਾਹੀਂ ਵੋਟ ਪਾਈ ਅਤੇ ਵੋਟਰਾਂ ਕੋਲ ਵੈਧ ਫੋਟੋ ਪਛਾਣ ਪੱਤਰ ਮੌਜੂਦ ਸੀ।

ਟਰੰਪ ਨੇ ਇਸ ਉਦਾਹਰਨ ਨੂੰ ਅਮਰੀਕਾ ਵਿੱਚ ਚੋਣ ਪ੍ਰਣਾਲੀ ਨੂੰ ਹੋਰ ਸਖ਼ਤ ਬਣਾਉਣ ਦੀ ਆਪਣੀ ਦਲੀਲ ਨਾਲ ਜੋੜਦਿਆਂ ਅਮਰੀਕੀ ਕਾਂਗਰਸ ਨੂੰ ‘SAVE America Act’ ਨੂੰ ਤੁਰੰਤ ਪਾਸ ਕਰਨ ਦੀ ਅਪੀਲ ਕੀਤੀ।

### ਕੀ ਹੈ ‘SAVE America Act’?

ਵਾਈਟ ਹਾਊਸ ਮੁਤਾਬਕ ਪ੍ਰਸਤਾਵਿਤ ‘ਸ਼ਓਡਏਗੁਓਰਦ ਅਮਏਰਿਚਓਨ ਡ਼ੋਟਏਰ ਓਲਿਗਿਬਿਲਿਟੇ ਅਚਟ’ ਦਾ ਮੁੱਖ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਅਮਰੀਕਾ ਦੀਆਂ ਸੰਘੀ ਚੋਣਾਂ ਵਿੱਚ ਸਿਰਫ਼ ਅਮਰੀਕੀ ਨਾਗਰਿਕ ਹੀ ਵੋਟ ਪਾ ਸਕਣ।

ਪ੍ਰਸਤਾਵਿਤ ਕਾਨੂੰਨ ਤਹਿਤ ਵੋਟਰ ਰਜਿਸਟ੍ਰੇਸ਼ਨ ਸਮੇਂ ਨਾਗਰਿਕਤਾ ਦਾ ਸਬੂਤ ਅਤੇ ਵੈਧ ਪਛਾਣ ਪੱਤਰ ਮੁਹੱਈਆ ਕਰਵਾਉਣ ਦੀ ਲੋੜ ਹੋਵੇਗੀ। ਇਸ ਦੇ ਨਾਲ ਹੀ ਡਾਕ ਰਾਹੀਂ ਵੋਟਿੰਗ ਨਾਲ ਸਬੰਧਤ ਨਿਯਮਾਂ ਨੂੰ ਵੀ ਸਖ਼ਤ ਕਰਨ ਦੀ ਤਜਵੀਜ਼ ਹੈ।

ਪ੍ਰਸਤਾਵ ਮੁਤਾਬਕ ਡਾਕ ਰਾਹੀਂ ਵੋਟਿੰਗ ਦੀ ਸਹੂਲਤ ਕੁਝ ਵਿਸ਼ੇਸ਼ ਸਥਿਤੀਆਂ ਵਿੱਚ ਹੀ ਉਪਲਬਧ ਕਰਵਾਉਣ ਦੀ ਗੱਲ ਹੈ। ਇਨ੍ਹਾਂ ਵਿੱਚ ਬਿਮਾਰੀ, ਅਪਾਹਜਤਾ, ਫੌਜੀ ਸੇਵਾ ਜਾਂ ਯਾਤਰਾ ਵਰਗੀਆਂ ਸਥਿਤੀਆਂ ਸ਼ਾਮਲ ਕੀਤੀਆਂ ਗਈਆਂ ਹਨ।

### ਭਾਰਤ ਤੇ ਬ੍ਰਾਜ਼ੀਲ ਦੀ ਪ੍ਰਣਾਲੀ ਦਾ ਵੀ ਜ਼ਿਕਰ

ਅਮਰੀਕੀ ਪ੍ਰਸ਼ਾਸਨ ਨੇ ਚੋਣ ਪ੍ਰਣਾਲੀ ਵਿੱਚ ਵੋਟਰ ਪਛਾਣ ਨੂੰ ਲੈ ਕੇ ਹੋਰ ਦੇਸ਼ਾਂ ਦੀਆਂ ਉਦਾਹਰਨਾਂ ਵੀ ਦਿੱਤੀਆਂ ਹਨ। ਪ੍ਰਸ਼ਾਸਨ ਵੱਲੋਂ ਭਾਰਤ ਅਤੇ ਬ੍ਰਾਜ਼ੀਲ ਦਾ ਹਵਾਲਾ ਦਿੰਦਿਆਂ ਕਿਹਾ ਗਿਆ ਕਿ ਇਨ੍ਹਾਂ ਦੇਸ਼ਾਂ ਵਿੱਚ ਵੋਟਰ ਪਛਾਣ ਪ੍ਰਣਾਲੀਆਂ ਨੂੰ ਬਾਇਓਮੈਟ੍ਰਿਕ ਡਾਟਾਬੇਸ ਨਾਲ ਜੋੜਿਆ ਜਾਂਦਾ ਹੈ।

ਇਸ ਦੇ ਉਲਟ ਅਮਰੀਕੀ ਚੋਣ ਪ੍ਰਣਾਲੀ ਵਿੱਚ ਨਾਗਰਿਕਤਾ ਦੀ ਪੁਸ਼ਟੀ ਲਈ ਕਈ ਮਾਮਲਿਆਂ ਵਿੱਚ ਸਵੈ-ਘੋਸ਼ਣਾ ’ਤੇ ਨਿਰਭਰਤਾ ਦਾ ਹਵਾਲਾ ਦਿੱਤਾ ਗਿਆ ਹੈ। ਟਰੰਪ ਪ੍ਰਸ਼ਾਸਨ ਇਸੇ ਮੁੱਦੇ ਨੂੰ ਚੋਣ ਪ੍ਰਕਿਰਿਆ ਵਿੱਚ ਹੋਰ ਸਖ਼ਤ ਪਛਾਣ ਅਤੇ ਨਾਗਰਿਕਤਾ ਜਾਂਚ ਲਾਗੂ ਕਰਨ ਲਈ ਆਪਣੀ ਦਲੀਲ ਵਜੋਂ ਪੇਸ਼ ਕਰ ਰਿਹਾ ਹੈ।

### ਬਿੱਲ ਰਾਹੀਂ ਗੈਰ-ਨਾਗਰਿਕਾਂ ਨੂੰ ਵੋਟਰ ਸੂਚੀਆਂ ਤੋਂ ਹਟਾਉਣ ਦੀ ਤਜਵੀਜ਼

ਇਹ ਬਿੱਲ 29 ਜਨਵਰੀ ਨੂੰ ਪੇਸ਼ ਕੀਤਾ ਗਿਆ ਸੀ। ਇਸ ਤਹਿਤ ਰਾਜਾਂ ਨੂੰ ਵੋਟਰ ਸੂਚੀਆਂ ਵਿੱਚੋਂ ਗੈਰ-ਨਾਗਰਿਕਾਂ ਦੇ ਨਾਂ ਹਟਾਉਣ ਸਬੰਧੀ ਹਦਾਇਤਾਂ ਦੇਣ ਦੀ ਵੀ ਤਜਵੀਜ਼ ਹੈ।

ਟਰੰਪ ਵੱਲੋਂ ਭਾਰਤ ਦੀ ਚੋਣ ਪ੍ਰਣਾਲੀ ਦਾ ਹਵਾਲਾ ਦੇ ਕੇ ਸ਼ਅਡ਼ਓ ਅਮਏਰਿਚਓ ਅਚਟ ਨੂੰ ਸਮਰਥਨ ਦੇਣ ਦੀ ਕੋਸ਼ਿਸ਼ ਨਾਲ ਅਮਰੀਕਾ ਵਿੱਚ ਵੋਟਰ ਪਛਾਣ, ਨਾਗਰਿਕਤਾ ਦੀ ਪੁਸ਼ਟੀ ਅਤੇ ਡਾਕ ਰਾਹੀਂ ਵੋਟਿੰਗ ਦੇ ਨਿਯਮਾਂ ਨੂੰ ਲੈ ਕੇ ਚੱਲ ਰਹੀ ਬਹਿਸ ਮੁੜ ਤੇਜ਼ ਹੋ ਗਈ ਹੈ। ਹੁਣ ਇਸ ਬਿੱਲ ਨੂੰ ਅਮਰੀਕੀ ਕਾਂਗਰਸ ਵਿੱਚ ਕਿੰਨਾ ਸਮਰਥਨ ਮਿਲਦਾ ਹੈ, ਇਸ ’ਤੇ ਨਜ਼ਰ ਰਹੇਗੀ।

## ਢਾਹਾਂ ਪ੍ਰਾਈਜ਼ 2026: ਤਿੰਨ ਸਿਖਰਲੇ ਲਿਖਾਰੀਆਂ ਦੀ ਚੋਣ, ਪਹਿਲੇ ਸਥਾਨ ਲਈ 25 ਹਜ਼ਾਰ ਡਾਲਰ ਦਾ ਇਨਾਮ



ਅੰਬਰ ਹੁਸੈਨੀ | ਅਕਮਲ ਸ਼ਹਿਜ਼ਾਦ ਘੁੰਮਣ | ਰਾਜਪ੍ਰੀਤ ਕੌਰ ਬੈਨੀਪਾਲ

### ਢਾਹਾਂ ਪ੍ਰਾਈਜ਼ 2026: ਤਿੰਨ ਸਾਹਿਤਕਾਰ ਸਨਮਾਨਿਤ ਹੋਣਗੇ

ਢਾਹਾਂ ਪ੍ਰਾਈਜ਼ ਵੱਲੋਂ ਗੁਰਮੁਖੀ ਅਤੇ ਸ਼ਾਹਮੁਖੀ ਸਾਹਿਤ ਵਿੱਚ ਯੋਗਦਾਨ ਲਈ ਰਾਜਪ੍ਰੀਤ ਕੌਰ ਬੈਨੀਪਾਲ, ਅੰਬਰ ਹੁਸੈਨੀ ਅਤੇ ਅਕਮਲ ਸ਼ਹਿਜ਼ਾਦ ਘੁੰਮਣ ਦੀਆਂ ਰਚਨਾਵਾਂ ਨੂੰ ਸਿਖਰਲੇ ਤਿੰਨ ਵਿੱਚ ਚੁਣਿਆ ਗਿਆ ਹੈ। ਪਹਿਲੇ ਸਥਾਨ ਵਾਲੇ ਨੂੰ 25 ਹਜ਼ਾਰ ਡਾਲਰ, ਜਦਕਿ ਬਾਕੀ ਦੋ ਸਾਹਿਤਕਾਰਾਂ ਨੂੰ 10-10 ਹਜ਼ਾਰ ਡਾਲਰ ਮਿਲਣਗੇ। ਇਨਾਮ ਵੰਡ ਸਮਾਗਮ 18 ਨਵੰਬਰ ਨੂੰ ਸਰੀ ਵਿੱਚ ਹੋਵੇਗਾ। ਇਸ ਸਾਲ ਵੱਖ-ਵੱਖ ਦੇਸ਼ਾਂ ਤੋਂ ਕੁੱਲ 58 ਕਿਤਾਬਾਂ ਮੁਕਾਬਲੇ ਵਿੱਚ ਸ਼ਾਮਲ ਹੋਈਆਂ।

**ਸਰੀ –** ਪੰਜਾਬੀ ਅਤੇ ਸ਼ਾਹਮੁਖੀ ਸਾਹਿਤ ਵਿੱਚ ਮਿਆਰੀ ਰਚਨਾਵਾਂ ਰਾਹੀਂ ਮਹੱਤਵਪੂਰਨ ਯੋਗਦਾਨ ਪਾਉਣ ਵਾਲੇ ਲਿਖਾਰੀਆਂ ਨੂੰ ਉਤਸ਼ਾਹਿਤ ਕਰਨ ਲਈ ਦਿੱਤਾ ਜਾਂਦਾ ਢਾਹਾਂ ਪ੍ਰਾਈਜ਼ 2026 ਲਈ ਇਸ ਸਾਲ ਦੇ ਸਿਖਰਲੇ ਤਿੰਨ ਲਿਖਾਰੀਆਂ ਦੀ ਚੋਣ ਦਾ ਐਲਾਨ ਕਰ ਦਿੱਤਾ ਗਿਆ ਹੈ। ਇਨ੍ਹਾਂ ਤਿੰਨਾਂ ਵਿੱਚੋਂ ਪਹਿਲੇ ਸਥਾਨ ’ਤੇ ਰਹਿਣ ਵਾਲੇ ਲਿਖਾਰੀ ਨੂੰ 25 ਹਜ਼ਾਰ ਡਾਲਰ, ਜਦਕਿ ਬਾਕੀ ਦੋ ਲਿਖਾਰੀਆਂ ਨੂੰ 10-10 ਹਜ਼ਾਰ ਡਾਲਰ ਦੇ ਇਨਾਮ ਨਾਲ ਸਨਮਾਨਿਤ ਕੀਤਾ ਜਾਵੇਗਾ।

ਇਨਾਮ ਵੰਡ ਸਮਾਗਮ 18 ਨਵੰਬਰ ਨੂੰ ਸਰੀ ਵਿੱਚ ਕਰਵਾਇਆ ਜਾਵੇਗਾ। ਢਾਹਾਂ ਫਾਊਂਡੇਸ਼ਨ ਦੇ ਮੁਖੀ ਬਰਜਿੰਦਰ ਸਿੰਘ ਢਾਹਾਂ (ਬਰਜ ਢਾਹਾਂ) ਨੇ ਸਿਖਰਲੇ ਤਿੰਨ ਲਿਖਾਰੀਆਂ ਦੇ ਨਾਵਾਂ ਦਾ ਐਲਾਨ ਕਰਦਿਆਂ ਦੱਸਿਆ ਕਿ ਇਸ ਸਾਲ ਪ੍ਰਾਪਤ ਹੋਈਆਂ 58 ਪੁਸਤਕਾਂ ਵਿੱਚੋਂ ਸਰਗੋਧਾ ਦੇ ਰਹਿਣ ਵਾਲੇ ਅੰਬਰ ਹੁਸੈਨੀ ਦੇ ਸ਼ਾਹਮੁਖੀ ਵਿੱਚ ਲਿਖੇ ਨਾਵਲ ‘ਨਵਾਂ ਪਿੰਡ’, ਇਸਲਾਮਾਬਾਦ ਦੇ ਅਕਮਲ ਸ਼ਹਿਯਾਦ ਘੁੰਮਣ ਦੇ ਸ਼ਾਹਮੁਖੀ ਨਾਵਲ ‘ਪਰਛਾਵਾਂ’ ਅਤੇ ਖੰਨੇ ਦੀ ਪੰਜਾਬੀ ਲੇਖਕਾ ਰਾਜਪ੍ਰੀਤ ਕੌਰ ਬੈਨੀਪਾਲ ਦੇ ਕਹਾਣੀ ਸੰਗ੍ਰਹਿ ‘ਕਬਰਾਂ ਵਿੱਚ ਉੱਘੇ ਫੁੱਲ’ ਨੂੰ ਸਿਖਰਲੇ ਤਿੰਨ ਲਿਖਾਰੀਆਂ ਦੀਆਂ ਰਚਨਾਵਾਂ ਵਜੋਂ ਚੁਣਿਆ ਗਿਆ ਹੈ।

ਇਨ੍ਹਾਂ ਤਿੰਨਾਂ ਵਿੱਚੋਂ ਜਿਹੜਾ ਲਿਖਾਰੀ ਪਹਿਲਾ ਸਥਾਨ ਹਾਸਲ ਕਰੇਗਾ, ਉਸ ਨੂੰ 25 ਹਜ਼ਾਰ ਡਾਲਰ ਦਾ ਮੁੱਖ ਇਨਾਮ ਦਿੱਤਾ ਜਾਵੇਗਾ। ਦੂਜੇ ਅਤੇ ਤੀਜੇ ਸਥਾਨ ’ਤੇ ਰਹਿਣ ਵਾਲੇ ਦੋ ਲਿਖਾਰੀਆਂ ਨੂੰ 10-10 ਹਜ਼ਾਰ ਡਾਲਰ ਦੇ ਇਨਾਮ ਦਿੱਤੇ ਜਾਣਗੇ।

ਇਸ ਤੋਂ ਇਲਾਵਾ ਸਾਹਿਤਕ ਰਚਨਾਵਾਂ ਦੇ ਹੋਰ ਭਾਸ਼ਾਵਾਂ ਵਿੱਚ ਅਨੁਵਾਦ ਨੂੰ ਉਤਸ਼ਾਹਿਤ ਕਰਨ ਲਈ ਤਿੰਨ ਵੱਖ-ਵੱਖ ਲਿਖਾਰੀਆਂ ਨੂੰ 2-2 ਹਜ਼ਾਰ ਡਾਲਰ ਦੇ ਅਨੁਵਾਦ ਇਨਾਮ ਵੀ ਦਿੱਤੇ ਜਾਣਗੇ। ਇਸ ਪਹਿਲ ਦਾ ਮਕਸਦ ਪੰਜਾਬੀ ਅਤੇ ਸ਼ਾਹਮੁਖੀ ਸਾਹਿਤ ਨੂੰ ਵੱਖ-ਵੱਖ ਭਾਸ਼ਾਵਾਂ ਦੇ ਪਾਠਕਾਂ ਤੱਕ ਪਹੁੰਚਾਉਣਾ ਅਤੇ ਪੰਜਾਬੀ ਸਾਹਿਤ ਦੇ ਵਿਸ਼ਵ ਪੱਧਰੀ ਪਸਾਰ ਨੂੰ ਹੋਰ ਮਜ਼ਬੂਤ ਕਰਨਾ ਹੈ।

ਬਰਜਿੰਦਰ ਸਿੰਘ ਢਾਹਾਂ ਨੇ ਦੱਸਿਆ ਕਿ ਪੰਜਾਬੀ ਅਤੇ ਸ਼ਾਹਮੁਖੀ ਲਿਖਾਰੀਆਂ ਨੂੰ ਉਤਸ਼ਾਹਿਤ ਕਰਨ ਲਈ ਸ਼ੁਰੂ ਕੀਤਾ ਗਿਆ ਢਾਹਾਂ ਪ੍ਰਾਈਜ਼ ਆਪਣੇ ਆਪ ਵਿੱਚ ਵਿਸ਼ਵ ਪੱਧਰ ’ਤੇ ਸਭ ਤੋਂ ਵੱਡੇ ਸਾਹਿਤਕ ਇਨਾਮਾਂ ਵਿੱਚੋਂ ਇੱਕ ਹੈ। ਉਨ੍ਹਾਂ ਨੇ ਇਸ ਉਪਰਾਲੇ ’ਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਪਿਛਲੇ 13 ਸਾਲਾਂ ਦੌਰਾਨ ਵੰਡੇ ਗਏ ਇਨ੍ਹਾਂ ਇਨਾਮਾਂ ਨੇ ਪੰਜਾਬੀ ਅਤੇ ਸ਼ਾਹਮੁਖੀ ਸਾਹਿਤਕਾਰਾਂ ਵਿੱਚ ਚੰਗੇ ਅਤੇ ਮਿਆਰੀ ਸਾਹਿਤ ਪ੍ਰਤੀ ਚੇਤਨਾ ਨੂੰ ਹੋਰ ਮਜ਼ਬੂਤ ਕੀਤਾ ਹੈ।

ਉਨ੍ਹਾਂ ਦੱਸਿਆ ਕਿ ਇਸ ਸਾਲ ਢਾਹਾਂ ਪ੍ਰਾਈਜ਼ ਲਈ ਭਾਰਤ, ਪਾਕਿਸਤਾਨ, ਬ੍ਰਿਟੇਨ, ਅਮਰੀਕਾ, ਕੈਨੇਡਾ ਅਤੇ ਆਸਟਰੇਲੀਆ ਵਿੱਚ ਰਹਿੰਦੇ ਲਿਖਾਰੀਆਂ ਵੱਲੋਂ ਕੁੱਲ 58 ਪੁਸਤਕਾਂ ਭੇਜੀਆਂ ਗਈਆਂ ਸਨ। ਇਨ੍ਹਾਂ ਪੁਸਤਕਾਂ ਦਾ ਮੁਲਾਂਕਣ ਨਾਮਵਰ ਲਿਖਾਰੀਆਂ, ਸਾਹਿਤਕਾਰਾਂ ਅਤੇ ਚਿੰਤਕਾਂ ਵੱਲੋਂ ਕੀਤਾ ਗਿਆ। ਮੁਲਾਂਕਣ ਦੀ ਪ੍ਰਕਿਰਿਆ ਤੋਂ ਬਾਅਦ ਤਿੰਨ ਰਚਨਾਵਾਂ ਨੂੰ ਇਸ ਸਾਲ ਦੀਆਂ ਸਿਖਰਲੀਆਂ ਰਚਨਾਵਾਂ ਵਜੋਂ ਚੁਣਿਆ ਗਿਆ ਹੈ।

ਢਾਹਾਂ ਫਾਊਂਡੇਸ਼ਨ ਵੱਲੋਂ ਪੰਜਾਬੀ ਅਤੇ ਸ਼ਾਹਮੁਖੀ ਸਾਹਿਤ ਨੂੰ ਵਿਸ਼ਵ ਪੱਧਰ ’ਤੇ ਪ੍ਰੋਤਸਾਹਿਤ ਕਰਨ ਲਈ ਕੀਤੇ ਜਾ ਰਹੇ ਇਸ ਉਪਰਾਲੇ ਵਿੱਚ ਕੁਝ ਵਿੱਤੀ ਸੰਸਥਾਵਾਂ ਵੱਲੋਂ ਵੀ ਸਹਿਯੋਗ ਦਿੱਤਾ ਜਾਂਦਾ ਹੈ। ਪਿਛਲੇ 13 ਸਾਲਾਂ ਦੌਰਾਨ ਇਸ ਪ੍ਰਾਈਜ਼ ਰਾਹੀਂ ਵੱਖ-ਵੱਖ ਲੇਖਕਾਂ ਅਤੇ ਉਨ੍ਹਾਂ ਦੀਆਂ ਰਚਨਾਵਾਂ ਨੂੰ ਵਿਸ਼ਵ ਪੱਧਰ ’ਤੇ ਪਛਾਣ ਮਿਲੀ ਹੈ ਅਤੇ ਪੰਜਾਬੀ ਸਾਹਿਤ ਦੇ ਦੋਵੇਂ ਲਿਪੀ ਰੂਪਾਂ ਨੂੰ ਅੰਤਰਰਾਸ਼ਟਰੀ ਪੱਧਰ ’ਤੇ ਉਤਸ਼ਾਹਿਤ ਕਰਨ ਵਿੱਚ ਇਸ ਦੀ ਅਹਿਮ ਭੂਮਿਕਾ ਰਹੀ ਹੈ।